14-JUNE-PAGE-1.qxd 6/13/2024 10:40 PM Page 1

ਸ਼ੁੱਕਰਵਾਰ, 14 ਜੂਨ, 2024
1 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 13

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 14 JUNE, 2024 ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10

## ਡੋਵਾਲ ਮੁੜ ਐੱਨ ਐੱਸ ਏ ਬਣੇ



**ਨਵੀਂ ਦਿੱਲੀ** : ਅਜੀਤ ਡੋਵਾਲ ਨੂੰ ਮੁੜ ਕੌਮੀ ਸੁਰੱਖਿਆ ਸਲਾਹਕਾਰ (ਐੱਨ ਐੱਸ ਏ) ਨਿਯੁਕਤ ਕੀਤਾ ਗਿਆ ਹੈ। ਕੈਬਨਿਟ ਦੀ ਨਿਯੁਕਤੀ ਕਮੇਟੀ ਨੇ 10 ਜੂਨ ਤੋਂ ਸਾਬਕਾ ਆਈ ਪੀ ਐੱਸ ਅਧਿਕਾਰੀ ਅਜੀਤ ਡੋਵਾਲ ਨੂੰ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਨਿਯੁਕਤ ਕੀਤਾ ਹੈ। ਡੋਵਾਲ ਨੂੰ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪੀ ਕੇ ਮਿਸ਼ਰਾ ਨੂੰ ਮੁੜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰਿੰਸੀਪਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਦੀ ਨਿਯੁਕਤੀ ਵੀ 10 ਜੂਨ ਤੋਂ ਕੀਤੀ ਗਈ ਹੈ।

## ਜੀ ਐੱਸ ਟੀ ਕੌਂਸਲ ਮੀਟਿੰਗ 22 ਨੂੰ

**ਨਵੀਂ ਦਿੱਲੀ** : ਜੀ ਐੱਸ ਟੀ ਕੌਂਸਲ ਦੀ 53ਵੀਂ ਬੈਠਕ 22 ਜੂਨ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਪ੍ਰਧਾਨਗੀ ਹੇਠ ਹੋਵੇਗੀ। ਲੋਕ ਸਭਾ ਚੋਣਾਂ ਤੋਂ ਬਾਅਦ ਕੌਂਸਲ ਦੀ ਇਹ ਪਹਿਲੀ ਮੀਟਿੰਗ ਹੈ।

## ਅੱਗ ਨਾਲ 2 ਬੱਚਿਆਂ ਸਣੇ 5 ਮਰੇ

**ਗਾਜ਼ੀਆਬਾਦ** : ਯੂ ਪੀ ਦੇ ਗਾਜ਼ੀਆਬਾਦ ਜ਼ਿਲ੍ਹੇ ਦੇ ਲੋਨੀ ਇਲਾਕੇ 'ਚ ਘਰ 'ਚ ਅੱਗ ਲੱਗਣ ਕਾਰਨ ਦੋ ਬੱਚਿਆਂ ਸਣੇ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਜ਼ਖਮੀ ਹੋ ਗਏ। ਹੇਠਲੀ ਮੰਜ਼ਲ 'ਚ ਅੱਗ ਲੱਗੀ ਅਤੇ ਉੱਪਰ ਮੌਜੂਦ ਲੋਕ ਫਸ ਗਏ। ਘਰ ਅੰਦਰ ਭਾਰੀ ਮਾਤਰਾ 'ਚ ਫੋਮ ਪਿਆ ਸੀ ਤੇ ਸ਼ੱਕ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ।

## ਆਈਸਕ੍ਰੀਮ 'ਚੋਂ ਉਂਗਲ ਨਿਕਲੀ



**ਮੁੰਬਈ** : ਮਲਾਡ ਇਲਾਕੇ ਦੇ 26 ਸਾਲਾ ਡਾਕਟਰ ਨੂੰ ਆਨਲਾਈਨ ਮੰਗਵਾਈ ਬਟਰਸਕੌਚ ਆਈਸ-ਕ੍ਰੀਮ ਕੋਨ 'ਚ ਨਹੁੰ ਸਮੇਤ ਮਾਸ ਦਾ ਟੁਕੜਾ ਮਿਲਿਆ। ਉਸ ਨੇ ਆਈਸਕ੍ਰੀਮ ਕੰਪਨੀ ਕੋਲ ਸ਼ਿਕਾਇਤ ਦਰਜ ਕਰਵਾਈ, ਪਰ ਕੰਪਨੀ ਨੇ ਕੋਈ ਢੁੱਕਵਾਂ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਉਹ ਮਾਸ ਦਾ ਟੁਕੜਾ ਲੈ ਕੇ ਮਲਾਡ ਥਾਣੇ ਪੁੱਜ ਗਿਆ। ਪੁਲਸ ਨੇ ਯੂਮੋ ਆਈਸਕ੍ਰੀਮ ਕੰਪਨੀ ਦੇ ਅਧਿਕਾਰੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਿਰਨ ਬੇਦੀ 'ਤੇ ਫਿਲਮ ਬਣੇਗੀ



**ਮੁੰਬਈ** : ਸਾਬਕਾ ਆਈ ਪੀ ਐੱਸ ਅਧਿਕਾਰੀ ਕਿਰਨ ਬੇਦੀ ਦੇ ਜੀਵਨ 'ਤੇ ਫਿਲਮ ਬਣਾਈ ਜਾ ਰਹੀ ਹੈ। ਫਿਲਮ 'ਬੇਦੀ : ਦਿ ਨੇਮ ਯੂ ਨੋ..ਦਿ ਸਟੋਰੀ ਯੂ ਡੌਂਟ' ਦੇ ਨਿਰਦੇਸ਼ਕ ਅਤੇ ਲੇਖਕ ਕੁਸ਼ਲ ਚਾਵਲਾ ਹਨ। ਫਿਲਮ ਬੇਦੀ ਦੀ ਜ਼ਿੰਦਗੀ ਦੇ ਉਸ ਪਹਿਲੂ ਨੂੰ ਸਾਹਮਣੇ ਲਿਆਏਗੀ, ਜਿਸ ਤੋਂ ਲੋਕ ਅਜੇ ਤੱਕ ਅਣਜਾਣ ਹਨ।

## 'ਹਮਾਰੇ ਬਾਰਹ' ਫਿਲਮ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅਨੂੰ ਕਪੂਰ ਦੀ ਫਿਲਮ 'ਹਮਾਰੇ ਬਾਰਹ' ਦੀ 14 ਜੂਨ ਨੂੰ ਰਿਲੀਜ਼ 'ਤੇ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਫਿਲਮ 'ਚ ਇਸਲਾਮ ਅਤੇ ਵਿਆਹੁਤਾ ਮੁਸਲਿਮ ਔਰਤਾਂ ਦਾ ਅਪਮਾਨ ਕਰਨ ਦੇ ਦੋਸ਼ਾਂ ਦਾ ਨੋਟਿਸ ਲਿਆ। ਪਟੀਸ਼ਨਰ ਅਜ਼ਹਰ ਬਾਸ਼ਾ ਤੰਬੋਲੀ ਵੱਲੋਂ ਪੇਸ਼ ਵਕੀਲ ਫੌਜੀਆ ਸ਼ਕੀਲ ਦੀਆਂ ਦਲੀਲਾਂ ਦਾ ਨੋਟਿਸ ਲੈਂਦਿਆਂ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਬੰਬੇ ਹਾਈ ਕੋਰਟ ਨੂੰ ਪਟੀਸ਼ਨ 'ਤੇ ਜਲਦੀ ਫੈਸਲਾ ਲੈਣ ਲਈ ਕਿਹਾ।

## ਦੱਖਣੀ ਸਰਹੱਦ ਸੀਲ ਕਰਨ 'ਤੇ ਬਾਇਡਨ ਪ੍ਰਸ਼ਾਸਨ ਖਿਲਾਫ ਕੇਸ

**ਵਾਸ਼ਿੰਗਟਨ** : ਪਰਵਾਸੀ ਅਧਿਕਾਰ ਸੰਗਠਨਾਂ ਦੇ ਸਮੂਹ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਹਾਲੀਆ ਨਿਰਦੇਸ਼ ਖਿਲਾਫ ਅਮਰੀਕੀ ਪ੍ਰਸ਼ਾਸਨ 'ਤੇ ਮੁਕੱਦਮਾ ਦਾਇਰ ਕੀਤਾ ਹੈ। ਬਾਇਡਨ ਨੇ ਦੱਖਣੀ ਸਰਹੱਦ 'ਤੇ ਸ਼ਰਨਾਰਥੀਆਂ ਦੇ ਦਾਖਲੇ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾ ਦਿੱਤੀ ਸੀ, ਜਿਸ ਦਾ ਸਮੂਹ ਨੇ ਵਿਰੋਧ ਕੀਤਾ ਹੈ ਤੇ ਦਾਅਵਾ ਕੀਤਾ ਹੈ ਕਿ ਰਾਸ਼ਟਰਪਤੀ ਦਾ ਫੈਸਲਾ ਟਰੰਪ ਪ੍ਰਸ਼ਾਸਨ ਦੌਰਾਨ ਚੁੱਕੇ ਕਦਮਾਂ ਤੋਂ ਵੱਖਰਾ ਨਹੀਂ ਹੈ। ਉਦੋਂ ਵੀ ਅਦਾਲਤਾਂ ਨੇ ਉਸ ਫੈਸਲੇ 'ਤੇ ਰੋਕ ਦਿੱਤੀ ਸੀ। ਲਾਸ ਅਮਰੀਕਾ ਇਮੀਗ੍ਰੇਂਟ ਐਡਵੋਕੇਸੀ ਸੈਂਟਰ ਅਤੇ ਆਰ ਏ ਆਈ ਸੀ ਈ ਐੱਸ ਦੀ ਤਰਫੋਂ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਤੇ ਹੋਰਾਂ ਨੇ ਇਹ ਕੇਸ ਦਾਇਰ ਕੀਤਾ ਹੈ।

## ਦਹਿਸ਼ਤਗਰਦਾਂ ਦੀ ਭਾਲ

**ਜੰਮੂ** : ਡੋਡਾ ਅਤੇ ਰਿਆਸੀ 'ਚ ਹਮਲੇ ਕਰਨ ਵਾਲੇ ਦਹਿਸ਼ਤਗਰਦਾਂ ਦਾ ਪਤਾ ਲਗਾਉਣ ਲਈ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਵੀਰਵਾਰ ਵੀ ਜਾਰੀ ਰਹੀ। ਪਿਛਲੇ ਚਾਰ ਦਿਨਾਂ ਦੌਰਾਨ ਰਿਆਸੀ, ਕਠੂਆ ਅਤੇ ਡੋਡਾ ਜ਼ਿਲ੍ਹਿਆਂ 'ਚ ਚਾਰ ਹਮਲਿਆਂ ਵਿਚ 9 ਸ਼ਰਧਾਲੂਆਂ ਤੇ ਸੀ ਆਰ ਪੀ ਐੱਫ ਜਵਾਨ ਦੀ ਮੌਤ ਹੋ ਗਈ ਅਤੇ 7 ਸੁਰੱਖਿਆ ਕਰਮਚਾਰੀਆਂ ਸਣੇ ਕਈ ਹੋਰ ਜ਼ਖਮੀ ਹੋ ਗਏ। ਪੁਲਸ ਨੇ ਹਮਲਿਆਂ 'ਚ ਸ਼ਾਮਲ ਚਾਰ ਦਹਿਸ਼ਤਗਰਦਾਂ ਦੇ ਸਕੈੱਚ ਜਾਰੀ ਕੀਤੇ ਹਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਸੂਚਨਾ ਦੇਣ ਵਾਲੇ ਨੂੰ 20 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ।

# ਜਿਨਸੀ ਸ਼ੋਸ਼ਣ ਕੇਸ 'ਚ ਯੇਦੀਯੁਰੱਪਾ ਦੇ ਗੈਰ-ਜ਼ਮਾਨਤੀ ਵਾਰੰਟ

**ਬੇਂਗਲੁਰੂ** : ਸਥਾਨਕ ਅਦਾਲਤ ਨੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਬੀ ਐੱਸ ਯੇਦੀਯੁਰੱਪਾ ਖਿਲਾਫ ਵੀਰਵਾਰ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤਾ।

ਇਸ ਤੋਂ ਪਹਿਲਾਂ ਕਰਨਾਟਕ ਦੇ ਗ੍ਰਹਿ ਮੰਤਰੀ ਜੀ ਪਰਮੇਸ਼ਵਰ ਨੇ ਤੁਮਕੁਰੂ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ 81 ਸਾਲਾ ਯੇਦੀਯੁਰੱਪਾ ਖਿਲਾਫ ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਆਫੈਂਸ (ਪੋਕਸੋ) ਐਕਟ ਤਹਿਤ ਜਾਂਚ ਕਰ ਰਹੀ ਸੀ ਆਈ ਡੀ ਨੇ ਉਨ੍ਹਾ ਨੂੰ ਪੁੱਛ-ਪੜਤਾਲ ਲਈ ਹਾਜ਼ਰ ਹੋਣ ਲਈ ਨੋਟਿਸ ਜਾਰੀ ਕੀਤਾ ਹੈ ਅਤੇ ਜੇ ਲੋੜ ਪਈ ਤਾਂ ਇਸ ਭਾਜਪਾ ਨੇਤਾ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ- ਨੋਟਿਸ ਭੇਜ ਦਿੱਤਾ ਗਿਆ ਹੈ ਅਤੇ ਚਾਰਜਸ਼ੀਟ 15 ਜੂਨ ਤੱਕ ਦਾਖਲ ਕੀਤੀ ਜਾਣੀ ਹੈ।

ਪੁਲਸ ਨੇ 17 ਸਾਲਾ ਕੁੜੀ ਦੀ ਮਾਂ ਦੀ ਸ਼ਿਕਾਇਤ 'ਤੇ ਯੇਦੀਯੁਰੱਪਾ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 354 ਏ (ਜਿਨਸੀ ਸ਼ੋਸ਼ਣ) ਅਤੇ ਪੋਕਸੋ ਤਹਿਤ ਮਾਮਲਾ ਦਰਜ ਕੀਤਾ ਸੀ। ਔਰਤ ਨੇ ਦੋਸ਼ ਲਗਾਇਆ ਸੀ ਕਿ ਇਸ ਸਾਲ 2 ਫਰਵਰੀ ਨੂੰ ਯੇਦੀਯੁਰੱਪਾ ਨੇ ਆਪਣੀ



ਰਿਹਾਇਸ਼ 'ਤੇ ਮੁਲਾਕਾਤ ਦੌਰਾਨ ਉਸ ਦੀ ਧੀ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਧੀ ਉਸ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਯੇਦੀਯੁਰੱਪਾ ਕੋਲ ਮਦਦ ਮੰਗਣ ਗਈ ਸੀ। ਯੇਦੀਯੁਰੱਪਾ ਨੇ ਖੁਦ ਉਸ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਕਮਰੇ ਵਿੱਚੋਂ ਭੱਜ ਕੇ ਬਾਹਰ ਆਈ ਤੇ ਫਿਰ ਉਸ ਨੇ ਉਸ ਨੂੰ ਸਾਰੀ ਕਹਾਣੀ ਦੱਸੀ। 14 ਮਾਰਚ ਨੂੰ ਕੇਸ ਦਰਜ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਕਰਨਾਟਕ ਦੇ ਡੀ ਜੀ ਪੀ ਨੇ ਤੁਰੰਤ ਜਾਂਚ ਲਈ ਕੇਸ ਸੀ ਆਈ ਡੀ ਨੂੰ ਸੌਂਪਣ ਦੇ ਆਦੇਸ਼ ਜਾਰੀ ਕੀਤੇ ਸਨ। ਯੇਦੀਯੁਰੱਪਾ 'ਤੇ ਦੋਸ਼ ਲਗਾਉਣ ਵਾਲੀ 54 ਸਾਲਾ ਔਰਤ ਦੀ ਪਿਛਲੇ ਮਹੀਨੇ ਫੇਫੜਿਆਂ ਦੇ ਕੈਂਸਰ ਨਾਲ ਮੌਤ ਹੋ ਗਈ ਸੀ। ਯੇਦੀਯੁਰੱਪਾ ਦੋਸ਼ਾਂ ਨੂੰ ਰੱਦ ਕਰਦੇ ਆ ਰਹੇ ਹਨ।

# 1563 ਨੀਟ ਪ੍ਰੀਖਿਆਰਥੀਆਂ ਦੇ ਗ੍ਰੇਸ ਨੰਬਰ ਰੱਦ

**ਨਵੀਂ ਦਿੱਲੀ** : ਕੇਂਦਰ ਨੇ ਬੁੱਧਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਨੀਟ-ਯੂ ਜੀ 2024 ਦੇ 1,563 ਉਮੀਦਵਾਰਾਂ ਨੂੰ ਗ੍ਰੇਸ ਅੰਕ ਦੇਣ ਦਾ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ ਤੇ ਜਿਨ੍ਹਾਂ 1,563 ਵਿਦਿਆਰਥੀਆਂ ਨੂੰ ਗ੍ਰੇਸ ਅੰਕ ਦਿੱਤੇ ਗਏ ਸਨ, ਉਨ੍ਹਾਂ ਨੂੰ 23 ਜੂਨ ਨੂੰ ਮੁੜ ਪ੍ਰੀਖਿਆ ਦੇਣ ਦਾ ਮੌਕਾ ਦਿੱਤਾ ਜਾਵੇਗਾ। ਇਸ ਦੌਰਾਨ ਕੇਂਦਰ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ 30 ਜੂਨ ਨੂੰ ਆਵੇਗਾ। ਐੱਮ ਬੀ ਬੀ ਐੱਸ, ਬੀ ਡੀ ਐੱਸ ਅਤੇ ਹੋਰ ਕੋਰਸਾਂ 'ਚ ਦਾਖਲੇ ਲਈ ਕਾਉਂਸਲਿੰਗ 6 ਜੁਲਾਈ ਤੋਂ ਸ਼ੁਰੂ ਹੋਵੇਗੀ। ਕੇਂਦਰ ਨੇ ਕਿਹਾ ਕਿ ਜੇ ਇਨ੍ਹਾਂ ਪ੍ਰੀਖਿਆਰਥੀਆਂ ਵਿੱਚੋਂ ਕੋਈ ਮੁੜ ਪ੍ਰੀਖਿਆ ਨਹੀਂ ਦੇਣਾ ਚਾਹੁੰਦਾ ਤਾਂ ਉਸ ਦਾ ਬਿਨਾਂ ਗ੍ਰੇਸ ਮਾਰਕ ਦੇ ਨਵਾਂ ਨੰਬਰ ਕਾਰਡ ਜਾਰੀ ਕੀਤਾ ਜਾਵੇਗਾ।




ਦੂਜੇ ਪਾਸੇ ਅਦਾਲਤ ਨੇ ਕਿਹਾ ਕਿ ਪ੍ਰੀਖਿਆ 'ਚ ਧਾਂਦਲੀ ਦੇ ਦੋਸ਼ਾਂ ਦੇ ਮੱਦੇਨਜ਼ਰ ਇਸ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਸਮੇਤ ਸਾਰੀਆਂ ਪਟੀਸ਼ਨਾਂ ਦੀ ਸੁਣਵਾਈ 8 ਜੁਲਾਈ ਨੂੰ ਹੋਵੇਗੀ।

ਸੁਪਰੀਮ ਕੋਰਟ ਵਿਚ ਤਿੰਨ ਪਟੀਸ਼ਨਾਂ ਦਾਖਲ ਹਨ। ਇਕ ਵਿਚ ਕਿਹਾ ਗਿਆ ਹੈ ਕਿ 1563 ਵਿਦਿਆਰਥੀਆਂ ਨੂੰ ਗ੍ਰੇਸ ਮਾਰਕ ਦੇਣਾ ਗਲਤ ਹੈ। ਦੂਜੀ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਨਤੀਜੇ ਦੇ ਆਧਾਰ 'ਤੇ ਹੋ ਰਹੀ ਕਾਉਂਸਲਿੰਗ ਰੋਕੀ ਜਾਵੇ। ਤੀਜੀ ਵਿਚ ਕਿਹਾ ਗਿਆ ਹੈ ਕਿ ਪੰਜ ਮਈ ਨੂੰ ਹੋਈ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਲੀਕ ਹੋਇਆ ਸੀ, ਜਿਸ ਕਰਕੇ ਪ੍ਰੀਖਿਆ ਰੱਦ ਕਰਕੇ ਦੁਬਾਰਾ ਕਰਵਾਈ ਜਾਵੇ। ਕਾਉਂਸਲਿੰਗ 'ਤੇ ਰੋਕ ਲਾਉਣ ਤੋਂ ਸੁਪਰੀਮ ਕੋਰਟ ਪਹਿਲਾਂ ਹੀ ਨਾਂਹ ਕਰ ਚੁੱਕੀ ਹੈ।

ਇਸੇ ਦੌਰਾਨ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਕਿਹਾ ਕਿ ਐੱਨ ਟੀ ਏ 'ਚ ਭ੍ਰਿਸ਼ਟਾਚਾਰ ਦੇ ਦੋਸ਼ ਬੇਬੁਨਿਆਦ ਹਨ, ਇਹ ਭਰੋਸੇਯੋਗ ਸੰਸਥਾ ਹੈ। ਇਸ ਦੇ ਨਾਲ ਮੰਤਰੀ ਨੇ ਦਾਅਵਾ ਕੀਤਾ ਕਿ ਨੀਟ-ਗ੍ਰੈਜੂਏਟ ਪ੍ਰੀਖਿਆ 'ਚ ਪ੍ਰਸ਼ਨ ਪੱਤਰ ਲੀਕ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਕਿਸੇ ਵੀ ਵਿਦਿਆਰਥੀ ਦਾ ਕੋਈ ਨੁਕਸਾਨ ਨਹੀਂ ਹੋਵੇਗਾ।

ਉਧਰ, ਕਾਂਗਰਸ ਸਾਂਸਦ ਗੌਰਵ ਗੋਗੋਈ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਗ੍ਰੇਸ ਨੰਬਰ ਵਾਪਸ ਲੈਣ ਦੀ ਹੀ ਗੱਲ ਕੀਤੀ ਹੈ, ਵੱਡੀ ਪੱਧਰ 'ਤੇ ਹੋਏ ਸਕੈਂਡਲ ਬਾਰੇ ਕੁਝ ਨਹੀਂ ਦੱਸਿਆ।

ਉਨ੍ਹਾ ਕਾਂਗਰਸ ਦੀ ਮੰਗ ਦੁਹਰਾਈ ਕਿ ਕਰੀਬ 24 ਲੱਖ ਪ੍ਰੀਖਿਆਰਥੀਆਂ ਨਾਲ ਧੋਖਾ ਹੋਇਆ ਹੈ ਤੇ ਇਸ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਵਿਚ ਜਾਂਚ ਹੋਣੀ ਚਾਹੀਦੀ ਹੈ। ਆਮ ਪਰਵਾਰਾਂ ਨੇ ਬੱਚਿਆਂ ਦੇ ਭਵਿੱਖ ਲਈ 30 ਲੱਖ ਰੁਪਏ ਤੱਕ ਖਰਚੇ ਹਨ।

## ਫੈਕਟਰੀ 'ਚ ਧਮਾਕੇ ਨਾਲ 5 ਔਰਤਾਂ ਸਣੇ 6 ਵਰਕਰਾਂ ਦੀ ਮੌਤ

**ਨਾਗਪੁਰ** : ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਨੇੜੇ ਧਮਾਕਾਖੇਜ ਸਮਗਰੀ ਬਣਾਉਣ ਵਾਲੀ ਇਕ ਫੈਕਟਰੀ 'ਚ ਵੀਰਵਾਰ ਬਾਅਦ ਦੁਪਹਿਰ ਹੋਏ ਧਮਾਕੇ 'ਚ ਪੰਜ ਔਰਤਾਂ ਸਣੇ ਛੇ ਵਰਕਰਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਇਹ ਘਟਨਾ ਇੱਥੋਂ ਕਰੀਬ 25 ਕਿਲੋਮੀਟਰ ਦੂਰ ਹਿੰਗਨਾ ਥਾਣੇ ਦੇ ਅਧਿਕਾਰ ਖੇਤਰ 'ਚ ਆਉਂਦੇ ਪਿੰਡ ਧਮਨਾ 'ਚ ਸਥਿਤ ਚਾਮੁੰਡੀ ਐਕਸਪਲੋਸਿਵ ਪ੍ਰਾਈਵੇਟ ਲਿਮਿਟਡ ਨਾਂਅ ਦੀ ਫੈਕਟਰੀ 'ਚ ਵਾਪਰੀ। ਨਾਗਪੁਰ ਦੇ ਪੁਲਸ ਕਮਿਸ਼ਨਰ ਰਵਿੰਦਰ ਸਿੰਘਲ ਨੇ ਦੱਸਿਆ ਕਿ 9 ਜ਼ਖਮੀਆਂ ਨੂੰ ਸ਼ਹਿਰ ਦੇ ਦੋ ਨਿੱਜੀ ਹਸਪਤਾਲਾਂ 'ਚ ਲਿਜਾਇਆ ਗਿਆ। ਜ਼ਖਮੀਆਂ ਵਿੱਚੋਂ ਪੰਜ ਔਰਤਾਂ ਅਤੇ ਇਕ ਪੁਰਸ਼ ਦੀ ਇਲਾਜ ਦੌਰਾਨ ਮੌਤ ਹੋ ਗਈ। ਇਕ ਹੋਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਜਿਸ ਵੇਲੇ ਧਮਾਕਾ ਹੋਇਆ, ਉਦੋਂ ਜ਼ਿਆਦਾਤਰ ਮਜ਼ਦੂਰ ਧਮਾਕਾਖੇਜ ਸਮਗਰੀ ਦੀ ਪੈਕਿੰਗ ਕਰ ਰਹੇ ਸਨ।

## ਚਰਨਜੀਤ ਬਰਾੜ ਵੱਲੋਂ ਸੁਖਬੀਰ ਬਾਦਲ ਨੂੰ ਪੰਚ ਪ੍ਰਧਾਨੀ ਬਣਾਉਣ ਦਾ ਮਸ਼ਵਰਾ

**ਚੰਡੀਗੜ੍ਹ** : ਅਕਾਲੀ ਦਲ ਕੋਰ ਕਮੇਟੀ ਦੀ ਮੀਟਿੰਗ ਮੌਕੇ ਸੁਖਬੀਰ ਬਾਦਲ ਦੇ ਖਾਸ ਸਮਝੇ ਜਾਂਦੇ ਚਰਨਜੀਤ ਸਿੰਘ ਬਰਾੜ ਨੇ ਪਾਰਟੀ ਦੇ ਵਡੇਰੇ ਹਿੱਤਾਂ ਲਈ ਇਕ ਪੰਚ ਪ੍ਰਧਾਨੀ ਬਣਾਉਣ ਦੀ ਮੰਗ ਕਰ ਦਿੱਤੀ। ਬਰਾੜ ਨੇ ਸੁਖਬੀਰ ਬਾਦਲ ਨੂੰ ਖੁੱਲ੍ਹਾ ਪੱਤਰ ਲਿਖ ਕੇ ਕਿਹਾ-ਮੈਂ ਇਲੈਕਸ਼ਨ ਦੇ ਅਗਲੇ ਦਿਨ ਤੋਂ ਤੁਹਾਨੂੰ ਮਿਲ ਕੇ ਬੇਨਤੀ ਕਰਨਾ ਚਾਹੁੰਦਾ ਸੀ, ਪਰ ਤੁਹਾਡੇ ਵੱਲੋਂ ਟਾਈਮ ਨਾ ਮਿਲਣ ਕਰਕੇ ਮੈਨੂੰ ਖੁੱਲ੍ਹੇ ਪੱਤਰ ਰਾਹੀਂ ਸੁਝਾਅ ਦੇਣੇ ਪੈ ਰਹੇ ਹਨ। ਜੋ ਮੈਂ ਲਿਖ ਰਿਹਾਂ, ਹੋ ਸਕਦਾ ਹੈ ਤੁਹਾਨੂੰ ਚੰਗਾ ਨਾ ਲੱਗੇ, ਪਰ ਪਾਰਟੀ ਦੇ ਵਡੇਰੇ ਹਿੱਤਾਂ ਲਈ ਤੁਹਾਨੂੰ ਸੁਝਾਅ ਦੇ ਰਿਹਾ ਹਾਂ, ਬੇਨਤੀ ਇਹ ਹੈ ਕਿ ਤੁਸੀਂ



ਪਾਰਟੀ ਪ੍ਰਧਾਨ ਬਣੇ ਰਹੋ, ਪਰ ਕਿਰਪਾ ਕਰਕੇ ਪਾਰਟੀ ਦੇ ਵਡੇਰੇ ਹਿੱਤਾਂ ਲਈ ਇਕ ਪੰਚ ਪ੍ਰਧਾਨੀ ਬਣਾ ਦਿਓ, ਜਿਸ 'ਚ ਬਲਵਿੰਦਰ ਸਿੰਘ ਭੂੰਦੜ ਕਨਵੀਨਰ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੈਂਬਰ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ, ਗੁਲਜ਼ਾਰ ਸਿੰਘ ਰਣੀਕੇ ਪ੍ਰਧਾਨ ਐੱਸ ਸੀ ਵਿੰਗ ਮੈਂਬਰ, ਹੀਰਾ ਸਿੰਘ ਗਾਬੜੀਆ ਪ੍ਰਧਾਨ ਬੀ ਸੀ ਵਿੰਗ ਮੈਂਬਰ, ਐੱਨ ਕੇ ਸ਼ਰਮਾ ਪ੍ਰਧਾਨ ਟਰੇਡ ਤੇ ਇੰਡਸਟਰੀ ਵਿੰਗ ਮੈਂਬਰ ਅਤੇ ਮੈਨੂੰ ਉਸ 'ਚ ਮੈਂਬਰ ਸਕੱਤਰ ਬਿਨਾਂ ਵੋਟ ਦੇ ਅਧਿਕਾਰ ਤੋਂ ਬਣਾ ਸਕਦੇ ਹੋ। ਇਹ ਐਲਾਨ ਕਰੋ ਕਿ ਇਹ ਪ੍ਰੀਜ਼ੀਡੀਅਮ 14 ਦਸੰਬਰ 2024 ਤੱਕ ਹੈ, ਜਦੋਂ ਤੱਕ ਨਵੀਂ ਭਰਤੀ ਹੋ ਕੇ ਨਵੇਂ ਡੈਲੀਗੇਟਾਂ ਰਾਹੀ ਨਵੇਂ ਪ੍ਰਧਾਨ ਦੀ ਚੋਣ ਨਾ ਹੋ ਜਾਵੇ। ਉਸ ਸਮੇਂ ਤੱਕ ਪਾਰਟੀ ਦੇ ਸਾਰੇ ਫੈਸਲੇ ਉਪਰੋਕਤ ਜਾਂ ਜਿਹੜੀ ਵੀ ਪ੍ਰੀਜ਼ੀਡੀਅਮ ਬਣੇ ਉਹ ਕਰੇਗੀ, ਜਿਸ 'ਚ ਆਉਣ ਵਾਲੇ ਬਾਈ ਇਲੈਕਸ਼ਨ ਲੜਨਾ, ਐੱਸ ਜੀ ਪੀ ਸੀ ਦੀਆਂ ਵੋਟਾਂ ਬਣਾਉਣਾ ਤੇ ਜੇਕਰ ਜਨਰਲ ਇਲੈਕਸ਼ਨ ਆਉਂਦੀ ਹੈ ਉਹ ਲੜਾਉਣੀ, ਜੇਕਰ ਜਨਰਲ ਚੋਣਾਂ ਨਹੀਂ ਆਉਂਦੀਆਂ ਤਾਂ ਨਵੰਬਰ 'ਚ ਐਸ ਜੀ ਪੀ ਸੀ ਮੈਂਬਰਾਂ ਤੋਂ ਐੱਸ ਜੀ ਪੀ ਸੀ ਪ੍ਰਧਾਨ ਤੇ ਅੰਤਰਿੰਗ ਕਮੇਟੀ ਦੀ ਚੋਣ ਕਰਾਉਣੀ, ਪਾਰਟੀ ਦੀ ਭਰਤੀ ਆਦਿ ਸਾਰੇ ਸਿਆਸੀ ਕੰਮ ਪ੍ਰੀਜ਼ੀਡੀਅਮ ਦੇਖੇਗੀ। ਤੁਸੀਂ ਕਹੋ ਕਿ ਮੈਨੂੰ ਜਿੱਥੇ ਪਾਰਟੀ ਹੁਕਮ ਕਰੇਗੀ, ਮੈਂ ਪਹਿਰਾ ਦੇਵਾਂਗਾ।

## ਡੀ ਜੀ ਪੀ ਵੱਲੋਂ ਨਸ਼ਿਆਂ ਤੇ ਗੈਂਗਸਟਰ ਕਲਚਰ ਨੂੰ ਖ਼ਤਮ ਕਰਨ ਦੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਪਨੇ ਅਨੁਸਾਰ ਪੰਜਾਬ ਨੂੰ ਨਸ਼ਿਆਂ ਅਤੇ ਸੰਗਠਿਤ ਅਪਰਾਧਾਂ ਤੋਂ ਮੁਕਤ ਕਰਨ ਲਈ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਵੀਡੀਓ ਕਾਨਫਰੰਸ ਰਾਹੀਂ ਸਟੇਸ਼ਨ ਹਾਊਸ ਅਫ਼ਸਰ (ਐੱਸ ਐੱਚ ਓਜ਼) ਰੈਂਕ ਤੱਕ ਦੇ ਸਾਰੇ ਸੀਨੀਅਰ ਅਧਿਕਾਰੀਆਂ ਦੀ ਸੂਬਾ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਉਨ੍ਹਾਂ ਨੂੰ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਖੁੱਲ੍ਹ ਦਿੱਤੀ। ਡੀ ਜੀ ਪੀ ਨੇ ਕਿਹਾ ਕਿ ਅਧਿਕਾਰੀ ਪੇਸ਼ੇਵਰਾਨਾ ਢੰਗ ਨਾਲ ਕੰਮ ਕਰਦਿਆਂ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਆਪਣੇ ਪੱਧਰ 'ਤੇ ਉਚਿਤ ਫੈਸਲੇ ਲੈ ਸਕਦੇ ਹਨ, ਜਿਸ ਦਾ ਉਹਨਾਂ ਵੱਲੋਂ ਪੂਰੀ ਤਰ੍ਹਾਂ ਸਮਰਥਨ ਕੀਤਾ ਜਾਵੇਗਾ।ਡੀ ਜੀ ਪੀ ਗੌਰਵ ਯਾਦਵ ਨੇ ਸਾਰੇ ਸੀ ਪੀਜ਼/ਐੱਸ ਐੱਸ ਪੀਜ਼ ਨੂੰ ਸੂਬੇ ਵਿੱਚੋਂ ਗੈਂਗਸਟਰ ਕਲਚਰ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯੂਨਿਟਾਂ ਨਾਲ ਤਾਲਮੇਲ ਕਰਕੇ ਕੰਮ ਕਰਨ ਦੇ ਹੁਕਮ ਵੀ ਦਿੱਤੇ ਹਨ। ਉਨ੍ਹਾ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਮਹੀਨਾਵਾਰ ਅਪਰਾਧ ਸਮੀਖਿਆ ਮੀਟਿੰਗਾਂ ਕਰਨ ਅਤੇ ਪੁਲਸ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਆਰਡਰਲੀ ਰੂਮ ਲਗਾਉਣ ਦੇ ਵੀ ਨਿਰਦੇਸ਼ ਦਿੱਤੇ।

## ਕੁਵੈਤ ਅੱਗ ਤ੍ਰਾਸਦੀ ਦੇ ਮ੍ਰਿਤਕਾਂ ਦਾ ਡੀ ਐੱਨ ਏ ਟੈਸਟ

**ਨਵੀਂ ਦਿੱਲੀ** : ਕੁਵੈਤ ਦੇ ਅਧਿਕਾਰੀ ਦੱਖਣੀ ਕੁਵੈਤ ਦੇ ਮੰਗਾਫ ਖੇਤਰ 'ਚ ਭਿਆਨਕ ਅੱਗ 'ਚ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਦੇ ਡੀ ਐੱਨ ਏ ਟੈਸਟ ਕਰਵਾ ਰਹੇ ਹਨ ਅਤੇ ਮਾਰੇ ਗਏ ਭਾਰਤੀਆਂ ਦੀਆਂ ਲਾਸ਼ਾਂ ਨੂੰ ਵਾਪਸ ਲਿਆਉਣ ਲਈ ਭਾਰਤੀ ਹਵਾਈ ਸੈਨਾ ਦਾ ਜਹਾਜ਼ ਤਿਆਰ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕੁਵੈਤ ਪੁੱਜ ਕੇ ਹਸਪਤਾਲ 'ਚ ਜ਼ਖਮੀ ਭਾਰਤੀਆਂ ਦਾ ਹਾਲ ਪੁੱਛਿਆ। ਉਹ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਨੂੰ ਜਲਦੀ ਵਾਪਸ ਲਿਆਉਣਾ ਯਕੀਨੀ ਬਣਾਉਣ ਲਈ ਕੰਮ ਕਰਨਗੇ। ਅਧਿਕਾਰੀਆਂ ਨੇ ਕਿਹਾ ਕਿ ਮਾਰੇ ਗਏ ਵਿਅਕਤੀਆਂ ਦੀ ਗਿਣਤੀ 49 ਹੈ ਅਤੇ ਇਨ੍ਹਾਂ ਵਿੱਚੋਂ 42 ਭਾਰਤੀ ਹਨ। ਬਾਕੀ ਪਾਕਿਸਤਾਨੀ, ਫਿਲਪੀਨਜ਼, ਮਿਸਰੀ ਅਤੇ ਨੇਪਾਲੀ ਹਨ।

ਇਸ ਘਟਨਾ ਤੋਂ ਬਾਅਦ ਇਮਾਰਤ ਮਾਲਕਾਂ ਅਤੇ ਕੰਪਨੀ ਦੇ ਮਾਲਕਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਜੋ ਖਰਚੇ 'ਚ ਕਟੌਤੀ ਕਰਨ ਲਈ ਕਾਨੂੰਨ ਦੀ ਉਲੰਘਣਾ ਕਰਕੇ ਵੱਡੀ ਗਿਣਤੀ 'ਚ ਵਿਦੇਸ਼ੀ ਕਾਮਿਆਂ ਨੂੰ ਬੇਹੱਦ ਅਸੁਰੱਖਿਅਤ ਹਾਲਤਾਂ 'ਚ ਰਹਿਣ ਲਈ ਮਜਬੂਰ ਕਰਦੇ ਹਨ।

## ਰਿਸ਼ਵਤ ਲੈਂਦਾ ਏ ਐੱਸ ਆਈ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਵੀਰਵਾਰ ਥਾਣਾ ਸਿਟੀ-1, ਸੰਗਰੂਰ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ ਭੋਲਾ ਸਿੰਘ ਨੂੰ 21,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਜਗਦੀਪ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਸ ਨੇ ਆਪਣੇ ਦੋਸਤ ਜਗਰਾਜ ਸਿੰਘ ਨੂੰ ਟਰੱਕ ਖਰੀਦਣ ਬਦਲੇ 5,50,000 ਰੁਪਏ ਵਿਆਜ 'ਤੇ ਦਿੱਤੇ ਸਨ ਇਸ ਉਪਰੰਤ ਜਦੋਂ ਸ਼ਿਕਾਇਤਕਰਤਾ ਨੇ ਜਗਰਾਜ ਸਿੰਘ ਨੂੰ ਉਸ ਦੇ ਲੋਨ ਦੇ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਸ ਨੂੰ ਪਤਾ ਲੱਗਾ ਕਿ ਉਕਤ ਟਰੱਕ ਪਹਿਲਾਂ ਹੀ ਜਗਰਾਜ ਸਿੰਘ ਨੇ ਬਲਜੀਤ ਸਿੰਘ ਵਾਸੀ ਪਿੰਡ ਅੰਧੇੜੀ, ਸੰਗਰੂਰ ਦੇ ਨਾਂਅ 'ਤੇ ਟਰਾਂਸਫਰ ਕਰ ਦਿੱਤਾ ਹੈ। ਇਸ ਉਪਰੰਤ ਟਰੱਕ ਦੇ ਨਵੇਂ ਮਾਲਕ ਨੇ ਉਕਤ ਥਾਣੇ 'ਚ ਸ਼ਿਕਾਇਤ ਕਰ ਦਿੱਤੀ ਅਤੇ ਏ ਐੱਸ ਆਈ ਭੋਲਾ ਸਿੰਘ ਨੇ ਮਾਮਲੇ ਦੀ ਜਾਂਚ ਕਰਨ ਬਦਲੇ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ 40,000 ਰੁਪਏ ਰਿਸ਼ਵਤ ਲੈਣ ਲਈ ਰਾਜ਼ੀ ਹੋ ਗਿਆ ਅਤੇ ਉਸ ਨੇ 19,000 ਰੁਪਏ ਐਡਵਾਂਸ ਲੈ ਲਏ ਸਨ ਅਤੇ ਹੁਣ ਰਿਸ਼ਵਤ ਦੇ ਬਕਾਇਆ 21000 ਰੁਪਏ ਦੀ ਮੰਗ ਕਰ ਰਿਹਾ ਸੀ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਏ ਐੱਸ ਆਈ ਭੋਲਾ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 21,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## ਸਿੱਕਮ 'ਚ ਭਾਰੀ ਮੀਂਹ ਨਾਲ ਤਬਾਹੀ



**ਗੰਗਟੋਕ** : ਉੱਤਰੀ ਸਿੱਕਮ ਵਿਚ ਭਾਰੀ ਮੀਂਹ ਕਾਰਨ ਕਈ ਥਾਈਂ ਪਹਾੜੀਆਂ ਖਿਸਕ ਗਈਆਂ ਹਨ। ਇਕ ਵਿਅਕਤੀ ਦੀ ਮੌਤ ਤੇ 5 ਹੋਰਾਂ ਦੇ ਲਾਪਤਾ ਹੋਣ ਦੀਆਂ ਰਿਪੋਰਟਾਂ ਹਨ। ਤੀਸਤਾ ਦਰਿਆ ਚੜ੍ਹਨ ਕਾਰਨ ਕਈ ਲੋਕ ਬੇਘਰ ਹੋ ਗਏ ਹਨ।

## ਮੋਦੀ ਵੱਲੋਂ ਜੰਮੂ-ਕਸ਼ਮੀਰ ਦੀ ਸਥਿਤੀ ਬਾਰੇ ਉੱਚ-ਪੱਧਰੀ ਵਿਚਾਰ-ਵਟਾਂਦਰਾ

**ਜੰਮੂ** : ਰਿਆਸੀ 'ਚ ਦਹਿਸ਼ਤਗਰਦਾਂ ਦੇ ਹਮਲੇ ਅਤੇ ਕਠੂਆ 'ਚ ਫੌਜ ਨਾਲ ਮੁਕਾਬਲੇ ਤੋਂ ਬਾਅਦ ਜੰਮੂ-ਕਸ਼ਮੀਰ 'ਚ ਪੈਦਾ ਸਥਿਤੀ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐੱਨ ਐੱਸ ਏ ਅਜੀਤ ਡੋਵਾਲ ਅਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਲਿਆ। ਪ੍ਰਧਾਨ ਮੰਤਰੀ ਨੂੰ ਜੰਮੂ-ਕਸ਼ਮੀਰ ਦੀ ਸੁਰੱਖਿਆ ਸਥਿਤੀ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ। ਉਨ੍ਹਾ ਨੂੰ ਅੱਤਵਾਦ ਵਿਰੋਧੀ ਯਤਨਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਪ੍ਰਧਾਨ ਮੰਤਰੀ ਨੇ ਅਧਿਕਾਰੀਆਂ ਨੂੰ ਅੱਤਵਾਦ ਵਿਰੋਧੀ ਸਮਰੱਥਾ ਦਾ ਪੂਰਾ ਇਸਤੇਮਾਲ ਕਰਨ ਲਈ ਕਿਹਾ।

ਪ੍ਰਧਾਨ ਮੰਤਰੀ ਨੇ ਇਸ ਮਾਮਲੇ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕੀਤੀ ਅਤੇ ਸੁਰੱਖਿਆ ਬਲਾਂ ਦੀ ਤਾਇਨਾਤੀ ਤੇ ਅੱਤਵਾਦ ਵਿਰੋਧੀ ਮੁਹਿੰਮਾਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨਾਲ ਵੀ ਗੱਲ ਕੀਤੀ ਅਤੇ ਜੰਮੂ-ਕਸ਼ਮੀਰ ਦੇ ਹਾਲਾਤ ਦਾ ਜਾਇਜ਼ਾ ਲਿਆ। ਪ੍ਰਧਾਨ ਮੰਤਰੀ ਨੂੰ ਸਥਾਨਕ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਨੇਤਰਹੀਣਾਂ ਦੇ ਸਹਾਇਕਾਂ ਲਈ ਮੁਫ਼ਤ ਬੱਸ ਯਾਤਰਾ ਸਹੂਲਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਨੇ ਨੇਤਰਹੀਣ ਭਾਈਚਾਰੇ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਨੇਤਰਹੀਣ ਵਿਅਕਤੀਆਂ ਦੇ ਸਹਾਇਕਾਂ ਲਈ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਹੈ। ਇਹ ਮਹੱਤਵਪੂਰਨ ਫ਼ੈਸਲਾ ਦਿਵਿਆਂਗਜਨਾਂ ਦੀ ਸਹਾਇਤਾ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਹ ਐਲਾਨ ਵਿੱਤ ਤੇ ਯੋਜਨਾ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ



ਕੀਤਾ ਗਿਆ। ਮੀਟਿੰਗ ਵਿੱਚ ਵਿਸ਼ੇਸ਼ ਮੁੱਖ ਸਕੱਤਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਰਾਜੀ ਪੀ. ਸ੍ਰੀਵਾਸਤਵਾ, ਪ੍ਰਮੁੱਖ ਸਕੱਤਰ ਵਿੱਤ ਅਜੋਏ ਕੁਮਾਰ ਸਿਨਹਾ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਵਿਸ਼ੇਸ਼ ਸਕੱਤਰ ਵਿੰਮੀ ਭੁੱਲਰ ਅਤੇ ਡਿਪਟੀ ਡਾਇਰੈਕਟਰ ਅਮਰਜੀਤ ਸਿੰਘ ਭੁੱਲਰ ਵੀ ਹਾਜ਼ਰ ਸਨ।ਇਹ ਪਹਿਲਕਦਮੀ ਇੱਕ ਚੰਗਾ ਸਮਾਜ ਬਣਾਉਣ ਲਈ ਸਰਕਾਰ ਦੇ ਸਮਰਪਣ ਨੂੰ ਦਰਸਾਉਂਦੀ ਹੈ, ਜਿੱਥੇ ਹਰੇਕ ਨਾਗਰਿਕ ਨੂੰ ਬਰਾਬਰ ਮੌਕੇ ਅਤੇ ਮਹੱਤਵਪੂਰਨ ਸੇਵਾਵਾਂ ਮਿਲ ਸਕਣ।

ਨੇਤਰਹੀਣ ਵਿਅਕਤੀਆਂ ਦੇ ਸਹਾਇਕਾਂ ਲਈ ਮੁਫ਼ਤ ਬੱਸ ਸਫ਼ਰ ਦੀ ਪੇਸ਼ਕਸ਼ ਕਰਕੇ ਪੰਜਾਬ ਸਰਕਾਰ ਦਿਵਿਆਂਗਜਨਾਂ ਦੇ ਕਿਤੇ ਵੀ ਆਉਣ-ਜਾਣ ਵਾਸਤੇ ਸਫ਼ਰ ਨੂੰ ਸੁਖਾਲਾ ਕਰਨ ਲਈ ਇੱਕ ਮਹੱਤਵਪੂਰਨ ਕਦਮ ਚੁੱਕ ਰਹੀ ਹੈ।

## ਉਲੰਪਿਕ 'ਚ ਜਾਣ ਵਾਲੇ ਹਰੇਕ ਪੰਜਾਬੀ ਖਿਡਾਰੀ ਨੂੰ ਮਿਲਣਗੇ 15 ਲੱਖ ਰੁਪਏ : ਮੀਤ ਹੇਅਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਅਗਲੇ ਮਹੀਨੇ ਪੈਰਿਸ ਵਿਖੇ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਪੰਜਾਬੀ ਖਿਡਾਰੀ ਵੱਡੀ ਗਿਣਤੀ ਵਿੱਚ ਸੂਬੇ ਦੀ ਨੁਮਾਇੰਦਗੀ ਕਰਨਗੇ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾਂ ਨਿਰਦੇਸ਼ਾਂ ਉਤੇ ਬਣਾਈ ਨਵੀਂ ਖੇਡ ਨੀਤੀ ਦੇ ਸਾਰਥਿਕ ਨਤੀਜੇ ਸਾਹਮਣੇ ਆਉਣ ਲੱਗ ਗਏ ਹਨ ਅਤੇ ਨਵੀਂ ਨੀਤੀ ਤਹਿਤ ਉਲੰਪਿਕਸ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਤਿਆਰੀ ਲਈ 15 ਲੱਖ ਰੁਪਏ ਪ੍ਰਤੀ ਖਿਡਾਰੀ ਦਿੱਤੇ ਜਾਣਗੇ। ਉਲੰਪਿਕਸ ਵਿੱਚ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਜੇਤੂ ਪੰਜਾਬੀ ਖਿਡਾਰੀ ਨੂੰ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇੱਕ ਕਰੋੜ ਰੁਪਏ ਮਿਲਣਗੇ। ਇਹ ਗੱਲ ਸੂਬੇ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਹੀ।ਮੀਤ ਹੇਅਰ ਨੇ ਵੀਰਵਾਰ ਪੰਜਾਬ ਸਿਵਲ ਸਕੱਤਰੇਤ ਵਿਖੇ ਖੇਡ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਕਿਹਾ ਕਿ ਉਲੰਪਿਕਸ ਜਾਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਤਿਆਰੀ ਰਾਸ਼ੀ ਜਾਰੀ ਕੀਤੀ ਜਾਵੇ। ਹੁਣ ਤੱਕ ਪੰਜਾਬ ਦੇ ਛੇ ਨਿਸ਼ਾਨੇਬਾਜ਼ਾਂ ਦੀ ਉਲੰਪਿਕਸ ਲਈ ਚੋਣ ਹੋ ਚੁੱਕੀ ਹੈ, ਜਦੋਂ ਕਿ ਹਾਕੀ, ਨਿਸ਼ਾਨੇਬਾਜ਼ੀ ਅਤੇ ਅਥਲੈਟਿਕਸ ਵਿੱਚ ਹੋਰ ਵੀ ਵੱਡੀ ਗਿਣਤੀ ਵਿੱਚ ਪੰਜਾਬੀ ਖਿਡਾਰੀਆਂ ਦੀ ਚੋਣ ਕੀਤੀ ਜਾਣੀ ਰਹਿੰਦੀ ਹੈ, ਕਿਉਂਕਿ ਹਾਲੇ ਤੱਕ ਸਾਰੀਆਂ ਕੌਮੀ ਟੀਮਾਂ ਦਾ ਐਲਾਨ ਨਹੀਂ ਹੋਇਆ।ਪਿਛਲੇ ਸਾਲ ਏਸ਼ੀਅਨ ਗੇਮਜ਼ ਵਿੱਚ ਪੰਜਾਬੀ ਖਿਡਾਰੀਆਂ ਵੱਲੋਂ ਤਮਗ਼ੇ ਜਿੱਤਣ ਅਤੇ ਹਿੱਸਾ ਲੈਣ ਦੇ ਬਣਾਏ ਰਿਕਾਰਡ ਵਾਂਗ ਇਸ ਵਾਰ ਉਲੰਪਿਕ ਵਿੱਚ ਹਿੱਸਾ ਲੈਣ ਜਾਣ ਵਾਲੇ ਪੰਜਾਬੀ ਖਿਡਾਰੀਆਂ ਦਾ ਵੀ ਰਿਕਾਰਡ ਬਣੇਗਾ। ਪੰਜਾਬ ਮੁੜ ਖੇਡਾਂ ਵਿੱਚ ਦੇਸ਼ ਦਾ ਮੋਢੀ ਸੂਬਾ ਬਣੇਗਾ। ਉਹਨਾ ਕਿਹਾ ਕਿ ਸੂਬੇ ਵਿੱਚ ਖੇਡ ਨਰਸਰੀਆਂ ਦੀ ਸਥਾਪਨਾ ਦਾ ਕੰਮ ਚੱਲ ਰਿਹਾ ਸੀ, ਜੋ ਕਿ ਚੋਣ ਜ਼ਾਬਤਾ ਲੱਗਣ ਕਰਕੇ ਆਰਜ਼ੀ ਤੌਰ ਉਤੇ ਰੁਕਿਆ ਹੋਇਆ ਸੀ। ਇਸੇ ਤਰ੍ਹਾਂ ਸੂਬੇ ਦੇ ਪਿੰਡਾਂ-ਸ਼ਹਿਰਾਂ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਲਈ ਖੇਡ ਢਾਂਚੇ ਦੇ ਨਿਰਮਾਣ ਦਾ ਕੰਮ ਵੀ ਪ੍ਰਗਤੀ ਅਧੀਨ ਹੈ। ਉਨ੍ਹਾ ਅਧਿਕਾਰੀਆਂ ਨੂੰ ਆਖਿਆ ਕਿ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਮੀਟਿੰਗ ਵਿੱਚ ਵਿਸ਼ੇਸ਼ ਮੁੱਖ ਸਕੱਤਰ ਖੇਡਾਂ ਸਰਵਜੀਤ ਸਿੰਘ, ਵਿਸ਼ੇਸ਼ ਸਕੱਤਰ ਆਨੰਦ ਕੁਮਾਰ, ਐਕਸੀਅਨ ਸੰਜੇ ਮਹਾਜਨ, ਡਿਪਟੀ ਡਾਇਰੈਕਟਰ ਪਰਮਿੰਦਰ ਸਿੰਘ ਤੇ ਸਹਾਇਕ ਡਾਇਰੈਕਟਰ ਰਣਬੀਰ ਸਿੰਘ ਭੰਗੂ ਵੀ ਹਾਜ਼ਰ ਸਨ।

## ਅੱਜ-ਨਾਮਾ

ਝੋਨਾ ਲਾਉਣ ਦਾ ਚੱਲਿਆ ਜਦੋਂ ਸੀਜ਼ਨ,
ਬਹੁਤੀ ਲੇਬਰ ਦੀ ਪਈ ਆ ਲੋੜ ਬੇਲੀ।
ਦਿਨ ਥੋੜ੍ਹੇ ਤੇ ਕਾਰਜ ਇਹ ਬਹੁਤ ਵੱਡਾ,
ਜ਼ਰੂਰਤ ਪੱਖੋਂ ਹੈ ਲੇਬਰ ਦੀ ਥੋੜ ਬੇਲੀ।
ਦੂਜੇ ਰਾਜਾਂ ਤੋਂ ਜਿਹੜੇ ਮਜ਼ਦੂਰ ਪੁੱਜਣ,
ਉਹ ਹੀ ਸੀਜ਼ਨ ਨੂੰ ਚਾੜ੍ਹਦੇ ਤੋੜ ਬੇਲੀ।
ਜਿਹੜੇ ਉਨ੍ਹਾਂ ਦਾ ਰਹਿਣ ਵਿਰੋਧ ਕਰਦੇ,
ਸਕਣੀ ਉਨ੍ਹਾਂ ਵੀ ਲੇਬਰ ਨਾ ਛੋੜ ਬੇਲੀ।
ਨਹੀਂ ਜੀ ਵੱਡਾ ਹਾਲਾਤ ਤੋਂ ਕੋਈ ਟੀਚਰ,
ਜਿਹੜਾ ਦੇਂਵਦਾ ਸਬਕ ਕੁਝ ਨਿੱਤ ਬੇਲੀ।
ਚਸਕਾ ਬੜ੍ਹਕ ਦਾ ਜਿਨ੍ਹਾਂ ਨੂੰ ਪਿਆ ਹੋਊ,
ਕੋਈ ਵੀ ਉਨ੍ਹਾਂ ਤੋਂ ਸਕੇ ਨਾ ਜਿੱਤ ਬੇਲੀ।

-ਤੀਸ ਮਾਰ ਖਾਂ

## ਦਿੱਲੀ ਨੂੰ ਦੇਣ ਲਈ ਵਾਧੂ ਪਾਣੀ ਨਹੀਂ : ਹਿਮਾਚਲ

**ਨਵੀਂ ਦਿੱਲੀ** : ਹਿਮਾਚਲ ਪ੍ਰਦੇਸ਼ ਨੇ ਸੁਪਰੀਮ ਕੋਰਟ 'ਚ ਆਪਣੇ ਪਿਛਲੇ ਬਿਆਨ ਨੂੰ ਪਲਟਦਿਆਂ ਬੁੱਧਵਾਰ ਕਿਹਾ ਕਿ ਉਸ ਕੋਲ ਵਾਧੂ ਪਾਣੀ ਨਹੀਂ ਹੈ, ਜਿਸ ਤੋਂ ਬਾਅਦ ਸੁਪਰੀਮ ਕੋਰਟ ਨੇ ਦਿੱਲੀ ਨੂੰ ਜਲ ਸਪਲਾਈ ਲਈ 'ਅਪਰ ਯਮੁਨਾ ਰਿਵਰ ਬੋਰਡ' ਦਾ ਦਰ ਖੜਕਾਉਣ ਲਈ ਕਿਹਾ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਜਸਟਿਸ ਪ੍ਰਸੰਨਾ ਬੀ ਵਰਲੇ ਦੀ ਛੁੱਟੀ ਵਾਲੀ ਬੈਂਚ ਨੇ ਦਿੱਲੀ ਸਰਕਾਰ ਨੂੰ ਮਨੁੱਖੀ ਆਧਾਰ 'ਤੇ ਪਾਣੀ ਦੀ ਸਪਲਾਈ ਲਈ ਅਪਰ ਯਮੁਨਾ ਰਿਵਰ ਬੋਰਡ ਕੋਲ ਸ਼ਾਮ 5 ਵਜੇ ਤੱਕ ਅਰਜ਼ੀ ਦਾਖਲ ਕਰਨ ਦਾ ਨਿਰਦੇਸ਼ ਦਿੱਤਾ। ਹਿਮਾਚਲ ਸਰਕਾਰ ਨੇ ਆਪਣਾ ਪਹਿਲਾ ਬਿਆਨ ਵਾਪਸ ਲੈ ਲਿਆ ਅਤੇ ਸੁਪਰੀਮ ਕੋਰਟ ਨੂੰ ਕਿਹਾ ਕਿ ਉਸ ਕੋਲ 136 ਕਿਊਸਿਕ ਵਾਧੂ ਪਾਣੀ ਨਹੀਂ ਹੈ। ਬੈਂਚ ਨੇ ਕਿਹਾ ਕਿ ਯਮੁਨਾ ਦੇ ਪਾਣੀ ਦੀ ਰਾਜਾਂ ਵਿਚਕਾਰ ਵੰਡ ਦਾ ਮੁੱਦਾ ਗੁੰਝਲਦਾਰ ਹੈ ਅਤੇ ਅਦਾਲਤ ਕੋਲ ਅੰਤਰਮ ਆਧਾਰ 'ਤੇ ਇਸ ਦਾ ਫੈਸਲਾ ਕਰਨ ਦੀ ਤਕਨੀਕੀ ਮੁਹਾਰਤ ਨਹੀਂ ਹੈ।

# ਤਿੰਨ ਧੀਆਂ ਇੰਡੀਅਨ ਏਅਰ ਫੋਰਸ ਅਕੈਡਮੀ ਲਈ ਚੁਣੀਆਂ ਗਈਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਮੁਹਾਲੀ ਦੀਆਂ ਤਿੰਨ ਹੋਰ ਮਹਿਲਾ ਕੈਡਿਟਾਂ ਨੂੰ ਵਕਾਰੀ ਇੰਡੀਅਨ ਏਅਰ ਫੋਰਸ ਅਕੈਡਮੀ ਡੁੰਡੀਗਲ ਵਿਖੇ ਪ੍ਰੀ-ਕਮਿਸ਼ਨ ਸਿਖਲਾਈ ਲਈ ਚੁਣਿਆ ਗਿਆ ਹੈ। ਉਨ੍ਹਾਂ ਦੀ ਸਿਖਲਾਈ ਜੁਲਾਈ ਤੋਂ ਸ਼ੁਰੂ ਹੋਵੇਗੀ। ਪਠਾਨਕੋਟ ਦੀ ਕੈਡਿਟ ਹਰਨੂਰ ਸਿੰਘ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵਿਕਰਮ ਸਿੰਘ ਬੈਂਸ ਦੀ ਧੀ ਹੈ, ਜਦੋਂਕਿ ਕੈਡਿਟ ਕ੍ਰਿਤੀ ਐੱਸ ਬਿਸ਼ਟ ਪੀ ਏ ਸੀ ਐੱਲ ਨੰਗਲ ਦੇ ਸੀਨੀਅਰ ਇੰਜੀਨੀਅਰ ਸ਼ਕਤੀ ਸਰਨ ਸਿੰਘ ਦੀ ਧੀ ਹੈ। ਜਲੰਧਰ ਦੀ ਅਲੀਸ਼ਾ, ਜੋ ਪਹਿਲਾਂ ਹੀ ਇੰਡੀਅਨ ਨੇਵਲ ਅਕੈਡਮੀ 'ਚ ਸਿਖਲਾਈ ਅਧੀਨ ਹੈ, ਪ੍ਰਾਈਵੇਟ ਸਕੂਲ ਦੇ ਅਧਿਆਪਕ ਸੁਨੀਲ ਦੱਤ ਦੀ ਧੀ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਤਿੰਨਾਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਬੱਚੀਆਂ ਦੀ ਸਫਲਤਾ ਯਕੀਨੀ ਤੌਰ 'ਤੇ ਪੰਜਾਬ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਦੀਆਂ ਕੁੜੀਆਂ ਨੂੰ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫਸਰਾਂ ਵਜੋਂ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗੀ। ਅਰੋੜਾ ਨੇ ਦੱਸਿਆ ਕਿ ਰੱਖਿਆ ਸੇਵਾਵਾਂ 'ਚ ਸ਼ਾਮਲ ਹੋਣ ਦੀਆਂ ਚਾਹਵਾਨ ਸੂਬੇ ਦੀਆਂ ਕੁੜੀਆਂ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਈ ਭਾਗੋ ਇੰਸਟੀਚਿਊਟ ਵਿਖੇ ਐੱਨ ਡੀ ਏ ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਮੌਜੂਦਾ ਸਮੇਂ ਇਸ ਦੇ ਦੂਜੇ ਬੈਚ ਨੇ ਅਪਰੈਲ ਤੋਂ ਸਿਖਲਾਈ ਸ਼ੁਰੂ ਕਰ ਦਿੱਤੀ ਹੈ। ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ (ਸੇਵਾ-ਮੁਕਤ) ਨੇ ਤਿੰਨ ਕੈਡਿਟਾਂ ਦੇ ਇੰਡੀਅਨ ਏਅਰ ਫੋਰਸ ਅਕੈਡਮੀ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।



ਹਰਨੂਰ ਸਿੰਘ ਅਲੀਸ਼ਾ ਕ੍ਰਿਤੀ ਐੱਸ ਬਿਸ਼ਟ

# ਖ਼ੁਦਕੁਸ਼ੀ ਮਾਮਲੇ 'ਚ ਪਤਨੀ, ਸੱਸ ਤੇ ਸਾਲੀ ਵਿਰੁੱਧ ਕੇਸ ਦਰਜ


ਮ੍ਰਿਤਕ ਹਰਪ੍ਰੀਤ ਸਿੰਘ ਦੀ ਫਾਈਲ ਫੋਟੋ। ਸਿਵਲ ਹਸਪਤਾਲ ਦੀ ਮੌਰਚਰੀ ਦੇ ਬਾਹਰ ਖੜੇ ਮ੍ਰਿਤਕ ਦੇ ਵਾਰਸ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਬਸੀ ਪਠਾਨਾਂ ਨੇੜਲੇ ਪਿੰਡ ਥਾਬਲਾਂ ਕੋਲੋਂ ਲੰਘਦੀ ਭਾਖੜਾ ਨਹਿਰ 'ਚ ਕਥਿਤ ਤੌਰ 'ਤੇ ਛਾਲ ਮਾਰ ਕੇ ਖੁਦਕੁਸ਼ੀ ਕਰ ਗਏ ਹਰਪ੍ਰੀਤ ਸਿੰਘ ਦੀ ਲਾਸ਼ ਪਿੰਡ ਗੰਡਾ ਖੇੜੀ ਨੇੜਿਓਂ ਮਿਲਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਨਾਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦਰਸ਼ਨ ਸਿੰਘ ਵਾਸੀ ਪਿੰਡ ਬਹਿਬਲਪੁਰ (ਰੂਪਨਗਰ) ਨੇ ਦੱਸਿਆ ਕਿ ਕਰੀਬ 4 ਸਾਲ ਪਹਿਲਾਂ ਉਸ ਦੇ ਲੜਕੇ ਹਰਪ੍ਰੀਤ ਸਿੰਘ (28) ਦਾ ਵਿਆਹ ਅਮਨਦੀਪ ਕੌਰ ਵਾਸੀ ਪਿੰਡ ਮੁੱਲਾਂਪੁਰ ਗਰੀਬਦਾਸ ਨਾਲ ਹੋਇਆ ਸੀ, ਜਿਨਾਂ ਦੇ ਇੱਕ ਡੇਢ ਸਾਲ ਦਾ ਲੜਕਾ ਵੀ ਹੈ।ਦਰਸ਼ਨ ਸਿੰਘ ਨੇ ਦੋਸ਼ ਲਗਾਇਆ ਕਿ ਉਸ ਦੇ ਲੜਕੇ ਹਰਪ੍ਰੀਤ ਸਿੰਘ ਦੀ ਘਰਵਾਲੀ ਅਮਨਦੀਪ ਕੌਰ ਅਕਸਰ ਬਿਨਾਂ ਕਿਸੇ ਕਾਰਨ ਤੋਂ ਆਪਣੇ ਪੇਕੇ ਗਈ ਰਹਿੰਦੀ ਸੀ ਤੇ ਹਰਪ੍ਰੀਤ ਸਿੰਘ ਨੇ ਉਸ ਨੂੰ ਕਈ ਵਾਰ ਦੱਸਿਆ ਸੀ ਕਿ ਉਸ ਦੀ ਪਤਨੀ, ਸੱਸ ਰਜਿੰਦਰ ਕੌਰ ਤੇ ਸਾਲੀ ਕੋਮਲ ਉਸ ਦੀ ਇਹ ਕਹਿ ਕੇ ਬੇਇੱਜ਼ਤੀ ਕਰਦੀਆਂ ਰਹਿੰਦੀਆਂ ਹਨ ਕਿ ਨਾ ਤੇਰੀ ਸ਼ਕਲ ਹੈ ਅਤੇ ਨਾ ਤੈਨੂੰ ਅਕਲ ਹੈ।

ਬੀਤੀ 6 ਜੂਨ ਨੂੰ ਹਰਪ੍ਰੀਤ ਸਿੰਘ ਆਪਣੀ ਪਤਨੀ ਅਮਨਦੀਪ ਨੂੰ ਉਸ ਦੇ ਪੇਕੇ ਘਰ ਮਿਲਾਉਣ ਲਈ ਲੈ ਕੇ ਗਿਆ, ਜੋ ਕਿ ਅਗਲੇ ਦਿਨ ਵਾਪਸ ਘਰ ਆਇਆ ਤਾਂ ਉਹ ਕਾਫੀ ਪ੍ਰੇਸ਼ਾਨ ਸੀ, ਜਿਸ ਨੇ ਉਸ ਨੂੰ ਦੱਸਿਆ ਕਿ ਉਸ ਦੀ ਪਤਨੀ, ਸੱਸ ਤੇ ਸਾਲੀ ਨੇ ਉਸ ਨੂੰ ਕਾਫੀ ਮੰਦਾ ਬੋਲਦੇ ਹੋਏ ਉਸ ਦੀ ਬੇਇੱਜ਼ਤੀ ਕੀਤੀ ਹੈ, ਜਿਸ ਤੋਂ ਬਾਅਦ 7 ਜੂਨ ਦੀ ਸ਼ਾਮ ਕਰੀਬ ਸਵਾ ਪੰਜ ਵਜੇ ਹਰਪ੍ਰੀਤ ਸਿੰਘ ਮੋਟਰਸਾਈਕਲ ਲੈ ਕੇ ਘਰੋਂ ਚਲਾ ਗਿਆ, ਜਿਸ ਦੇ ਫੋਨ 'ਤੇ ਕੁਝ ਚਿਰ ਬਾਅਦ ਉਨ੍ਹਾਂ ਨੇ ਕਾਲੀ ਕੀਤੀ ਤਾਂ ਕਿਸੇ ਅਣਜਾਣ ਵਿਅਕਤੀ ਨੇ ਉਸ ਦਾ ਫੋਨ ਚੁੱਕਦੇ ਹੋਏ ਦੱਸਿਆ ਕਿ ਤੁਹਾਡੇ ਲੜਕੇ ਨੇ ਪਿੰਡ ਥਾਬਲਾਂ ਨਜ਼ਦੀਕ ਭਾਖੜਾ ਨਹਿਰ 'ਚ ਛਾਲ ਮਾਰ ਦਿੱਤੀ, ਜਿਸ ਦਾ ਫੋਨ, ਚੱਪਲਾਂ ਤੇ ਮੋਟਰਸਾਈਕਲ ਨਹਿਰ ਕੰਢੇ ਪਿਆ ਹੈ।ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਵਿਅਕਤੀਆਂ ਵੱਲੋਂ ਵਾਰ-ਵਾਰ ਤੰਗ ਪ੍ਰੇਸ਼ਾਨ ਕੀਤੇ ਜਾਣ ਕਰਕੇ ਹੀ ਉਸ ਦੇ ਲੜਕੇ ਹਰਪ੍ਰੀਤ ਸਿੰਘ ਨੇ ਖੁਦਕੁਸ਼ੀ ਕੀਤੀ ਹੈ, ਜਿਸ ਦੀ ਲਾਸ਼ ਪਿੰਡ ਗੰਡਾ ਖੇੜੀ (ਪਟਿਆਲਾ) ਨੇੜੇ ਭਾਖੜਾ ਨਹਿਰ 'ਚ ਤੈਰਦੀ ਹੋਈ ਮਿਲੀ ਹੈ।ਦਰਸ਼ਨ ਸਿੰਘ ਦੇ ਬਿਆਨਾਂ 'ਤੇ ਮ੍ਰਿਤਕ ਦੀ ਪਤਨੀ ਅਮਨਦੀਪ ਕੌਰ, ਸੱਸ ਰਜਿੰਦਰ ਕੌਰ ਤੇ ਸਾਲੀ ਕੋਮਲਪ੍ਰੀਤ ਕੌਰ ਵਾਸੀਆਨ ਪਿੰਡ ਮੁੱਲਾਂਪੁਰ ਗਰੀਬਦਾਸ ਵਿਰੁੱਧ ਥਾਣਾ ਬਸੀ ਪਠਾਨਾਂ ਵਿਖੇ ਅ/ਧ 306 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਵਾ ਕੇ ਸਹਾਇਕ ਥਾਣੇਦਾਰ ਸਮਸ਼ੇਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਪੋਸਟ ਮਾਰਟਮ ਕਰਵਾਉਣ ਉਪਰੰਤ ਮ੍ਰਿਤਕ ਦੀ ਲਾਸ਼ ਨੂੰ ਪੁਲਸ ਵੱਲੋਂ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ।

# ਕੇਂਦਰ ਸਰਕਾਰ ਮਜ਼ਦੂਰ ਵਿਰੋਧੀ 4 ਲੇਬਰ ਕੋਡ ਲਾਗੂ ਕਰਨ ਦਾ ਐਲਾਨ ਫੌਰੀ ਵਾਪਸ ਲਵੇ : ਸੀਟੂ

**ਸਮਰਾਲਾ (ਸੁਰਜੀਤ ਸਿੰਘ)**-ਭਾਜਪਾ ਦੀ ਅਗਵਾਈ ਵਿੱਚ ਕੇਂਦਰ ਦੀ ਨਵੀਂ ਬਣੀ ਐੱਨ ਡੀ ਏ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਚਾਰ ਲੇਬਰ ਕੋਡਾਂ ਨੂੰ ਲਾਗੂ ਕਰਨ ਲਈ ਅੱਗੇ ਵਧੇਗੀ। ਸੀਟੂ ਮੰਗ ਕਰਦੀ ਹੈ ਕਿ ਚਾਰ ਲੇਬਰ ਕੋਡ ਤੁਰੰਤ ਰੱਦ ਕੀਤੇ ਜਾਣ।

ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਨੇ ਮਜ਼ਦੂਰ ਜਮਾਤ ਨੂੰ ਚਾਰ ਕਿਰਤ ਕੋਡਾਂ ਦੇ ਖ਼ਾਤਮੇ ਲਈ ਸੰਘਰਸ਼ ਤੇਜ਼ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ।ਹਾਲ ਹੀ ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਆਪਣੇ ਬਲਬੂਤੇ 'ਤੇ ਬਹੁਮੱਤ ਹਾਸਲ ਕਰਨ ਵਿੱਚ ਅਸਫ਼ਲ ਰਹਿਣ ਤੋਂ ਬਾਅਦ, ਮੋਦੀ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਨੇ 9 ਜੂਨ 2024 ਨੂੰ ਸੱਤਾ ਸੰਭਾਲੀ ਹੈ।ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਦੀ ਪਹਿਲੀ ਘੋਸ਼ਣਾ ਵਿੱਚ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ।ਸੀਟੂ ਦੀ ਪੰਜਾਬ ਰਾਜ ਕਮੇਟੀ ਇਸ ਫੈਸਲੇ ਨੂੰ ਵਾਪਸ ਲੈਣ ਤੇ ਚਾਰ ਲੇਬਰ ਕੋਡਾਂ ਨੂੰ ਰੱਦ ਕਰਨ ਦੀ ਮੰਗ ਕਰਦੀ ਹੈ ਅਤੇ ਕੇਂਦਰ ਸਰਕਾਰ ਦੇ ਇਸ ਮਜ਼ਦੂਰ ਵਿਰੋਧੀ ਫ਼ੈਸਲੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਟੂ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ, ਸੂਬਾ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ, ਦਲਜੀਤ ਕੁਮਾਰ ਗੋਰਾ, ਸ਼ੇਰ ਸਿੰਘ ਫਰਵਾਹੀ, ਗੁਰਨਾਮ



ਸਿੰਘ ਘਨੌਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਪਿਛਲੇ ਦਸ ਸਾਲਾਂ ਤੋਂ ਕਾਰਪੋਰੇਟ ਘਰਾਣਿਆਂ ਲਈ ਏਜੰਟ ਵਜੋਂ ਕੰਮ ਕਰ ਰਹੀ ਹੈ।ਦੇਸ਼ ਦੇ ਸਾਰੇ ਆਰਥਿਕ ਖੇਤਰ, ਉਨ੍ਹਾਂ ਨੂੰ ਸੰਪਤੀ, ਦੌਲਤ ਤੇ ਮੁਨਾਫ਼ੇ ਵਧਾਉਣ ਦੀ ਜ਼ੁੰਮੇਵਾਰੀ ਸੌਂਪੀ ਗਈ ਹੈ।ਇਸ ਸਰਕਾਰ ਨੇ ਮਜ਼ਦੂਰ ਜਮਾਤ ਦੇ ਹੱਕਾਂ ਤੇ ਸਹੂਲਤਾਂ 'ਤੇ ਹਮਲਾ ਕੀਤਾ ਹੈ, ਜਿਨ੍ਹਾਂ ਲਈ ਇਸ ਦੇਸ਼ ਵਿੱਚ ਕਈ ਦਹਾਕਿਆਂ ਤੋਂ ਸੰਘਰਸ਼ ਕੀਤਾ ਗਿਆ ਸੀ।ਇਹ ਸਾਮਰਾਜੀਆਂ ਤੇ ਭਾਜਪਾ ਨਾਲ ਜੁੜੇ ਵੱਡੇ ਕਾਰੋਬਾਰੀਆਂ ਦੇ ਫਾਇਦੇ ਲਈ ਸੀ।ਘੱਟੋ-ਘੱਟ ਉਜ਼ਰਤਾਂ ਦੀ ਘਾਟ, ਪੱਕੀ ਨੌਕਰੀਆਂ, ਕੋਈ ਈ.ਐੱਸ.ਆਈ., ਪੀ ਐੱਫ ਦੀ ਕਵਰੇਜ ਨਹੀਂ ਅਤੇ ਉਦਯੋਗਿਕ ਹਾਦਸਿਆਂ ਵਿੱਚ ਮਜ਼ਦੂਰਾਂ ਦੀਆਂ ਮੌਤਾਂ ਵਿੱਚ ਤੇਜ਼ੀ ਨਾਲ ਵਾਧਾ ਆਮ ਨਿਯਮ ਬਣ ਗਏ ਹਨ।ਇਨ੍ਹਾਂ ਚਾਰ ਕਾਰਪੋਰੇਟ ਪੱਖੀ ਮਜ਼ਦੂਰ ਵਿਰੋਧੀ ਲੇਬਰ ਕੋਡਾਂ ਵਿਰੁੱਧ ਮੌਜੂਦਾ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਬਹੁਤ ਸਾਰੇ ਅੰਦੋਲਨ, ਸੰਘਰਸ਼ ਤੇ ਹੜਤਾਲਾਂ ਹੋਈਆਂ।ਹਾਲਾਂਕਿ ਕੁਝ ਰਾਜਾਂ ਜਿੱਥੇ ਭਾਜਪਾ ਸੱਤਾ ਵਿੱਚ ਨਹੀਂ ਹੈ, ਨੇ ਪੰਜਾਬ ਦੀ ਤਰ੍ਹਾਂ ਅੰਸ਼ਕ ਤੌਰ 'ਤੇ ਇਨ੍ਹਾਂ ਕੋਡਾਂ ਨੂੰ ਲਾਗੂ ਕਰਨ ਲਈ ਨਿਯਮ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਪਰ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਕਾਰਨ ਕੇਂਦਰ ਦੀ ਮੋਦੀ ਸਰਕਾਰ ਨੇ 2024 ਦੀਆਂ ਚੋਣਾਂ ਤੋਂ ਪਹਿਲਾਂ ਇਹ ਕੋਡ ਲਾਗੂ ਨਹੀਂ ਕੀਤੇ।ਇਸ ਨੇ ਲਾਗੂ ਕਰਨ ਨੂੰ ਮੁਲਤਵੀ ਕਰ ਦਿੱਤਾ, ਕਿਉਂਕਿ ਇਹ ਚੋਣਾਂ ਵਿੱਚ ਆਪਣੀਆਂ ਵੋਟਾਂ ਤੇ ਸੀਟਾਂ ਗੁਆਉਣ ਤੋਂ ਡਰਦੀ ਸੀ।

ਹੁਣ ਜਦੋਂ ਐੱਨ ਡੀ ਏ ਦੀ ਸਰਕਾਰ ਬਣ ਗਈ ਹੈ, ਮਨਸੁੱਖ ਮਾਂਡਵੀਆ ਕੇਂਦਰੀ ਕਿਰਤ ਤੇ ਰੁਜ਼ਗਾਰ ਮੰਤਰੀ ਨੇ ਆਪਣੇ ਵਿਭਾਗ ਦਾ ਚਾਰਜ ਸੰਭਾਲਦਿਆਂ ਹਾਜ਼ਰ ਪੱਤਰਕਾਰਾਂ ਦੇ ਸਾਹਮਣੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਅਪ੍ਰੈਲ 2025 ਤੋਂ ਪਹਿਲਾਂ ਪਹਿਲਾਂ 4 ਲੇਬਰ ਕੋਡ ਲਾਗੂ ਕਰ ਦੇਵੇਗੀ।ਇਸ ਨੇ ਮਜ਼ਦੂਰ ਜਮਾਤ 'ਤੇ ਹਮਲਾ ਕਰਕੇ ਆਪਣਾ ਕਾਰਜਕਾਲ ਸ਼ੁਰੂ ਕਰ ਦਿੱਤਾ ਹੈ।ਚਾਰ ਲੇਬਰ ਕੋਡ ਲਾਗੂ ਕਰਨ ਦਾ ਮਤਲਬ ਹੈ, ਦੇਸ਼ ਦੇ ਕਰੋੜਾਂ ਮਜ਼ਦੂਰਾਂ ਦੇ ਜੀਵਨ 'ਤੇ ਹਮਲਾ ਕਰਨਾ।ਅਸੀਂ ਐੱਨ ਡੀ ਏ ਸਰਕਾਰ ਤੋਂ ਮੰਗ ਕਰਦੇ ਹਾਂ ਕਿ 4 ਲੇਬਰ ਕੋਡ ਲਾਗੂ ਕਰਨ ਦਾ ਐਲਾਨ ਵਾਪਸ ਲਵੋ।

ਅਸੀਂ ਸੀਟੂ ਦੀਆਂ ਸਾਰੀਆਂ ਇਕਾਈਆਂ ਨੂੰ ਇਸ ਫੈਸਲੇ ਵਿਰੁੱਧ ਤੁਰੰਤ ਰਾਜ ਭਰ ਵਿੱਚ ਵੱਖ-ਵੱਖ ਰੂਪ ਵਿੱਚ ਰੋਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਦਾ ਸੱਦਾ ਦਿੰਦੇ ਹਾਂ।ਅਸੀਂ ਸਾਰਿਆਂ ਵਰਗਾਂ ਤੇ ਸਾਂਝੀ ਸੋਚ ਰੱਖਣ ਵਾਲੀਆਂ ਕੇਂਦਰੀ ਟਰੇਡ ਯੂਨੀਅਨਾਂ ਨੂੰ ਇੱਕਜੁੱਟ ਹੋ ਕੇ ਇਸ ਦਾ ਵਿਰੋਧ ਕਰਨ ਤੇ 4 ਲੇਬਰ ਕੋਡ ਰੱਦ ਕਰਵਾਉਣ ਲਈ ਇੱਕਜੁੱਟ ਤੇ ਅਣਥੱਕ ਸੰਘਰਸ਼ ਸ਼ੁਰੂ ਕਰਨ ਦੀ ਅਪੀਲ ਕਰਦੇ ਹਾਂ।ਅਸੀਂ ਮਜ਼ਦੂਰ ਜਮਾਤ ਨੂੰ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਵਿਆਪਕ ਤੌਰ 'ਤੇ ਸ਼ਾਮਲ ਹੋਣ ਤੇ 4 ਲੇਬਰ ਕੋਡਾਂ ਨੂੰ ਰੱਦ ਕਰਨ ਲਈ ਮੋਦੀ ਸਰਕਾਰ ਨੂੰ ਮਜਬੂਰ ਕਰਨ, ਵਿਆਪਕ ਤੇ ਇੱਕਜੁੱਟ ਹੋ ਕੇ ਸੰਘਰਸ਼ ਸ਼ੁਰੂ ਕਰਨ ਲਈ ਸੱਦਾ ਦਿੰਦੇ ਹਾਂ।

## ਕਾਤਰਾਂ

### ਪਰਮਜੀਤ ਜਿਊਲਰ ਸ਼ੋ-ਰੂਮ 'ਤੇ ਅਣਪਛਾਤਿਆਂ ਨੇ ਚਲਾਈਆਂ ਗੋਲੀਆਂ

**ਦੋਰਾਹਾ (ਹਰਮਿੰਦਰ ਸੇਠ)**-ਬੀਤੇ ਕੱਲ੍ਹ ਬਗਲੀ ਕਲਾਂ ਬੈਂਕ ਡਕੈਤੀ, ਅੱਜ ਦੁਪਹਿਰੇ ਭੌਰਲਾ ਵਿਖੇ ਸੋਨੇ ਦੀ ਚੇਨ ਖੋਹਣ ਤੇ ਸ਼ਾਮ ਨੂੰ ਪਰਮਜੀਤ ਜਿਊਲਰ ਦੋਰਾਹਾ ਵਿਖੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ।ਖੰਨਾ ਪੁਲਸ ਦੀ ਮੁਸਤੈਦੀ ਪਈ ਢਿੱਲੀ।ਚੋਣਾਂ ਦਾ ਮਾਹੌਲ ਸ਼ਾਂਤ ਹੁੰਦਿਆਂ ਹੀ ਅਪਰਾਧਿਕ ਘਟਨਾਵਾਂ ਵਿੱਚ ਹੋਇਆ ਵਾਧਾ।ਪੁਲਸ ਤੇ ਸਰਾਫਾ ਵਪਾਰੀ ਦੇ ਦੱਸਣ ਮੁਤਾਬਿਕ ਦੋ ਵਿਅਕਤੀ ਬਾਈਕ ਉਪਰ ਆਏ, ਜਿਨ੍ਹਾਂ ਦੇ ਮੂੰਹ ਕੱਪੜੇ ਨਾਲ ਢੱਕੇ ਹੋਏ ਸਨ।ਉਨ੍ਹਾਂ ਆਉਂਦੇ ਸਾਰ ਪੰਜ-ਛੇ ਫਾਇਰ ਕੀਤੇ, ਜਿਸ ਨਾਲ ਦੁਕਾਨ ਦਾ ਸ਼ੀਸ਼ਾ ਟੁੱਟ ਗਿਆ, ਪਰ ਜਾਨੀ-ਮਾਲੀ ਨੁਕਸਾਨ ਤੋਂ ਬਚਾਅ ਰਿਹਾ।ਮੌਕੇ 'ਤੇ ਪੁਲਸ ਵਿਭਾਗ ਦੇ ਡੀ ਐੱਸ ਪੀ ਨਿਖਲ ਗਰਗ ਤੇ ਐੱਸ ਐੱਚ ਓ ਦੋਰਾਹਾ ਪੁੱਜੇ, ਜਿਨ੍ਹਾਂ ਨੇ ਦੱਸਿਆ ਕਿ ਫਾਇਰ ਕਰਨ ਵਾਲੇ ਵਿਅਕਤੀਆਂ ਨੇ ਪੰਜ-ਛੇ ਫਾਇਰ ਕੀਤੇ, ਜੋ ਰਿਵਾਲਵਰ ਨਾਲ ਘਟਨਾ ਨੂੰ ਅੰਜਾਮ ਦਿੱਤਾ ਗਿਆ।ਫਾਇਰਿੰਗ ਕਰਨ ਵਾਲੇ ਵਿਅਕਤੀ ਸ਼ਹਿਰ ਦੇ ਰੇਲਵੇ ਸਟੇਸ਼ਨ ਵੱਲ ਨੂੰ ਭੱਜਣ ਵਿੱਚ ਸਫ਼ਲ ਹੋ ਗਏ।ਦੱਸ ਦਈਏ ਕਿ ਇਸ ਜਗ੍ਹਾ ਤੋਂ 50 ਮੀਟਰ ਦੀ ਦੂਰੀ 'ਤੇ 2 ਜੱਜਾਂ ਦੀ ਰਿਹਾਇਸ਼ ਵੀ ਹੈ।

### ਸਾਂਝੇ ਸਰਚ ਅਪ੍ਰੇਸ਼ਨ ਦੌਰਾਨ 580 ਗ੍ਰਾਮ ਹੈਰੋਇਨ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਬੀ.ਐੱਸ.ਐੱਫ. ਦੇ ਨਾਲ ਸਰਚ ਅਪ੍ਰੇਸ਼ਨ ਦੌਰਾਨ 580 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਪਿੰਡ ਸੰਤੋਖ ਸਿੰਘ ਵਾਲਾ, ਪ੍ਰਭਾਤ ਸਿੰਘ ਵਾਲਾ, ਆਤੂਵਾਲਾ, ਬੱਘੇਕੇ ਬਾਰਡਰ ਏਰੀਏ ਲਈ ਗਸ਼ਤ ਕਰ ਰਹੇ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੀ.ਐੱਸ.ਐੱਫ. ਚੌਕੀ ਐੱਸ. ਐੱਸ. ਵਾਲਾ ਦੇ ਨਜ਼ਦੀਕ ਪੁੱਜੀ ਤਾਂ ਇੰਸਪੈਕਟਰ ਰਕੇਸ਼ ਯਾਦਵ ਕੰਪਨੀ ਕਮਾਂਡਰ ਏ ਕੰਪਨੀ 52 ਬਟਾਲੀਆਨ ਬੀ.ਐੱਸ.ਐੱਫ., ਜੋ ਕਿ ਬੀ.ਓ.ਪੀ. ਐੱਸ. ਐੱਸ. ਵਾਲਾ ਦੇ ਕੋਲ ਬੀ.ਐੱਸ.ਐੱਫ. ਕਰਮਚਾਰੀਆਂ ਸਮੇਤ ਮਿਲੇ, ਜਿਨ੍ਹਾਂ ਨੇ ਪੁਲਸ ਪਾਰਟੀ ਨੂੰ ਜਾਣਕਾਰੀ ਦਿੱਤੀ ਕਿ ਰਾਤ ਸਮੇਂ ਡਰੋਨ ਐਕਟੀਵਿਟੀ ਹੋਈ ਹੈ, ਜਿਸ 'ਤੇ ਬੀ.ਐੱਸ.ਐੱਫ. ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਪੁਲਸ ਪਾਰਟੀ ਨੇ ਚੌਕੀ ਏਰੀਏ ਦਾ ਸਰਚ ਅਪ੍ਰੇਸ਼ਨ ਚਲਾਇਆ ਤਾਂ ਜ਼ਮੀਨ ਵਿੱਚੋਂ ਇਕ ਪੈਕਟ ਬਰਾਮਦ ਹੋਇਆ, ਜਿਸ 'ਤੇ ਪੀਲੀ ਟੇਪ ਲਪੇਟੀ ਹੋਈ ਸੀ ਅਤੇ ਇਕ ਪੈਕਟ ਖੁੱਲ੍ਹਿਆ ਹੋਇਆ ਹੈਰੋਇਨ ਸਮੇਤ ਇੱਕ ਬੈਟਰੀ ਛੋਟੀ, ਛੱਲਾ ਲੋਹਾ ਬਰਾਮਦ ਹੋਇਆ, ਜੋ ਡਰੋਨ ਰਾਹੀਂ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਪਾਕਿਸਤਾਨ ਤੋਂ ਮੰਗਵਾਇਆ ਗਿਆ ਸੀ। ਇੰਸਪੈਕਟਰ ਰਕੇਸ਼ ਯਾਦਵ ਕੰਪਨੀ ਕਮਾਂਡਰ 52 ਬਟਾਲੀਅਨ ਬੀ.ਐੱਸ.ਐੱਫ. ਦੇ ਬਿਆਨਾਂ ਦੇ ਅਧਾਰ 'ਤੇ ਥਾਣਾ ਸਦਰ ਵਿਖੇ ਅਣਪਛਾਤੇ ਵਿਅਕਤੀ ਖਿਲਾਫ ਧਾਰਾ 22 (ਸੀ),61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਆਈ ਸੀ ਐੱਮ ਇੰਸਟੀਚਿਊਟ ਅਮਲੋਹ ਦਾ ਲਾਇਸੰਸ ਰੱਦ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ ਫਤਹਿਗੜ੍ਹ ਸਾਹਿਬ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਪੰਜਾਬ ਪ੍ਰੀਵੈਨਸ਼ਨ ਆਫ ਹਿਊਮਨ ਸਮੱਗਲਿੰਗ ਐਕਟ 2012 (ਪੰਜਾਬ ਐਕਟ, ਨੰ. 2 ਆਫ 2013) ਦੇ ਸੈਕਸ਼ਨ 6 (ਆਈ) (ਜੀ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਆਈ ਸੀ ਐੱਮ ਇੰਸਟੀਚਿਊਟ, ਨੇੜੇ ਸੰਤ ਨਿਰੰਕਾਰੀ ਭਵਨ, ਖੰਨਾ ਰੋਡ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਆਇਲਟਸ ਇੰਸਟੀਚਿਊਟ ਦਾ ਲਾਇਸੰਸ ਨੰ.27/ਐਮ.ਸੀ-1 ਮਿਤੀ 28.01.2019 ਰੱਦ ਕਰ ਦਿੱਤਾ ਹੈ।ਜ਼ਿਕਰਯੋਗ ਹੈ ਕਿ ਸ੍ਰੀ ਗੁਰਦੀਪ ਸਿੰਘ ਪੁੱਤਰ ਸ੍ਰੀ ਸੋਹਣ ਸਿੰਘ ਵਾਸੀ ਪਿੰਡ ਖੱਟੜਾ, ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਨਾਮ 'ਤੇ ਇਸ ਦਫਤਰ ਵੱਲੋਂ ਆਈ ਸੀ ਐੱਮ ਇੰਸਟੀਚਿਊਟ ਦਾ ਲਾਇਸੰਸ ਨੰ. 27/ਐਮ ਸੀ-1, ਮਿਤੀ 27.01.2024 ਤੱਕ ਵੈਲਿਡ ਸੀ, ਜਿਸ ਦੀ ਮਿਆਦ ਖਤਮ ਹੋ ਚੁੱਕੀ ਹੈ।ਗੁਰਦੀਪ ਸਿੰਘ ਨੂੰ 15 ਦਿਨਾਂ ਦੇ ਅੰਦਰ ਅੰਦਰ ਲਾਇਸੰਸ ਰੀਨਿਊ ਕਰਨ ਲਈ ਅਪਲਾਈ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ, ਪਰ ਪ੍ਰਾਰਥੀ ਵੱਲੋਂ ਲਗਭਗ ਇੱਕ ਮਹੀਨਾ 10 ਦਿਨ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਲਾਇਸੰਸ ਰੀਨਿਊ ਕਰਨ ਲਈ ਦਰਖਾਸਤ ਪੇਸ਼ ਨਹੀਂ ਕੀਤੀ ਗਈ, ਇਸ ਲਈ ਇਹ ਲਾਇਸੰਸ ਰੱਦ ਕਰ ਦਿੱਤਾ ਗਿਆ।ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਿਕ ਕਿਸੇ ਵੀ ਕਿਸਮ ਦੀ ਕੋਈ ਵੀ ਸ਼ਿਕਾਇਤ ਆਦਿ ਦਾ ਉਕਤ ਲਾਇਸੰਸੀ ਹਰ ਪੱਖੋਂ ਜ਼ਿੰਮੇਵਾਰ ਹੋਵੇਗਾ ਤੇ ਇਸ ਦੀ ਭਰਪਾਈ ਕਰਨ ਦਾ ਵੀ ਜ਼ਿੰਮੇਵਾਰ ਹੋਵੇਗਾ।

# ਸ਼ੁਤਰਾਣਾ ਦੇ ਕਾਂਗਰਸੀਆਂ ਵੱਲੋਂ ਡਾਕਟਰ ਗਾਂਧੀ ਨਾਲ ਮੁਲਾਕਾਤ

■ ਨਵੇਂ ਚੁਣੇ ਗਏ ਲੋਕ ਸਭਾ ਮੈਂਬਰ ਨੂੰ ਦਿੱਤੀ ਮੁਬਾਰਕਬਾਦ


ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੂੰ ਮੁਬਾਰਕਬਾਦ ਦਿੰਦੇ ਹੋਏ ਹਲਕਾ ਸ਼ੁਤਰਾਣਾ ਦੇ ਕਾਂਗਰਸੀ ਆਗੂ ਤੇ ਵਰਕਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਸ਼ਾਨਦਾਰ ਜਿੱਤ ਦਰਜ ਕਰਵਾਏ ਜਾਣ ਮਗਰੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਕਾਂਗਰਸੀਆਂ ਨੇ ਡਾਕਟਰ ਗਾਂਧੀ ਨੂੰ ਮੁਬਾਰਕਬਾਦ ਦਿੱਤੀ।ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ ਡਾਕਟਰ ਗਾਂਧੀ ਨਾਲ ਮੁਲਾਕਾਤ ਕਰਕੇ ਹਲਕਾ ਸ਼ੁਤਰਾਣਾ ਦੇ ਸ਼ਹਿਰਾਂ ਤੇ ਪਿੰਡਾਂ ਦੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ।ਇਸ ਦੌਰਾਨ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਹਲਕੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ।ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨਾਲ ਮੁਲਾਕਾਤ ਸਮੇਂ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਦੱਸਿਆ ਕਿ ਮੌਜੂਦਾ ਸਮੇਂ ਦੌਰਾਨ ਜਦੋਂ ਦੇਸ਼ ਵਿੱਚ ਜਮਹੂਰੀਅਤ ਖਤਰੇ ਵਿੱਚ ਨਜ਼ਰ ਆ ਰਹੀ ਸੀ, ਉਸ ਸਮੇਂ ਸੰਵਿਧਾਨ ਦੀ ਰਾਖੀ ਕਰਨ ਲਈ ਮੈਦਾਨ ਵਿੱਚ ਵਿਰੋਧੀ ਧਿਰਾਂ ਵੱਲੋਂ ਬਣਾਏ ਗਏ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਵਿੱਚ ਦੇਸ਼ ਦੇ ਲੋਕਾਂ ਨੇ ਵੱਡੇ ਪੱਧਰ ਉੱਤੇ ਭਰੋਸਾ ਪ੍ਰਗਟ ਕੀਤਾ ਹੈ। ਉਨ੍ਹਾ ਕਿਹਾ ਕਿ ਲੋਕ ਸਭਾ ਹਲਕਾ ਪਟਿਆਲਾ ਤੋਂ ਚੁਣੇ ਗਏ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਲੋਕਤੰਤਰ ਨੂੰ ਪ੍ਰਣਾਏ ਹੋਏ ਹਨ।ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਵੱਡੇ ਪੱਧਰ ਉੱਤੇ ਸਮੱਸਿਆਵਾਂ ਦਾ ਹੱਲ ਕਰਵਾਇਆ ਸੀ ਤੇ ਹੁਣ ਵੀ ਆਪਣੀ ਲੋਕ ਪੱਖੀ ਸੋਚ ਸਦਕਾ ਉਹ ਸਮੱਸਿਆਵਾਂ ਨੂੰ ਦੂਰ ਕਰਨ ਲਈ ਪੂਰੀ ਤਰ੍ਹਾਂ ਸੁਹਿਰਦ ਹਨ।ਇਸ ਦੌਰਾਨ ਉਨ੍ਹਾਂ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਡਾਕਟਰ ਗਾਂਧੀ ਦੀ ਚੋਣ ਮੁਹਿੰਮ ਵਿੱਚ ਵੱਡੇ ਪੱਧਰ ਉੱਤੇ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਂਗਰਸ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਮਤੌਲੀ, ਨੌਜਵਾਨ ਆਗੂ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ, ਸਾਬਕਾ ਸਰਪੰਚ ਮੋਹਰ ਸਿੰਘ ਜਿਉਣਪੁਰਾ, ਜਾਨਪਾਲ ਸਿੰਘ ਕੋਟੀਆਂ, ਸਰਪੰਚ ਹਰਦੀਪ ਸਿੰਘ ਕੁਲਾਰ, ਜੋਗਿੰਦਰ ਸਿੰਘ ਨੂਰਪੁਰਾ ਆਦਿ ਹਾਜ਼ਰ ਸਨ।

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਨਵੇਂ ਭਵਨ ਲਈ ਖਰੀਦੀ ਜਗ੍ਹਾ 'ਤੇ ਵਿਸ਼ਾਲ ਸਮਾਗਮ

**ਰਾਜਪੁਰਾ/ਸਮਾਣਾ (ਰਮੇਸ਼ ਕਟਾਰੀਆ/ਇਕਬਾਲ ਸਿੰਘ ਬੱਲ)**
ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਸਮਾਣਾ ਦੇ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਰੰਕਾਰੀ ਮੰਡਲ ਦੀ ਬ੍ਰਾਂਚ ਰਾਜਪੁਰਾ ਵੱਲੋ ਰਾਜਪੁਰਾ ਬ੍ਰਾਂਚ ਦੇ ਸੰਯੋਜਕ ਤੇ ਜ਼ੋਨਲ ਇੰਚਾਰਜ ਪਟਿਆਲਾ ਸ਼੍ਰੀ ਰਾਧੇ ਸ਼ਾਮ ਦੀ ਅਗਵਾਈ ਹੇਠ ਰਾਜਪੁਰਾ ਦੇ ਨਵੇਂ ਭਵਨ ਦੇ ਨਿਰਮਾਣ ਲਈ ਪਟਿਆਲਾ ਰੋਡ 'ਤੇ ਖਰੀਦੀ ਜ਼ਮੀਨ 'ਤੇ ਨਿਰੰਕਾਰੀ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਦਾ ਮਾਨਵ ਪਰਿਵਾਰ ਨੂੰ ਮਾਨਵ ਏਕਤਾ ਦਾ ਸੰਦੇਸ਼ ਦੇਣ ਲਈ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਕੀਤਾ ਗਿਆ, ਜਿਸ ਵਿੱਚ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਦਾ ਪਾਵਨ ਪਵਿੱਤਰ ਆਸ਼ੀਰਵਾਦ ਅਤੇ ਮਾਨਵ ਏਕਤਾ ਦਾ ਸੰਦੇਸ਼ ਦੇਣ ਲਈ ਵਿਸ਼ੇਸ਼ ਤੌਰ 'ਤੇ ਭਾਈ ਸਾਹਿਬ ਐੱਚ ਐੱਸ ਚਾਵਲਾ (ਮੈਂਬਰ ਇੰਚਾਰਜ ਪ੍ਰਚਾਰ ਪ੍ਰਸਾਰ ਪੰਜਾਬ, ਚੰਡੀਗੜ੍ਹ, ਹਿਮਾਚਲ, ਜੇ ਐਂਡ ਕੇ ਅਤੇ ਯੂ ਕੇ) ਵੱਲੋਂ ਸ਼ਿਰਕਤ ਕੀਤੀ ਗਈ।ਸਮਾਗਮ ਦੌਰਾਨ ਉਨ੍ਹਾ ਨੇ ਮੌਜੂਦ ਮਾਨਵ ਪਰਿਵਾਰ ਨੂੰ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਦਾ ਸੰਦੇਸ਼ ਦਿੱਤਾ।ਉਨ੍ਹਾਂ ਕਿਹਾ ਕਿ ਨਿਰੰਕਾਰੀ ਸੰਗਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿੱਥੇ ਨਿਰੰਕਾਰੀ ਸਤਿਸੰਗ ਭਵਨ ਛੋਟੇ ਲੱਗ ਰਹੇ ਹਨ, ਉਥੇ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਨਵੇਂ ਭਵਨਾਂ ਦਾ ਨਿਰਮਾਣ ਕਰਵਾ ਰਹੇ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਪ੍ਰਕਾਰ ਦੀ ਦਿੱਕਤ ਮਹਿਸੂਸ ਨਾ ਹੋਵੇ। ਉਨ੍ਹਾ ਕਿਹਾ ਕਿ ਸਾਨੂੰ ਵੈਰ, ਈਰਖਾ ਤੋਂ ਦੂਰ ਰਹਿ ਕੇ ਸਭ ਨਾਲ ਪਿਆਰ ਕਰਦੇ ਹੋਏ ਨਿਰੰਕਾਰ ਈਸ਼ਵਰ ਦੀ ਬੰਦਗੀ ਕਰਨੀ ਚਾਹੀਦੀ ਹੈ।ਇਸ ਸੰਤ ਸਮਾਗਮ ਵਿੱਚ ਸਹਿਯੋਗ ਦੇਣ ਲਈ ਸੰਤ ਨਿਰੰਕਾਰੀ ਮੰਡਲ ਦੇ ਜ਼ੋਨਲ ਇੰਚਾਰਜ ਪਟਿਆਲਾ ਸ਼੍ਰੀ ਰਾਧੇ ਸ਼ਾਮ ਨੇ ਨਗਰ ਕੌਂਸਲ ਰਾਜਪੁਰਾ, ਸਿਵਲ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ।ਇਸ ਸੰਤ ਸਮਾਗਮ ਦੌਰਾਨ ਰਾਜਪੁਰਾ ਦੇ ਵਿਧਾਇਕ ਮੈਡਮ ਨੀਨਾ ਮਿੱਤਲ ਦੇ ਪਤਿ ਸ਼੍ਰੀ ਅਜੈ ਮਿੱਤਲ, ਸਾਬਕਾ ਵਿਧਾਇਕ ਸ੍. ਹਰਦਿਆਲ ਸਿੰਘ ਕੰਬੋਜ, ਰਾਜਪੁਰਾ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਸ਼ਾਸਤਰੀ, ਸਾਬਕਾ ਨਗਰ ਕੌਂਸਲ ਪ੍ਰਧਾਨ ਪਰਵੀਨ ਛਾਬੜਾ, ਪਟੇਲ ਕੌਂਸਲਰ, ਜਗਨੰਦਨ ਗੁਪਤਾ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਆਸ-ਪਾਸ ਦੇ ਇਲਾਕਿਆਂ ਦੇ ਨਿਰੰਕਾਰੀ ਸ਼ਰਧਾਲੂਆਂ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਮੌਜੂਦ ਸਨ।



# ਅੰਤਰਰਾਸ਼ਟਰੀ ਫਾਦਰ ਡੇਅ ਮੌਕੇ ਆਨਲਾਈਨ ਮੁਕਾਬਲਾ ਕਰਾਇਆ ਜਾਵੇਗਾ : ਢੋਸੀਵਾਲ

■ ਇਨਾਮ ਵਜੋਂ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਜਾਣਗੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੁਨੀਆ ਭਰ ਵਿੱਚ ਹਰ ਸਾਲ 16 ਜੂਨ ਨੂੰ ਅੰਤਰਰਾਸ਼ਟਰੀ ਫਾਦਰ ਡੇਅ ਮਨਾਇਆ ਜਾਂਦਾ ਹੈ।ਇਸ ਦਿਨ ਵੱਖ-ਵੱਖ ਤਰ੍ਹਾਂ ਦੇ ਸਮਾਰੋਹ ਕਰਕੇ ਜੀਵਨ ਵਿੱਚ ਪਿਤਾ ਦੀ ਭੂਮਿਕਾ ਨੂੰ ਯਾਦ ਕੀਤਾ ਜਾਂਦਾ ਹੈ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਅੰਤਰਰਾਸ਼ਟਰੀ ਫਾਦਰ ਡੇਅ ਨੂੰ ਸਮਰਪਤ ਆਨਲਾਈਨ ਲਿਖਤੀ ਮੁਕਾਬਲਾ ਕਰਵਾਇਆ ਜਾਵੇਗਾ।ਇਸ ਮੁਕਾਬਲੇ ਸੰਬੰਧੀ ਸਾਰਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।ਇਥੇ ਇਹ ਜਾਣਕਾਰੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਦਿੱਤੀ ਹੈ।ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਅੰਤਰਰਾਸ਼ਟਰੀ ਫਾਦਰ ਡੇਅ ਅਤੇ ਜੀਵਨ ਵਿੱਚ ਪਿਤਾ ਦੀ ਮਹੱਤਤਾ ਬਾਰੇ ਲਿਖਤੀ ਵਿਚਾਰ ਉਨ੍ਹਾਂ ਦੇ ਮੋਬਾਇਲ ਨੰਬਰ 99144-23732 'ਤੇ ਭੇਜੇ ਜਾ ਸਕਦੇ ਹਨ। ਇਹ ਵਿਚਾਰ ਕਿਸੇ ਵੀ ਭਾਸ਼ਾ ਵਿੱਚ ਲੇਖ ਜਾਂ ਕਵਿਤਾ ਦੇ ਰੂਪ ਵਿੱਚ ਹੋ ਸਕਦੇ ਹਨ।

ਢੋਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਆਨਲਾਈਨ ਮੁਕਾਬਲੇ ਵਿੱਚ ਭਾਗ ਲੈਣ ਲਈ ਆਪਣੇ ਵਿਚਾਰ ਆਉਂਦੀ 15 ਜੂਨ ਸ਼ਾਮ ਦੇ 6:00 ਵਜੇ ਤੱਕ ਭੇਜੇ ਜਾ ਸਕਦੇ ਹਨ।ਇਨ੍ਹਾਂ ਵਿਚਾਰਾਂ ਦਾ ਨਤੀਜਾ ਮਿਸ਼ਨ ਵੱਲੋਂ ਨਾਮਜ਼ਦ ਤਿੰਨ ਜੱਜਾਂ 'ਤੇ ਅਧਾਰਤ ਟੀਮ ਵੱਲੋਂ ਕੀਤਾ ਜਾਵੇਗਾ।ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਮਿਸ਼ਨ ਵੱਲੋਂ ਮਨਾਏ ਜਾਣ ਵਾਲੇ ਫਾਦਰ ਡੇਅ ਸਮਾਰੋਹ ਮੌਕੇ ਨਕਦ ਇਨਾਮ ਤੇ ਸ਼ਾਨਦਾਰ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇਗਾ।

# ਚਾਉਕੇ ਤੇ ਸੂਚ 'ਚ ਸਾਉਣੀ ਦੀਆਂ ਫਸਲਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਏ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ. ਕਰਨਜੀਤ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਵਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਰਾਮਪੁਰਾ ਦੀ ਦੇਖ-ਰੇਖ ਵਿੱਚ ਪਿੰਡ ਚਾਉਕੇ ਤੇ ਸੂਚ ਵਿਖੇ ਸਾਉਣੀ ਦੀਆਂ ਫਸਲਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਏ. ਐੱਸ. ਆਈ. ਰਮਨਦੀਪ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਜਾਗਰੂਕ ਕੀਤਾ ਤੇ ਦੱਸਿਆ ਕਿ ਇਸ ਵਿਧੀ ਨਾਲ ਝੋਨਾ ਬੀਜਣ ਨਾਲ ਜਿੱਥੇ 15-20% ਪਾਣੀ ਦੀ ਬੱਚਤ ਹੁੰਦੀ ਹੈ, ਓਥੇ ਨਾਲ ਹੀ ਲੇਬਰ ਦੀ ਬੱਚਤ ਵੀ ਹੁੰਦੀ ਹੈ ਅਤੇ ਕੀੜੇ-ਮਕੌੜੇ ਤੇ ਬਿਮਾਰੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ, ਓਥੇ ਹੀ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ ਸਰਕਾਰ ਵੱਲੋਂ 1100 ਰੁਪਏ ਪ੍ਰਤੀ ਏਕੜ ਦਿੱਤੀ ਜਾਣ ਵਾਲੀ ਰਾਸ਼ੀ ਸਬੰਧੀ ਵੀ ਫਾਰਮ ਭਰਨ ਸਬੰਧੀ ਦੱਸਿਆ ਗਿਆ।ਇਸ ਉਪਰੰਤ ਉਨ੍ਹਾ ਵੱਲੋਂ ਪਰਾਲੀ ਪ੍ਰਬੰਧਨ ਲਈ ਖੇਤੀਬਾੜੀ ਸੰਦਾਂ 'ਤੇ ਚਲਦੀ ਸਬਸਿਡੀ ਭਰਨ ਬਾਰੇ ਵੀ ਦੱਸਿਆ ਗਿਆ। ਅਰੁਣਦੀਪ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਕਿਸਾਨਾਂ ਨਾਲ ਨਰਮੇ ਦੀ ਫਸਲ ਸਬੰਧੀ ਵਿਚਾਰ ਸਾਂਝੇ ਕੀਤੇ ਤੇ ਕਿਸਾਨਾਂ ਨੂੰ ਬੀਜ, ਖਾਦ ਤੇ ਕੀੜੇਮਾਰ ਦਵਾਈਆਂ ਦੇ ਪੱਕੇ ਬਿੱਲ ਲੈਣ ਲਈ ਬੇਨਤੀ ਕੀਤੀ। ਕੈਂਪ ਉਪਰੰਤ ਕਿਸਾਨਾਂ ਨੂੰ ਮਿੱਟੀ ਸਿਹਤ ਕਾਰਡ ਵੀ ਵੰਡੇ ਗਏ।

ਇਸ ਤੋਂ ਇਲਾਵਾ ਸੁਰੇਸ਼ ਕੁਮਾਰ, ਕੰਵਲਜੀਤ ਸਿੰਘ, ਸੈਫ਼ ਵੱਲੋਂ ਵੀ ਬਾਕੀ ਪਿੰਡਾਂ ਵਿੱਚ ਜਾਗਰੂਕ ਕੈਂਪ ਲਗਾਏ ਜਾ ਰਹੇ ਹਨ।ਮੱਖਣ ਸਿੰਘ ਵੱਲੋਂ ਕੈਂਪ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦਿੱਤਾ ਗਿਆ।ਇਸ ਕੈਂਪ ਵਿੱਚ ਇੰਦਰਾਜ ਸਿੰਘ, ਮੇਜਰ ਸਿੰਘ, ਅਗਾਂਹਵਧੂ ਕਿਸਾਨ ਲਾਲ ਸਿੰਘ, ਸੁਖਜਿੰਦਰ ਸਿੰਘ ਆਦਿ ਹਾਜ਼ਰ ਸਨ।

### ਬੈਂਕ ਦੀ ਮਿੰਨੀ ਬ੍ਰਾਂਚ ਤੇ ਸਾਮਾਨ ਲੈ ਕੇ ਦੇਣ ਬਹਾਨੇ ਮਾਰੀ ਠੱਗੀ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਕੈਨਰਾ ਬੈਂਕ ਦੀ ਮਿੰਨੀ ਬ੍ਰਾਂਚ ਤੇ ਹੋਰ ਸਾਮਾਨ ਲੈ ਕੇ ਦੇਣ ਦੇ ਬਹਾਨੇ 27 ਹਜ਼ਾਰ ਰੁਪਏ ਲੈ ਕੇ ਠੱਗੀ ਮਾਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਪ੍ਰਵੀਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਗਾਂਧੀ ਨਗਰ ਸਿਟੀ ਜਲਾਲਾਬਾਦ ਨੇ ਪੁਲਸ ਕੋਲ ਦਰਖਾਸਤ ਨੰਬਰ 1707-ਪੀ.ਸੀ. ਮਿਤੀ 02-04-2024 ਨੂੰ ਹਰਜੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਲੱਧੂਵਾਲਾ ਹਿਠਾੜ ਉਰਫ ਚੱਕ ਬੱਘੇਕੇ ਖਿਲਾਫ ਦਿੱਤੀ ਗਈ ਸੀ, ਜਿਸ ਵਿੱਚ ਪ੍ਰਵੀਨ ਸਿੰਘ ਨੇ ਦੱਸਿਆ ਕਿ ਹਰਜੀਤ ਸਿੰਘ ਪੁੱਤਰ ਗੁਰਮੀਤ ਸਿੰਘ ਨੇ ਉਸ ਨੂੰ ਕੈਨਰਾ ਬੈਂਕ ਦੀ ਮਿੰਨੀ ਬ੍ਰਾਂਚ ਤੇ ਹੋਰ ਸਾਜ਼ੋ ਸਾਮਾਨ ਜਿਵੇਂ ਕਿ ਪ੍ਰਿੰਟਰ, ਫਿੰਗਰ ਡਿਵਾਇਸ ਤੇ ਮਿੰਨੀ ਟੈਬ ਲੈ ਕੇ ਦੇਣ ਲਈ 27 ਹਜ਼ਾਰ ਰੁਪਏ ਲਏ ਸਨ, ਪਰ ਉਸ ਨੇ ਨਾ ਤਾਂ ਉਸ ਨੂੰ ਬੈਂਕ ਬ੍ਰਾਂਚ ਲੈ ਕੇ ਦਿੱਤੀ ਅਤੇ ਨਾ ਹੀ ਉਸ ਨੂੰ ਸਾਮਾਨ ਦਿਵਾਇਆ ਹੈ ਅਤੇ ਨਾ ਹੀ ਉਸ ਦੀ ਰਕਮ ਵਾਪਸ ਕੀਤੀ ਗਈ ਹੈ। ਜਾਂਚ ਅਧਿਕਾਰੀ ਜਰਨੈਲ ਚੰਦ ਨੇ ਦੱਸਿਆ ਕਿ ਦਰਖਾਸਤ ਦੇ ਨਾਲ ਪੜਤਾਲ ਰਿਪੋਰਟ ਸਮੇਤ ਅਪਰੂਵਲ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਦੇ ਦਫਤਰ ਵੱਲੋਂ ਜਲਾਲਾਬਾਦ ਥਾਣਾ ਸਿਟੀ ਵਿਖੇ ਭੇਜੀ ਗਈ ਸੀ, ਜਿਸ 'ਤੇ ਥਾਣਾ ਸਿਟੀ ਵਿਖੇ ਮੁਦੱਈ ਪ੍ਰਵੀਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਹਰਜੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਲੱਧੂਵਾਲਾ ਹਿਠਾੜ ਉਰਫ ਚੱਕ ਬੱਘੇਕੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

### ਜੀ ਆਈ ਐੱਸ ਲੈਬ 'ਚ ਤੇਜ਼ੀ ਨਾਲ ਚੱਲ ਰਿਹੈ ਤਤੀਮਾ ਅੱਪਡੇਟ ਦਾ ਕੰਮ : ਵਿਵੇਕ ਭਾਰਤੀ

*ਹਰ ਜ਼ਿਲ੍ਹੇ 'ਚ ਜ਼ਮੀਨੀ ਨਕਸ਼ਿਆਂ ਨੂੰ ਅੱਪਡੇਟ ਕਰਨ ਦਾ ਹੋ ਰਿਹੈ ਕੰਮ*

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੇ ਵਧੀਕ ਡਿਪਟੀ ਕਮਿਸ਼ਨਰ ਡਾ: ਵਿਵੇਕ ਭਾਰਤੀ ਨੇ ਸਥਾਨਕ ਸਰਲ ਸੈਂਟਰ ਵਿਖੇ ਸਥਾਪਤ ਕੀਤੀ ਗਈ ਜੀ.ਆਈ.ਐੱਸ. ਲੈਬ ਵਿੱਚ ਚੱਲ ਰਹੇ ਤਤੀਮਾ ਅੱਪਡੇਟ ਦੇ ਕੰਮ ਦਾ ਨਿਰੀਖਣ ਕੀਤਾ।ਏਡੀਸੀ ਭਾਰਤੀ ਨੇ ਦੱਸਿਆ ਕਿ ਸੂਬਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਜ਼ਿਲ੍ਹੇ ਵਿੱਚ ਜ਼ਮੀਨੀ ਨਕਸ਼ੇ ਨੂੰ ਅੱਪਡੇਟ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਲਈ ਜੀ ਆਈ ਐੱਸ ਲੈਬ ਸਥਾਪਤ ਕੀਤੀ ਗਈ ਹੈ, ਜਿਸ ਤਹਿਤ ਪਟਵਾਰੀਆਂ ਤੇ ਕੰਪਿਊਟਰ ਆਪ੍ਰੇਟਰਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਵੀ. ਉਮਾ ਸ਼ੰਕਰ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਤਤੀਮਾ ਅਪਡੇਟ ਦੇ ਕੰਮ ਦੀ ਸਮੀਖਿਆ ਕਰਦਿਆਂ ਕਿਹਾ ਗਿਆ ਕਿ ਜ਼ਮੀਨੀ ਸਰਵੇਖਣ ਦਾ ਅਧੂਰਾ ਕੰਮ 30 ਜੂਨ ਤੱਕ ਮੁਕੰਮਲ ਕੀਤਾ ਜਾਵੇ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਕੰਮ ਲਈ ਜੀ.ਆਈ.ਐੱਸ. ਲੈਬ ਸਥਾਪਤ ਕੀਤੀ ਗਈ ਹੈ ਅਤੇ ਇਹ ਕੰਮ ਮਿੱਥੇ ਸਮੇਂ ਅੰਦਰ ਮੁਕੰਮਲ ਕਰ ਲਿਆ ਜਾਵੇਗਾ।

# ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਹੋਮਿਓਪੈਥਿਕ ਚੈੱਕਅੱਪ ਕੈਂਪ



**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਬ੍ਰਹਮ ਗਿਆਨੀ ਭਗਤ ਨਾਮਦੇਵ ਜੀ ਸੰਗਰੂਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।ਇਸ ਮੌਕੇ ਇਸਤਰੀ ਸਤਿਸੰਗ ਸਭਾ ਵੱਲੋਂ ਪਿਛਲੇ 40 ਦਿਨਾਂ ਤੋਂ ਚੱਲ ਰਹੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਉੱਚ ਕੋਟੀ ਦੇ ਵਿਦਵਾਨ ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਪ੍ਰੀਤ ਸਿੰਘ ਬਡਬਰ ਵਾਲਿਆਂ ਵੱਲੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਉਨ੍ਹਾਂ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ।ਇਸ ਮੌਕੇ ਗੁਰਦੁਆਰਾ ਭਗਤ ਨਾਮਦੇਵ ਜੀ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਚਲਾਈ ਜਾ ਰਹੀ ਭਗਤ ਨਾਮਦੇਵ ਚੈਰੀਟੇਬਲ ਹੋਮਿਓਪੈਥਿਕ ਡਿਸਪੈਂਸਰੀ ਵਿਖੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਵਿਸ਼ੇਸ਼ ਤੌਰ 'ਤੇ ਹੋਮਿਓਪੈਥਿਕ ਕੈਂਪ ਵੀ ਲਗਾਇਆ ਗਿਆ।ਇਸ ਮੌਕੇ ਕੈਂਪ ਦੌਰਾਨ ਡਾਕਟਰ ਅਮਰਿੰਦਰ ਕੌਰ ਸੰਗਰੂਰ, ਡਾਕਟਰ ਕਰਨੈਲ ਸਿੰਘ ਧਨੌਲਾ ਤੇ ਡਾਕਟਰ ਗੁਰਜੀਤ ਸਿੰਘ ਭਵਾਨੀਗੜ੍ਹ ਦੁਆਰਾ 112 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾਕਟਰਾਂ ਦੀ ਟੀਮ ਤੇ ਹੋਰ ਮੋਹਤਵਰ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਸਨਮਾਨ ਕਰਨ ਮੌਕੇ ਇਕਾਈ ਪ੍ਰਧਾਨ ਸੁਖਦੇਵ ਸਿੰਘ ਰਤਨ, ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਦਮਦਮੀ, ਦੇਸ ਰਾਜ ਸਿੰਘ ਰੱਖਰਾਓ, ਮੀਤ ਪ੍ਰਧਾਨ ਹਰਬੰਸ ਸਿੰਘ ਗਰਚਾ, ਕੈਪਟਨ ਅਮਰਜੀਤ ਸਿੰਘ ਬੱਟੂ, ਮਾਸਟਰ ਰਜਿੰਦਰ ਸਿੰਘ ਤੱਗੜ, ਜਸਵਿੰਦਰ ਸਿੰਘ ਖਿੱਲਰੀਆਂ, ਰੁਪਿੰਦਰ ਸਿੰਘ ਤੱਗੜ, ਰਣਜੀਤ ਸਿੰਘ ਸਰਾਓ ਚੰਗਾਲ, ਮਲਕੀਤ ਸਿੰਘ ਸਾਗੂ, ਡਾਕਟਰ ਇਕਬਾਲ ਸਿੰਘ ਸਕਰੌਦੀ, ਕੁਲਵੰਤ ਸਿੰਘ ਗਰਚਾ, ਬਾਬਾ ਕੁਲਵੰਤ ਸਿੰਘ ਬੁਰਜ, ਬੀਬੀ ਸੁਰਿੰਦਰ ਕੌਰ ਭਿੰਡਰ, ਬੀਬੀ ਪ੍ਰੀਤਮ ਕੌਰ ਗਰਚਾ, ਬੀਬੀ ਚਰਨਜੀਤ ਕੌਰ, ਬੀਬੀ ਬਲਜੀਤ ਕੌਰ, ਬੀਬੀ ਕੁਲਦੀਪ ਕੌਰ ਭੱਠਲ ਤੇ ਹੋਰ ਕਮੇਟੀ ਮੈਂਬਰ ਮੌਜੂਦ ਸਨ।ਇਸ ਮੌਕੇ ਹੋਰ ਕਮੇਟੀ ਮੈਂਬਰ ਤੇ ਇਸਤਰੀ ਸਤਿਸੰਗ ਸਭਾ ਦੀਆਂ ਵੱਡੀ ਗਿਣਤੀ ਵਿੱਚ ਬੀਬੀਆਂ ਵੱਲੋਂ ਇਸ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਭਰਪੂਰ ਸਹਿਯੋਗ ਦਿੱਤਾ ਗਿਆ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ ਅੱਜ




**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਬਾ ਮੋਤੀ ਰਾਮ ਮਹਿਰਾ ਖ਼ੂਨਦਾਨ ਸੁਸਾਇਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ 159ਵਾਂ ਖ਼ੂਨਦਾਨ ਕੈਂਪ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 14 ਜੂਨ ਨੂੰ ਲਗਾਇਆ ਜਾ ਰਿਹਾ ਹੈ।ਸੁਸਾਇਟੀ ਦੇ ਪ੍ਰਧਾਨ ਸ਼ੇਰ ਸਿੰਘ ਨੇ ਦੱਸਿਆ ਕਿ ਡਾ. ਪ੍ਰਵੀਨ ਕੌਰ ਤੇ ਡਾ. ਰਿਤੇਸ਼ ਗੁਲਾਟੀ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਹਸਪਤਾਲ ਸੁਹਾਣਾ ਦੀ ਟੀਮ 14 ਜੂਨ ਨੂੰ ਸਵੇਰੇ 7.30 ਵਜੇ ਤੋਂ ਦੁਪਹਿਰ 2 ਵਜੇ ਤੱਕ ਇਸ ਕੈਂਪ 'ਚ ਖ਼ੂਨ ਇਕੱਤਰ ਕਰਨ ਲਈ ਹਾਜ਼ਰ ਰਹੇਗੀ।ਉਨ੍ਹਾਂ ਖ਼ੂਨਦਾਨੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ 'ਚ ਖ਼ੂਨਦਾਨ ਕਰਕੇ ਅਨਮੋਲ ਮਨੁੱਖੀ ਜ਼ਿੰਦਗੀਆਂ ਬਚਾਉਣ 'ਚ ਯੋਗਦਾਨ ਪਾਉਣ।ਇਸ ਮੌਕੇ ਉਨ੍ਹਾਂ ਤੋਂ ਇਲਾਵਾ ਚਰਨ ਸਿੰਘ ਸੇਖੋਂ, ਸੁਰਿੰਦਰ ਸਿੰਘ ਬਾਠ, ਕ੍ਰਿਸ਼ਨ ਸਿੰਘ ਤੇ ਅਮਰੀਕ ਸਿੰਘ ਨਾਗਰਾ ਮੌਜੂਦ ਸਨ।

# ਘਰੇਲੂ ਕੰਮਕਾਜੀ ਭੈਣਾਂ ਦੇ ਦਸਤਾਵੇਜ਼ ਪੂਰੇ ਕਰਾ ਕੇ ਸਰਕਾਰੀ ਸਹੂਲਤਾਂ ਨਾਲ ਜੋੜਨਾ ਸੇਵਾ ਦਾ ਉਦੇਸ਼ : ਜਸਪ੍ਰੀਤ



**ਮੋਗਾ (ਇਕਬਾਲ ਸਿੰਘ ਖਹਿਰਾ)**
ਮੇਰਾ ਸੁਰੱਖਿਅਤ ਘਰ ਮੁਹਿੰਮ ਦੇ ਤਹਿਤ ਸੇਵਾ ਪੰਜਾਬ ਸੰਸਥਾ ਵਲੋਂ ਘਰੇਲੂ ਕੰਮਗਾਰਾਂ ਦੀ ਸਹੂਲਤ ਵਾਸਤੇ ਦਸਤਾਵੇਜ਼ੀ ਕੈਂਪ ਲਾਇਆ ਗਿਆ। ਇਲਾਕਾ ਇੰਚਾਰਜ ਜਸਪ੍ਰੀਤ ਕੌਰ ਨੇ ਕਿਹਾ ਕਿ ਇਸ ਪਹਿਲਕਦਮੀ ਨੂੰ ਸਫ਼ਲ ਬਣਾਉਣ ਲਈ ਅਸੀਂ ਸੇਵਾ ਕੇਂਦਰ ਦੇ ਅਟੁੱਟ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਘਰੇਲੂ ਕੰਮਗਾਰ ਸਾਡੇ ਸਮਾਜ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ, ਫਿਰ ਵੀ ਉਨ੍ਹਾਂ ਨੂੰ ਜ਼ਰੂਰੀ ਸੇਵਾਵਾਂ ਅਤੇ ਦਸਤਾਵੇਜ਼ਾਂ ਤੱਕ ਪਹੁੰਚ ਕਰਨ ਵਿੱਚ ਅਕਸਰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੈਂਪ ਦਾ ਉਦੇਸ਼ ਘਰੇਲੂ ਕ੍ਰਮਚਾਰੀਆਂ ਨੂੰ ਉਨ੍ਹਾਂ ਦੀ ਭਲਾਈ ਤੇ ਰੋਜ਼ੀ-ਰੋਟੀ ਲਈ ਮਹੱਤਵਪੂਰਨ ਵੱਖ-ਵੱਖ ਸੇਵਾਵਾਂ ਦਾ ਲਾਭ ਉਠਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਕੇ ਇਸ ਪਾੜੇ ਨੂੰ ਪੂਰਾ ਕਰਨਾ ਹੈ। ਇਸ ਸਮੇਂ ਸੇਵਾ ਪੰਜਾਬ ਦੇ ਮੈਂਬਰਾਂ ਜੋ ਆਪਣੇ ਆਪ ਵਿੱਚ ਇੱਕ ਘਰੇਲੂ ਕਰਮਚਾਰੀ ਹਨ ਨੇ ਕਿਹਾ ਕਿ ਅਸੀਂ ਆਪਣੇ ਅਧਿਕਾਰਾਂ ਲਈ ਅਪੀਲ ਕਰ ਰਹੇ ਹਾਂ, ਪਰ ਸਰਕਾਰ ਤੇ ਸਾਡੇ ਮਾਲਕ ਸਾਡੀ ਲਹਿਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦੇ ਹਨ। ਸਾਨੂੰ ਹਰ ਮਹੀਨੇ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਸਾਡੇ ਕੰਮ ਦੀ ਪਛਾਣ ਦਿੱਤੀ ਜਾਵੇ।ਘਰੇਲੂ ਮਜ਼ਦੂਰਾਂ ਲਈ ਸਰਕਾਰ ਵੱਲੋਂ ਆਈ.ਐਲ.ਓ. ਕਨਵੈਨਸ਼ਨ 189 ਨੂੰ ਪ੍ਰਮਾਣਿਤ ਕੀਤਾ ਜਾਵੇ, ਘਰੇਲੂ ਮਜ਼ਦੂਰਾਂ ਲਈ ਇਕ ਵਿਸ਼ਾਲ ਵਿਆਪਕ ਕਾਨੂੰਨ, ਜਿਸ ਦੇ ਮੱਦੇਨਜ਼ਰ ਭਾਰਤ ਵੀ ਸੰਮੇਲਨ 189 ਨੂੰ ਪ੍ਰਵਾਨਗੀ ਦੇਵੇਗਾ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਪ੍ਰਦਰਸ਼ਿਤ ਕਰਨ ਦੇ ਯੋਗ ਹੋਵੇਗਾ ਕਿ ਭਾਰਤ ਮਜ਼ਦੂਰਾਂ ਦੇ ਇਸ ਕਮਜ਼ੋਰ ਵਰਗ ਦੀ ਦੇਖਭਾਲ ਕਰਦਾ ਹੈ, ਸਾਰੇ ਘਰੇਲੂ ਕਾਮਿਆਂ ਨੂੰ ਕਿਰਤ ਵਿਭਾਗ ਵਿਚ ਰਜਿਸਟਰ ਕੀਤਾ ਜਾਵੇ।

ਭੈਣਾਂ ਨੇ ਕਿਹਾ ਕਿ ਸਾਨੂੰ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਮਾਨ ਸਨਮਾਨ ਤੇ ਸੁਰੱਖਿਆ ਗਰੰਟੀ ਕੀਤੀ ਜਾਵੇ। ਇਸ ਸਮੇਂ ਸੁਖਵਿੰਦਰ ਕੌਰ, ਜਸਵਿੰਦਰ ਕੌਰ, ਤਸਵੀਰ ਕੌਰ, ਕੁਲਦੀਪ ਕੌਰ, ਪਰਮਜੀਤ ਕੌਰ, ਪ੍ਰਵੀਨ ਬੁੱਕਨਵਾਲਾ, ਵਰਖਾ ਬੱਗੀਆਣਾ ਬਸਤੀ, ਬੇਅੰਤ ਕੌਰ, ਪ੍ਰਵੀਨ ਰਾਣੀ, ਊਸ਼ਾ ਰਾਣੀ ਆਦਿ ਔਰਤਾਂ ਤੇ ਆਗੂ ਸ਼ਾਮਲ ਸਨ।

# ਚਿਰਾਗ ਪਾਸਵਾਨ ਦੇ ਕੇਂਦਰੀ ਮੰਤਰੀ ਬਣਨ 'ਤੇ ਲੱਡੂ ਵੰਡੇ



**ਭੀਖੀ (ਧਰਮਵੀਰ ਸ਼ਰਮਾ)**-ਲੋਕ ਜਨ ਸ਼ਕਤੀ ਪਾਰਟੀ (ਪਾਸਵਾਨ) ਦੇ ਕੌਮੀ ਪ੍ਰਧਾਨ ਚਿਰਾਗ ਪਾਸਵਾਨ ਦੇ ਕੇਂਦਰ ਦੀ ਮੋਦੀ ਸਰਕਾਰ ਵਿੱਚ ਫੂਡ ਪ੍ਰੋਸੈਸਿੰਗ ਮੰਤਰੀ ਬਨਣ 'ਤੇ ਪਾਰਟੀ ਦੇ ਐੱਸ ਸੀ/ਐੱਸ ਟੀ ਵਿੰਗ ਦੇ ਸੂਬਾ ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਕਾਲੇਕੇ ਨੇ ਸਥਾਨਕ ਬੱਸ ਸਟੈਂਡ ਵਿਖੇ ਲੱਡੂ ਵੰਡੇ।ਇਸ ਮੌਕੇ ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲੋਕ ਜਨ ਸ਼ਕਤੀ ਪਾਰਟੀ ਦੇ ਕੌਮੀ ਪ੍ਰਧਾਨ ਚਿਰਾਗ ਪਾਸਵਾਨ ਨੂੰ ਮੰਤਰੀ ਬਣਾ ਕੇ ਪਾਰਟੀ ਨੂੰ ਮਾਣ ਬਖ਼ਸ਼ਿਆ ਹੈ।ਉਨ੍ਹਾ ਕਿਹਾ ਕਿ ਉਨ੍ਹਾਂ ਦੀ ਇਸ ਨਿਯੁਕਤੀ ਨਾਲ ਸੂਬੇ ਅੰਦਰ ਫੂਡ ਪ੍ਰੋਸੈਸਿੰਗ ਯੂਨਿਟਾਂ ਨੂੰ ਉਤਸ਼ਾਹਤ ਕਰਕੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਨੂੰ ਪਹਿਲ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਪਾਰਟੀ ਨੂੰ ਸੂਬੇ ਅੰਦਰ ਲੋਕ ਜਨ ਸ਼ਕਤੀ ਪਾਰਟੀ ਦਾ ਜਨ ਅਧਾਰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪੱਧਰੀ ਮੁਹਿੰਮ ਚਲਾ ਕੇ ਲੋਕਾਂ ਨਾਲ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਕੇ ਪਾਰਟੀ ਨਾਲ ਜੋੜਿਆ ਜਾਵੇਗਾ।ਉਨ੍ਹਾ ਪਾਰਟੀ ਦੇ ਕੌਮੀ ਪ੍ਰਧਾਨ ਚਿਰਾਗ ਪਾਸਵਾਨ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਲੈਣ ਦਾ ਭਰਵਾਂ ਸਵਾਗਤ ਕਰਦਿਆਂ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਅੰਮ੍ਰਿਤਪਾਲ ਦਾਸ ਬਾਵਾ, ਕੁਲਦੀਪ ਖੀਵਾ, ਅਮਨ ਸਿੰਘ ਤੇ ਜਸਪ੍ਰੀਤ ਸਿੰਘ ਖੀਵਾ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਵਿਸ਼ੇਸ਼ ਸਿਖਲਾਈ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਤੇ ਪੋਸਟ ਗ੍ਰੈਜੂਏਟ ਮੈਨੇਜਮੈਂਟ ਸਟੱਡੀਜ਼ ਵਿਭਾਗ ਨਾਲ ਮਿਲ ਕੇ ਨਾਮਵਰ ਕੰਪਨੀ ਬਜਾਜ ਫਿਨਸਰਵ ਲਿਮਟਿਡ ਦੇ ਸਹਿਯੋਗ ਨਾਲ ਵਿਦਿਆਰਥੀਆਂ ਦਾ ਵਿਸ਼ੇਸ਼ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿੱਚ ਉਨ੍ਹਾਂ ਨੇ ਬੈਂਕਿੰਗ, ਵਿੱਤ ਤੇ ਬੀਮਾ ਵਿੱਚ 100 ਘੰਟੇ ਦਾ ਸਰਟੀਫਿਕੇਟ ਪ੍ਰੋਗਰਾਮ ਸਫ਼ਲਤਾਪੂਰਵਕ ਪੂਰਾ ਕੀਤਾ।ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੈਂਕਿੰਗ, ਵਿੱਤ ਤੇ ਬੀਮਾ ਕੰਪਨੀਆਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਦ੍ਰਿਸ਼ਟੀਕੋਣ ਨਾਲ ਗ੍ਰੈਜੂਏਸ਼ਨ ਦੇ ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਤੇ ਜ਼ਰੂਰੀ ਹੁਨਰ ਪ੍ਰਦਾਨ ਕਰਨਾ ਸੀ।ਇਸ ਪ੍ਰੋਗਰਾਮ ਵਿੱਚ ਕੁੱਲ 37 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 27 ਵਿਦਿਆਰਥੀਆਂ ਨੂੰ ਬਜਾਜ ਫਿਨਸਰਵ ਲਿਮਟਿਡ ਦੁਆਰਾ ਆਯੋਜਤ ਐੱਚ. ਆਰ. ਵਰਕਸ਼ਾਪ ਵਿੱਚ ਵਿਸ਼ੇਸ਼ ਤੌਰ 'ਤੇ ਸਟਾਰ ਸਰਟੀਫਿਕੇਸ਼ਨ ਪ੍ਰਦਾਨ ਕੀਤੀ ਗਈ, ਜਿਨ੍ਹਾਂ ਨੂੰ ਭਵਿੱਖ ਵਿੱਚ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ।ਇਸ ਪ੍ਰੋਗਰਾਮ ਦੌਰਾਨ ਕੰਪਨੀ ਦੇ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਟੀਚਾ ਨਿਰਧਾਰਨ, ਰਵੱਈਆ, ਸੰਚਾਰ ਹੁਨਰ, ਸ਼ਖ਼ਸੀਅਤ ਵਿਕਾਸ, ਇੰਟਰਵਿਊ ਦੇ ਹੁਨਰ ਤੇ ਬੈਂਕਿੰਗ, ਵਿੱਤ ਤੇ ਬੀਮਾ ਕੰਪਨੀਆਂ ਨਾਲ ਸਬੰਧਤ ਤਕਨੀਕੀ ਹੁਨਰਾਂ ਆਦਿ ਮਹੱਤਵਪੂਰਨ ਵਿਸ਼ਿਆਂ 'ਤੇ ਜਾਣਕਾਰੀ ਪ੍ਰਦਾਨ ਕੀਤੀ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕਾਰਪੋਰੇਟ ਸੈਕਟਰਾਂ ਵੱਲੋਂ ਪ੍ਰਦਾਨ ਕੀਤੀ ਗਈ ਅਜਿਹੀ ਸਿੱਖਿਆ ਭਰਪੂਰ ਪ੍ਰੈਕਟੀਕਲ ਟ੍ਰੇਨਿੰਗ ਵਿਦਿਆਰਥੀਆਂ ਦੇ ਬੈਂਕਿੰਗ ਤੇ ਵਿੱਤ ਦੇ ਖੇਤਰ ਨਾਲ ਸੰਬੰਧਤ ਵਿਹਾਰਕ ਗਿਆਨ ਵਧਾਉਣ ਵਿੱਚ ਬਹੁਤ ਸਹਾਇਕ ਸਿੱਧ ਹੁੰਦੀ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਾਰਪੋਰੇਟ ਸਿਖਲਾਈ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਤੇ ਹੁਨਰ ਪ੍ਰਦਾਨ ਕਰਨ ਲਈ ਅਜਿਹੀਆਂ ਉਸਾਰੂ ਗਤੀਵਿਧੀਆਂ ਦੀ ਵੱਡਮੁੱਲੀ ਭੂਮਿਕਾ ਨੂੰ ਉਜਾਗਰ ਕੀਤਾ।ਡੀਨ ਪਲੇਸਮੈਂਟ ਡਾ. ਜਗਦੀਸ਼ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਪਲੇਸਮੈਂਟ ਅਫ਼ਸਰ ਡਾ. ਸੌਰਵ ਸ਼ਰਮਾ ਨੇ ਵਿਦਿਆਰਥੀਆਂ ਦੇ ਵਿਹਾਰਕ ਗਿਆਨ ਨੂੰ ਵਧਾਉਣ ਲਈ ਅਜਿਹੀ ਪ੍ਰੈਕਟੀਕਲ ਸਿਖਲਾਈ ਦੀ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਨਾਲ ਹੀ ਕਾਮਰਸ ਤੇ ਮੈਨੇਜਮੈਂਟ ਵਿਭਾਗ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ।

# ਨਸ਼ਿਆਂ ਦੇ ਝੱਖੜ ਨੇ ਕਈ ਘਰਾਂ ਦੇ ਦੀਵੇ ਬੁਝਾ ਦਿੱਤੇ: ਡਾ. ਹਰਜੋਤ ਮੱਕੜ



ਅੰਮ੍ਰਿਤਸਰ. (ਨਰਿੰਦਰਜੀਤ ਸਿੰਘ)- ਨਸ਼ਿਆਂ ਨੇ ਕਈ ਘਰਾਂ ਦੇ ਦੀਵੇ ਬੁਝਾ ਦਿੱਤੇ।ਨਸ਼ੇ ਦੀ ਆਦੀ ਜ਼ਿੰਦਗੀ ਬਤੀਤ ਕਰ ਰਹੇ ਨੌਜਵਾਨ ਆਪਣੇ ਪਰਿਵਾਰਾਂ ਲਈ ਵੀ ਮੁਸੀਬਤ ਬਣ ਗਏ ਹਨ।ਅਜਿਹਾ ਹੀ ਇੱਕ ਮਾਮਲਾ ਅੰਮ੍ਰਿਤਸਰ ਦੇ ਲਾਹੌਰੀ ਗੇਟ ਇਲਾਕੇ ਵਿੱਚ ਸਾਹਮਣੇ ਆਇਆ ਹੈ।22 ਸਾਲਾ ਨੌਜਵਾਨ ਨਸ਼ੇ ਦਾ ਇੰਨਾ ਆਦੀ ਹੋ ਚੁੱਕਾ ਹੈ ਕਿ ਉਹ ਨਾ ਤਾਂ ਇਸ ਤੋਂ ਬਾਹਰ ਨਿਕਲ ਸਕਦਾ ਹੈ ਅਤੇ ਨਾ ਹੀ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਸਕਦਾ ਹੈ। ਵਿਧਵਾ ਬੁੱਢੀ ਮਾਂ ਅਪਾਹਜ ਹੈ ਅਤੇ ਬੈਸਾਖੀਆਂ ਦੇ ਸਹਾਰੇ ਤੁਰਦੀ ਹੈ।ਜ਼ਿੰਦਗੀ ਦੇ ਆਖਰੀ ਪੜਾਅ 'ਤੇ ਇਸ ਮਾਂ ਦੀ ਇੱਕੋ ਇੱਕ ਬੇਨਤੀ ਹੈ ਕਿ ਉਸਦਾ ਪੁੱਤਰ ਨਸ਼ਾ ਮੁਕਤ ਹੋ ਜਾਵੇ।ਇਸ 22 ਸਾਲਾ ਨੌਜਵਾਨ ਦਾ ਰਣਜੀਤ ਐਵੀਨਿਊ ਸਥਿਤ ਡਾ: ਹਰਜੋਤ ਨਿਊਰੋਸਾਈਕੈਟ੍ਰਿਕ ਸੈਂਟਰ 'ਚ ਇਲਾਜ ਚੱਲ ਰਿਹਾ ਹੈ। ਇਲਾਜ ਦੇ ਬਾਵਜੂਦ ਮਾੜੀ ਸੰਗਤ ਉਸ ਦਾ ਪਿੱਛਾ ਨਹੀਂ ਛੱਡਦੀ।ਇਲਾਜ ਦੇ ਨਾਲ-ਨਾਲ ਉਹ ਨਸ਼ਾ ਵੀ ਕਰਨਾ ਚਾਹੁੰਦਾ ਹੈ।ਇਸੇ ਲਈ ਉਸ ਨੇ ਡਾਕਟਰ ਨੂੰ ਹਸਪਤਾਲ ਤੋਂ ਛੁੱਟੀ ਦੇਣ ਲਈ ਕਿਹਾ।ਉਸ ਨੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਘਰ ਜਾ ਕੇ ਹੀ ਇਲਾਜ ਕਰਵਾਏਗਾ।ਅਜਿਹੇ 'ਚ ਜਦੋਂ ਡਾ. ਹਰਜੋਤ ਮੱਕੜ ਨੇ ਨੌਜਵਾਨ ਨੂੰ ਆਪਣੇ ਗਲੇ 'ਚੋਂ ਐਂਜੀਓ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ। ਡਾ: ਮੱਕੜ ਨੇ ਉਸ ਨੂੰ ਕਿਹਾ ਕਿ ਨਿਯਮਾਂ ਅਨੁਸਾਰ ਉਸ ਨੇ ਐਂਜੀਓ ਖੋਲ੍ਹਣਾ ਹੈ, ਪਰ ਨੌਜਵਾਨ ਨਹੀਂ ਮੰਨਿਆ। ਡਾ: ਮੱਕੜ ਨੂੰ ਸ਼ੱਕ ਸੀ ਕਿ ਇਹ ਨੌਜਵਾਨ ਐਂਜੀਓ ਰਾਹੀਂ ਉਸ ਦੇ ਸਰੀਰ ਵਿਚ ਨਸ਼ੇ ਦਾ ਟੀਕਾ ਲਗਾਉਣਾ ਚਾਹੁੰਦਾ ਸੀ।ਦਰਅਸਲ ਨੌਜਵਾਨ ਦੇ ਗੁੱਟ ਦੀਆਂ ਸਾਰੀਆਂ ਨਾੜਾਂ ਸੂਈਆਂ ਨਾਲ ਭਰੀਆਂ ਹੋਈਆਂ ਸਨ।ਦੱਸ ਦਈਏ ਕਿ ਐਂਜੀਓ ਇਕ ਅਜਿਹਾ ਯੰਤਰ ਹੈ ਜਿਸ ਨੂੰ ਨਾੜੀ 'ਚ ਫਿੱਟ ਕੀਤਾ ਜਾਂਦਾ ਹੈ ਅਤੇ ਇਸ ਦੇ ਜ਼ਰੀਏ ਸਰੀਰ 'ਚ ਗਲੂਕੋਜ਼ ਅਤੇ ਦਵਾਈਆਂ ਭੇਜੀਆਂ ਜਾਂਦੀਆਂ ਹਨ। ਪਰ ਨੌਜਵਾਨ ਦਾ ਮਨੋਰਥ ਐਂਜੀਓ ਰਾਹੀਂ ਨਸ਼ੇ ਦਾ ਸੇਵਨ ਕਰਨਾ ਸੀ।ਸਟਾਫ਼ ਦੀ ਮਦਦ ਨਾਲ ਨੌਜਵਾਨ ਦੀ ਐਂਜੀਓ ਪ੍ਰਕਿਰਿਆ ਕਰਵਾਈ।ਜਿਵੇਂ ਹੀ ਐਂਜੀਓ ਬਾਹਰ ਆਇਆ, ਨੌਜਵਾਨ ਜਾਣਬੁੱਝ ਕੇ ਹੇਠਾਂ ਡਿੱਗ ਪਿਆ ਅਤੇ ਡਰਾਮਾ ਕਰਨ ਲੱਗਾ।ਮਾਂ ਨੇ ਡਾ. ਮੱਕੜ ਅੱਗੇ ਹੱਥ ਜੋੜ ਕੇ ਨੌਜਵਾਨ ਨੂੰ ਨਸ਼ਾ ਮੁਕਤ ਕਰਨ ਲਈ ਕਿਹਾ। ਡਾ: ਮੱਕੜ ਨੇ ਕਿਹਾ ਕਿ ਵਿਅਕਤੀ ਉਸ ਵੇਲੇ ਤਕ ਨਸ਼ਾ ਮੁਕਤ ਨਹੀਂ ਹੋ ਸਕਦਾ ਜਦੋਂ ਤੱਕ ਉਸ ਵਿੱਚ ਇੱਛਾ ਸ਼ਕਤੀ ਨਹੀਂ ਹੁੰਦੀ।ਡਾ. ਮੱਕੜ ਅਨੁਸਾਰ ਅਜਿਹੇ ਅਣਗਿਣਤ ਮਾਮਲੇ ਉਨ੍ਹਾਂ ਦੇ ਧਿਆਨ ਵਿੱਚ ਆ ਰਹੇ ਹਨ, ਜਿਨ੍ਹਾਂ ਵਿੱਚ ਨੌਜਵਾਨ ਨਸ਼ਾ ਛੁਡਾਊ ਦਵਾਈਆਂ ਲੈ ਰਹੇ ਹਨ ਅਤੇ ਨਸ਼ਾ ਵੀ ਕਰ ਰਹੇ ਹਨ।ਨਸ਼ੇ ਕਾਰਨ ਨੌਜਵਾਨ ਦਾ ਲੀਵਰ ਖਰਾਬ ਹੋ ਗਿਆ ਹੈ, ਗੁਰਦੇ ਪ੍ਰਭਾਵਿਤ ਹੋ ਰਹੇ ਹਨ।ਡਾ: ਮੱਕੜ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।

# ਆਮ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ : ਵੈੱਲਫੇਅਰ ਐਸੋਸੀਏਸ਼ਨ

ਵੇਰਕਾ (ਰਾਣਾ) ਰਾਜ ਸਰਕਾਰ ਵੱਲੋਂ ਐਤਕੀਂ ਅਧਿਆਪਕਾਂ ਦੀਆਂ ਆਮ ਬਦਲੀਆਂ ਕਰਨ ਤੋਂ ਪਹਿਲਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਘੱਟ ਅਤੇ ਵੱਧ ਗਿਣਤੀ ਦੇ ਅਧਾਰ 'ਤੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਤਾਂ ਜੋ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਅਜੋਕੇ ਯੁੱਗ ਦੇ ਹਾਣੀ ਬਣਾਉਣ ਲਈ ਅਧਿਆਪਕਾਂ ਦੀ ਘਾਟ ਪੂਰੀ ਕਰਦੇ ਹੋਏ ਉੱਚਤਮ ਤੇ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸੀਨੀਅਰ ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਸੂਬਾਈ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਸੀਨੀ: ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਮਜੀਠਾ, ਲੈਕ: ਮੁਖਤਿਆਰ ਸਿੰਘ ਸਹੋਤਾ, ਅਮਰਿੰਦਰ ਸਿੰਘ ਛੀਨਾ, ਮਨਜੀਤ ਸਿੰਘ ਸੋਹੀਆ ਖੁਰਦ, ਕਸਮੀਰ ਸਿੰਘ ਸੋਹੀਆ, ਸੀ.ਐਚ.ਟੀ ਵਰਿੰਦਰ ਸਿੰਘ ਸੈਂਸਰਾ ਕਲਾਂ, ਹਰਵਿੰਦਰ ਸਿੰਘ ਕੱਥੂਨੰਗਲ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਡਾਇਰੈਕਟਰ ਸਿੱਖਿਆ ਸਕੂਲ (ਐਲੀ:ਸਿੱ:/ਸੈ:ਸਿੱ:) ਪੰਜਾਬ, ਐਸ ਏ ਐੱਸ ਨਗਰ, ਮਾਨਯੋਗ ਡੀ ਜੀ ਐਸ ਈ ਸਿੱਖਿਆ ਸਕੂਲਜ਼ ਪੰਜਾਬ ਅਜੀਤਗੜ੍ਹ ਪਾਸੋਂ ਮੰਗ ਕੀਤੀ ਹੈ ਕਿ ਐਤਕੀਂ ਅਧਿਆਪਕ ਵਰਗ ਦੀਆਂ ਆਮ ਬਦਲੀਆਂ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਇਆਂ ਬਲਾਕ ਪੱਧਰ, ਨੇੜੇ ਲੱਗਦੇ ਬਲਾਕ ਦੇ ਸਕੂਲਾਂ ਅਤੇ ਫਿਰ ਜ਼ਿਲ੍ਹਾ ਪੱਧਰ 'ਤੇ ਬੱਚਿਆਂ ਦੀ ਗਿਣਤੀ ਅਨੁਸਾਰ ਅਧਿਆਪਕ ਸਕੂਲਾਂ ਨੂੰ ਮੁਹੱਈਆ ਕਰਵਾਏ ਜਾਣ ਤਾਂ ਕਿ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ।ਪਿਛਲੇ ਕਈ ਸਾਲਾਂ ਤੋਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਰਹਿਨੁਮਾਈ ਹੇਠ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਰੈਸ਼ਨੇਲਾਈਜ਼ੇਸ਼ਨ ਨਹੀਂ ਕੀਤੀ ਗਈ ਹੈ।ਜਿਸ ਕਾਰਨ ਪੇਂਡੂ ਖੇਤਰ ਅਤੇ ਬੇਟ ਬਾਰਡਰ ਕੰਡੀ ਇਲਾਕਿਆਂ ਦੇ ਹਾਲੇ ਤੱਕ ਅਣਗਿਣਤ ਸਕੂਲ ਟੀਚਰਾਂ ਤੋਂ ਵਾਂਝੇ ਹਨ।ਉੱਥੇ ਕਈ ਸਕੂਲਾਂ ਵਿੱਚ ਤਾਂ ਮਹਿਜ ਸਕੂਲ ਖੁੱਲੇ ਰੱਖਣ ਲਈ ਸੈਂਟਰ ਹੈੱਡਟੀਚਰਾਂ ਨੂੰ ਅਧਿਆਪਕਾਂ ਦਾ ਟੱਟਵਾਂ ਆਰਜੀ ਪ੍ਰਬੰਧ ਕਰਨਾ ਪੈਂਦਾ ਹੈ।ਜਿੱਥੇ ਕਾਬਲੇਗੌਰ ਹੈ ਕਿ ਟੀਚਰਾਂ ਵੱਲੋਂ ਆਪਣੇ ਸਕੂਲ ਨੂੰ ਛੱਡ ਕੇ ਦੂਜੇ ਸਕੂਲ ਜਾਣਾ ਪਸੰਦ ਨਾ ਹੋਣ ਕਰਕੇ ਉਨ੍ਹਾਂ ਬੱਚਿਆਂ ਨੂੰ ਰੈਗੂਲਰ ਸਿੱਖਿਆ ਪ੍ਰਾਪਤ ਨਹੀਂ ਹੋ ਰਹੀ ਹੈ ਕਿਉਂਕਿ ਬੱਚੇ ਵੀ ਸਮਝਦੇ ਹਨ ਕਿ ਉਕਤ ਅਧਿਆਪਕ ਕੁਝ ਦਿਨਾਂ ਵਾਸਤੇ ਆਇਆ ਹੈ, ਹੁਣ ਨਵਾਂ ਆਉਣ ਵਾਲਾ ਹੈ। ਜਿਸ ਕਰਕੇ ਬੱਚਿਆਂ ਤੇ ਟੀਚਰ ਦਾ ਆਪਸੀ ਪੱਕਾ ਤਾਲਮੇਲ/ਸੰਬੰਧ ਕਾਇਮ ਨਾ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਚੋਖਾ ਨੁਕਸਾਨ ਹੁੰਦਾ ਹੈ।ਟੀਚਰ ਬੱਚਿਆਂ ਦੀ ਮਾਨਸਿਕਤਾ ਨਹੀਂ ਸਮਝ ਪਾਉਂਦਾ ਹੈ ਅਤੇ ਬੱਚੇ ਅਧਿਆਪਕ ਦੀ ਕਾਰਜਕੁਸ਼ਲਤਾ ਨਹੀਂ ਸਮਝ ਪਾਉਂਦੇ ਹਨ।ਇੱਥੇ ਵਰਨਣਯੋਗ ਹੈ ਕਿ ਸਰਕਾਰੀ ਸਕੂਲਾਂ ਵਿੱਚ ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀਆਂ, ਗਰੀਬ ਤੇ ਲੋੜਵੰਦ ਵਿਦਿਆਰਥੀ ਹੀ ਮਜਬੂਰੀ ਵੱਸ ਵਿਦਿਆ ਪ੍ਰਾਪਤ ਕਰਦੇ ਹਨ।ਇਨ੍ਹਾਂ ਸਕੂਲਾਂ 'ਚ ਖਾਂਦੇ-ਪੀਂਦੇ ਪਰਵਾਰ , ਸਰਕਾਰੀ ਅਤੇ ਅਰਧ ਸਰਕਾਰੀ ਕ੍ਰਮਚਾਰੀਆਂ ਦੇ ਬੱਚੇ ਪੜ੍ਹਨ ਦੀ ਬਜਾਏ ਨਿੱਜੀ/ਪ੍ਰਾਈਵੇਟ ਮਹਿੰਗੇ ਸਕੂਲਾਂ 'ਚ ਪਹਿਲਾਂ ਹੀ ਵਿੱਦਿਆ ਗ੍ਰਹਿਣ ਕਰਦੇ ਹਨ।ਭਾਵੇਂ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲ ਵਿੱਚ ਦਿੱਤੀਆਂ ਜਾਣ ਵਾਲੀਆਂ ਅਨੇਕਾਂ ਸਹੂਲਤਾਂ ਦੀਆਂ ਡੀਂਗਾਂ/ਟਾਹਰਾਂ ਮਾਰੀਆਂ ਜਾਂਦੀਆਂ ਹਨ। ਪ੍ਰੰਤੂ ਉਕਤ ਖਾਸ ਵਰਗ ਦਾ ਭਰੋਸਾ ਸਰਕਾਰਾਂ ਫਿਰ ਵੀ ਆਪਣੇ ਸਕੂਲਾਂ ਪ੍ਰਤੀ ਸਥਾਪਿਤ ਕਰਨ 'ਚ ਫਾਡੀ ਸਾਬਤ ਹੁੰਦੀਆਂ ਹਨ।ਇਸ ਦੌਰਾਨ ਜਥੇਬੰਦਕ ਆਗੂਆਂ ਨੇ ਆਖਿਆ ਕਿ ਵਾਪਰਦੇ ਉਪਰੋਕਤ ਵਰਤਾਰੇ ਦਾ ਮੁੱਖ ਕਾਰਣ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਹੋਣਾ ਹੈ। ਜਿਹੜਾ ਨਿਰਵਿਘਨ ਨਿਰੰਤਰ ਜਾਰੀ ਹੈ।ਇੱਕ ਪਾਸੇ ਤਾਂ ਬੇਲੋੜੇ ਟੀਚਰ ਸ਼ਹਿਰੀ ਸਕੂਲਾਂ 'ਚ ਨਿਯਮਾਂ ਦੇ ਉਲਟ ਤੈਨਾਤ ਹੋਏ, ਸਰਕਾਰ ਦੇ ਖਜ਼ਨੇ ਨੂੰ ਲੱਖਾਂ ਰੁਪਏ ਦਾ ਚੂਨਾ ਲਾ ਰਹੇ ਹਨ ਅਤੇ ਦੂਜੇ ਪਾਸੇ ਲੋੜਵੰਦ ਪੇਂਡੂ, ਬਾਰਡਰ ਏਰੀਏ ਦੇ ਸਕੂਲ ਟੀਚਰਾਂ ਤੋਂ ਹਾਲੇ ਸੱਖਣੇ ਹਨ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਜਥੇਬੰਦਕ ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਟੀਚਰਾਂ ਦੀਆਂ ਆਮ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਏ ਪ੍ਰਭਾਵਿਤ ਸਕੂਲਾਂ ਅੰਦਰ ਟੀਚਰਾਂ ਦੀ ਘਾਟ ਨੂੰ ਤੁਰੰਤ ਪੂਰੀ ਕੀਤਾ ਜਾਵੇ ਅਤੇ ਫਿਰ ਰਹਿੰਦੇ ਖਾਲੀ ਸਕੂਲਾਂ ਲਈ ਨਵੇਂ ਅਧਿਆਪਕ ਦੀ ਭਰਤੀ ਪ੍ਰਕਿਰਿਆ ਆਰੰਭਣ ਜਾਵੇ।

## ਮੁੱਖ ਮੰਤਰੀ ਵੱਲੋਂ ਕੁਵੈਤ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਵੈਤ ਵਿਖੇ ਬਹੁ-ਮੰਜ਼ਲਾ ਇਮਾਰਤ ਨੂੰ ਅੱਗ ਲੱਗਣ ਦੀ ਵਾਪਰੀ ਘਟਨਾ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਹਾਦਸੇ ਵਿੱਚ ਕਈ ਭਾਰਤੀਆਂ ਨੂੰ ਆਪਣੀ ਜਾਨ ਗਵਾਉਣੀ ਪਈ। ਇਕ ਸ਼ੋਕ ਸੁਨੇਹੇ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ, ਜਿਸ ਵਿੱਚ ਵੱਡੀ ਗਿਣਤੀ ਭਾਰਤੀਆਂ ਦੀ ਦਮ ਘੁਟਣ ਕਾਰਨ ਮੌਤ ਹੋਈ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਕਾਰਨ ਕਈ ਕੀਮਤੀ ਜਾਨਾਂ ਚਲੇ ਗਈਆਂ, ਜਦੋਂ ਕਿ ਕਈ ਹੋਰ ਫੱਟੜ ਹੋ ਗਏ। ਭਗਵੰਤ ਸਿੰਘ ਮਾਨ ਨੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਪੀੜਤ ਪਰਵਾਰਾਂ ਨਾਲ ਖੜ੍ਹੀ ਹੈ। ਮਾਨ ਨੇ ਕਿਹਾ ਕਿ ਇਸ ਘਟਨਾ ਬਾਰੇ ਜਾਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪੀੜਤ ਪਰਿਵਾਰਾਂ ਨੂੰ ਇਹ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖਸ਼ਣ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਰੇ ਪੰਜਾਬੀ, ਪੀੜਤ ਪਰਵਾਰਾਂ ਨਾਲ ਖੜ੍ਹੇ ਹਨ। ਉਨ੍ਹਾਂ ਇਸ ਮੰਦਭਾਗੇ ਹਾਦਸੇ ਦੇ ਜ਼ਖਮੀਆਂ ਦੇ ਜਲਦੀ ਸਿਹਤਯਾਬ ਹੋਣ ਲਈ ਵੀ ਅਰਦਾਸ ਕੀਤੀ।

# ਸਬ ਡਵੀਜ਼ਨ ਮਜੀਠਾ ਵਿਖੇ ਲੰਬਿਤ ਕੇਸਾਂ ਦਾ ਜਲਦੀ ਕੀਤਾ ਜਾਵੇਗਾ ਨਿਪਟਾਰਾ : ਐੱਸ ਡੀ ਐੱਮ



ਮਜੀਠਾ ( ਸੋਇਮ ਆਨੰਦ) ਲੋਕ ਸਭਾ ਚੋਣਾਂ ਦੌਰਾਨ ਸਬ ਡਵੀਜਨ ਮਜੀਠਾ ਵਿਖੇ ਲੰਬਿਤ ਪਏ ਕੇਸਾਂ ਦਾ ਨਿਪਟਾਰਾ ਦਫਤਰ ਸਮੇਂ ਤੋਂ ਵਾਧੂ ਸਮਾਂ ਲਗਾ ਕੇ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਰਵਿੰਦਰਪਾਲ ਸਿੰਘ ਨੇ ਮਜੀਠਾ ਦੇ ਐਸ ਡੀ ਐਮ ਵਜੋਂ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲਣ ਉਪਰੰਤ ਅਧਿਕਾਰੀਆਂ ਤੇ ਦਫਤਰ ਦੇ ਕਰਮਚਾਰੀਆਂ ਨਾਲ ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਕੀਤਾ। ਐਸ ਡੀ ਐਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਜਿਹੜੇ ਕਿ ਬਾਲ ਦੇਖ ਭਾਲ ਵਾਸਤੇ ਛੁੱਟੀ 'ਤੇ ਚਲੇ ਗਏ ਹਨ ਅਤੇ ਉਨ੍ਹਾਂ ਦੀ ਜਗ੍ਹਾ 'ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਅਰਵਿੰਦਰਪਾਲ ਸਿੰਘ ਨੂੰ ਮਜੀਠਾ ਦਾ ਵਾਧੂ ਚਾਰਜ ਦਿੱਤਾ ਗਿਆ ਹੈ।ਜਿਨ੍ਹਾਂ ਨੇ ਬਤੌਰ ਐਸ ਡੀ ਐਮ ਮਜੀਠਾ ਦਾ ਆਪਣਾ ਕਾਰਜਭਾਰ ਸੰਭਾਲਿਆ।ਆਪਣੀ ਪਲੇਠੀ ਮੀਟਿੰਗ ਦੌਰਾਨ ਉਨ੍ਹਾਂ ਨੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਖਤ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਦਫਤਰ ਵਿੱਚ ਕੋਈ ਕੇਸ ਲੰਬਿਤ ਨਾ ਰਹਿਣ ਦਿੱਤਾ ਜਾਵੇ ਦਫਤਰ ਸਮੇਂ ਤੋਂ ਵਾਧੂ ਸਮਾਂ ਲਾ ਕੇ ਸਾਰੇ ਲੰਬਿਤ ਕੇਸਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ।ਸਮੂਹ ਅਧਿਕਾਰੀ ਅਤੇ ਕਰਮਚਾਰੀ ਸਮੇਂ ਸਿਰ ਡਿਊਟੀ 'ਤੇ ਹਾਜ਼ਰ ਹੋਣ ਡਿਊਟੀ ਵਿੱਚ ਕਿਸੇ ਕਿਸਮ ਦੀ ਕੁਤਾਹੀ ਅਤੇ ਦਫਤਰ ਵਿਚ ਭ੍ਰਿਸ਼ਟਾਚਾਰ ਬਰਦਾਸ਼ਤ ਨਹੀ ਕੀਤਾ ਜਾਵੇਗਾ।ਇਸ ਮੌਕੇ ਐਸ ਡੀ ਐਮ ਅਰਵਿੰਦਰਪਾਲ ਸਿੰਘ ਦੇ ਨਾਲ ਤਹਿਸੀਲਦਾਰ ਮਜੀਠਾ ਵਿਸ਼ਾਲ ਵਰਮਾ, ਨਾਇਬ ਤਹਿਸੀਲਦਾਰ ਤਰਲੋਚਨ ਸਿੰਘ, ਰੀਡਰ ਟੂ ਐਸ ਡੀ ਐਮ ਵਰਿੰਦਰ ਭਾਟੀਆ, ਐਮ ਟੀ ਸੀ ਮੇਜਰ ਸਿੰਘ, ਚੋਣ ਕਾਨਗੋ ਦੀਪਕ ਮੋਹਨ, ਦਫਤਰ ਕਾਨਗੋ ਨਰਿੰਦਰ ਕੁਮਾਰ, ਏ ਐਸ ਐਮ ਸੰਦੀਪ ਕੌਰ, ਦੀਪਕ ਭੱਟੀ, ਲਿਆਸ ਮਸੀਹ, ਕਰਮ ਸਿੰਘ ਰੀਡਰ ਟੂ ਤਹਿਸੀਲਦਾਰ, ਦਵਿੰਦਰ ਸਿੰਘ ਸਟੈਨੋ, ਅੰਮ੍ਰਿਤਪਾਲ ਸਿੰਘ, ਜਗਮਿੰਦਰ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।

# ਲਹਿੰਦੇ ਪੰਜਾਬ ਦੀ ਅਸੈਂਬਲੀ 'ਚ ਪੰਜਾਬੀ ਬੋਲਣ 'ਤੇ ਮਿਲੀ ਮਾਨਤਾ ਦਾ ਫੋਕਲੋਰ ਰਿਸਰਚ ਅਕਾਦਮੀ ਨੇ ਕੀਤਾ ਸਵਾਗਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁਆਂਢੀ ਮੁਲਕ ਪਾਕਿਸਤਾਨ ਦੇ ਸੂਬੇ ਪੰਜਾਬ ਦੇ ਵਿਧਾਨਿਕ ਇਜਲਾਸਾਂ ਦੌਰਾਨ ਅਸੈਂਬਲੀ 'ਚ ਮਤੇ ਪੇਸ਼ ਕਰਨ ਸਮੇਤ ਬਹਿਸ 'ਚ ਪੰਜਾਬੀ ਬੋਲਣ ਨੂੰ ਕਾਨੂੰਨੀ ਮਾਨਤਾ ਮਿਲਣ 'ਤੇ ਫੋਕਲੋਰ ਰਿਸਰਚ ਅਕਾਦਮੀ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਤੇ ਸਰਪ੍ਰਸਤ ਐੱਸ. ਪ੍ਰਸ਼ੋਤਮ ਨੇ ਅਕਾਦਮੀ ਵੱਲੋਂ ਸਵਾਗਤ ਕੀਤਾ ਅਤੇ ਕਿਹਾ ਕਿ ਲਹਿੰਦੇ ਪੰਜਾਬ (ਪਾਕਿਸਤਾਨ) ਦੀ ਸੂਬਾ ਸਰਕਾਰ ਵੱਲੋਂ ਅਸੈਂਬਲੀ 'ਚ ਪੰਜਾਬੀ ਬੋਲੀ ਨੂੰ ਵਿਧਾਨਿਕ ਤੌਰ 'ਤੇ ਬੋਲਣ ਦੀ ਮਿਲੀ ਮਾਨਤਾ ਪਿੱਛੇ ਲਹਿੰਦੇ ਪੰਜਾਬ ਦੀਆਂ ਸਾਹਿਤਕ ਸੰਸਥਾਵਾਂ, ਲੇਖਕਾਂ ਤੇ ਪੰਜਾਬੀ ਮਾਂ ਬੋਲੀ ਪਿਆਰਿਆਂ ਵੱਲੋਂ ਨਿਰੰਤਰ ਕੀਤੇ ਜਾ ਰਹੇ ਬਝਵੇਂ ਤੇ ਯੋਜਨਾਬੱਧ ਸੰਘਰਸ਼ ਦਾ ਹਾਂ ਪੱਖੀ ਨਤੀਜਾ ਹੈ ਅਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਦੇ ਸੰਘਰਸ਼ ਦੀ ਹੋਈ ਇਸ ਮਹਾਨ ਪ੍ਰਾਪਤੀ ਨਾਲ ਵਿਸ਼ਵ ਭਰ 'ਚ ਭਾਸ਼ਾਵਾਂ ਪੱਖੋਂ 9ਵੇਂ ਸਥਾਨ 'ਤੇ ਗਿਣੀ ਜਾ ਰਹੀ ਪੰਜਾਬੀ ਭਾਸ਼ਾ ਲਿਖਣ ਤੇ ਪੰਜਾਬੀ ਬੋਲੀ 'ਚ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਵਾਲੇ 15 ਕਰੋੜ ਦੇ ਕਰੀਬ ਪੰਜਾਬੀ ਮਾਂ ਬੋਲੀ ਪਿਆਰਿਆਂ ਨੂੰ ਜਿੱਥੇ ਸਕੂਨ, ਸੰਤੁਸ਼ਟੀ, ਮਾਨ ਮਿਲਿਆ ਹੈ। ਉਥੇ ਵਿਸ਼ਵ ਭਰ 'ਚ ਪੰਜਾਬੀ ਮਾਂ ਬੋਲੀ ਦੀ ਭਾਸ਼ਾ ਦਾ ਕੱਦ ਵੀ ਹੋਰ ਉੱਚਾ ਹੋਇਆ ਹੈ। ਲਹਿੰਦੇ ਪੰਜਾਬ ਦੇ ਸੰਘਰਸ਼ਸ਼ੀਲ ਤੇ ਪ੍ਰਗਤੀਸ਼ੀਲ ਸਾਹਿਤਕ ਸੰਸਥਾਵਾਂ, ਸਾਹਿਤਕਾਰ ਤੇ ਪੰਜਾਬੀ ਮਾਂ ਬੋਲੀ ਦੇ ਪ੍ਰੇਮੀ ਵੀ ਇਸ ਸੰਘਰਸ਼ੀ ਮਾਨਮੱਤੀ ਪ੍ਰਾਪਤੀ ਲਈ ਵਧਾਈ ਦੇ ਹੱਕਦਾਰ ਹਨ।

ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਤੇ ਸਰਪ੍ਰਸਤ ਐੱਸ. ਪ੍ਰਸ਼ੋਤਮ ਨੇ ਅੱਗੇ ਇਹ ਵੀ ਕਿਹਾ ਕਿ ਪੰਜਾਬ 'ਚੋਂ ਕੇਂਦਰੀ ਵਜਾਰਤ 'ਚ ਬਤੌਰ ਕੇਂਦਰੀ ਰਾਜ ਮੰਤਰੀ ਵਜੋਂ ਸ਼ਾਮਲ ਕੀਤੇ ਲੁਧਿਆਣਾ ਦੇ ਸਾਬਕਾ ਸੰਸਦ ਮੈਂਬਰ ਤੇ ਇਸ ਵੇਰਾਂ ਭਾਜਪਾ ਦੀ ਟਿਕਟ 'ਤੇ ਚੋਣ ਲੜ ਕੇ ਪਿੱਛੜ ਗਏ ਰਵਨੀਤ ਸਿੰਘ ਬਿੱਟੂ ਵੱਲੋਂ ਪੰਜਾਬੀ ਚ ਆਪਣੇ ਆਹੁਦੇ ਦੀ ਸਹੁੰ ਨਾ ਚੁੱਕ ਕੇ ਪੰਜਾਬੀ ਮਾਂ ਬੋਲੀ ਨਾਲ ਵਿਤਕਰਾ ਕੀਤਾ ਹੈ ਅਤੇ ਇਹ ਵੀ ਕਿਹਾ ਕਿ ਕਿਸੇ ਵੀ ਖਿੱਤੇ ਦੇ ਤੇ ਮਨੁੱਖੀ ਵਿਕਾਸ 'ਚ ਮਾਂ ਬੋਲੀ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਕਿਸੇ ਸਿਆਸੀ ਆਗੂ, ਵਿਧਾਇਕ, ਸੰਸਦ ਮੈਂਬਰ ਜਾਂ ਨੌਕਰਸ਼ਾਹੀ ਵਲੋ ਆਪਣੀ ਮਾਂ ਬੋਲੀ 'ਚ ਆਪਣੇ ਵਿਚਾਰਾਂ ਜਾਂ ਸਰਕਾਰੀ ਕੰਮ ਕਾਜ਼ ਦਾ ਸੰਚਾਰ ਆਪਣੇ ਸੂਬੇ/ਖਿੱਤੇ ਦੇ ਲੋਕਾਂ ਤੱਕ ਪਹੁੰਚਾਉਣਾ ਇਸ ਕਰਕੇ ਸੁਖਾਲਾ ਹੁੰਦਾ ਹੈ ਕਿਉਂਕਿ ਉਸ ਸੂਬੇ ਦੇ ਲੋਕ ਆਪਣੀ ਮਾਂ ਬੋਲੀ ਦੀ ਜ਼ਬਾਨ ਬਾਖੂਬੀ ਸਮਝਦੇ ਹਨ। ਉਹਨਾਂ ਨੇ ਕੇਂਦਰੀ ਰਾਜ ਮੰਤਰੀ ਬਿੱਟੂ ਆਪਣੇ ਸੰਵਿਧਾਨਿਕ ਅਹੁਦੇ ਦੀ ਸਹੁੰ ਚੁੱਕਣ ਸਮੇਂ ਪੰਜਾਬੀ ਮਾਂ ਬੋਲੀ ਨੂੰ ਅਣਗੌਲੇ ਕੀਤੇ ਤੇ ਨਿਰਾਸ਼ਾ ਪ੍ਰਗਟ ਕਰਦਿਆਂ ਇਹ ਵੀ ਕਿਹਾ ਕਿ ਕੇਂਦਰੀ ਵਜ਼ੀਰ ਕੋਲੋਂ ਸੂਬਾ ਵਾਸੀਆਂ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਵਿਕਾਸ ਦੀਆਂ ਬਹੁਤ ਉਮੀਦਾਂ ਹੁੰਦੀਆ ਹਨ, ਜਿਸ ਉਤੇ ਪਹਿਲੇ ਪੜਾਅ ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਗੈਰ ਮਾਂ ਬੋਲੀ ਚ ਸਹੁੰ ਚੁੱਕ ਕੇ ਪੰਜਾਬੀ ਮਾਂ ਬੋਲੀ ਪਿਆਰਿਆਂ ਨੂੰ ਨਿਰਾਸ਼ ਕੀਤਾ।

# ਮੰਗਾਂ ਨੂੰ ਲੈ ਕੇ ਵਧੀਕ ਨਿਗਰਾਨ ਇੰਜੀਨੀਅਰ ਦੇ ਦਫਤਰ ਸਾਹਮਣੇ ਜ਼ੋਰਦਾਰ ਮੁਜ਼ਾਹਰਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਜਮੂਹਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਸੱਦੇ 'ਤੇ ਅੱਜ ਇੱਥੇ ਸੈਂਕੜੇ ਕਿਸਾਨ ਮਜ਼ਦੂਰ ਫਤੇਹਗੜ੍ਹ ਚੂੜੀਆਂ ਰੋਡ 'ਤੇ ਲੋਹੜੇ ਦੀ ਗਰਮੀ 'ਚ ਪਾਵਰ ਕਾਰਪੋਰੇਸ਼ਨ ਵਿਰੁੱਧ ਪ੍ਰਦਰਸ਼ਨ ਕਰਦੇ ਤੇ ਨਾਅਰੇ ਮਾਰਦੇ ਹੋਏ ਬਿਜਲੀ ਦਫਤਰ ਪਹੁੰਚੇ ਤੇ ਇੱਥੇ ਵਧੀਕ ਨਿਗਰਾਨ ਇੰਜੀਨੀਅਰ ਦੇ ਦਫਤਰ ਸਾਹਮਣੇ ਜ਼ੋਰਦਾਰ ਮੁਜ਼ਾਹਰਾ ਕੀਤਾ। ਮੁਜ਼ਾਹਰੇ ਚੇ ਪਹੁੰਚ ਕੇ ਵਧੀਕ ਨਿਗਰਾਨ ਇੰਜੀਨੀਅਰ ਪੰਜਾਬ ਰਾਜ ਕਾਰਪੋਰੇਸ਼ਨ ਨੇ ਮੰਗ ਪੱਤਰ ਲਿਆ ਅਤੇ ਮੁਜ਼ਾਹਰਾਕਾਰੀਆਂ ਨੂੰ ਯਕੀਨ ਦਿਵਾਇਆ ਕਿ ਸੜੇ ਟਰਾਂਸਫਾਰਮਰ ਜਲਦੀ ਬਦਲੇ ਜਾਣਗੇ। ਜਿਨ੍ਹਾਂ ਟਰਾਂਸਫਾਰਮਰਾਂ ਦਾ ਤੇਲ ਚੋਰੀ ਹੋਇਆਂ ਹੈ, ਉਸ ਦਾ ਤੇਲ ਜਾਣਕਾਰੀ ਮਿਲਣ ਉਪਰੰਤ ਪਾ ਦਿੱਤਾ ਜਾਵੇਗਾ। ਢਿੱਲੀਆਂ ਤਾਰਾਂ ਅਤੇ ਡਿੱਗੇ ਖੰਭਿਆਂ ਨੂੰ ਖੜ੍ਹੇ ਕਰਨ ਆਦਿ ਕਿਸਾਨਾਂ ਕੋਲੋਂ ਕੋਈ ਵੀ ਵਸੂਲੀ ਨਹੀਂ ਕੀਤੀ ਜਾਵੇਗੀ ਅਤੇ ਬਿਜਲੀ ਦੀ ਸਪਲਾਈ ਨਿਰੰਤਰ ਜਾਰੀ ਰੱਖੀ ਜਾਵੇਗੀ। ਵਫਦ ਦੀ ਮੰਗ 'ਤੇ ਐਕਸੀਅਨ ਨੇ ਵਾਅਦਾ ਕੀਤਾ ਕਿ ਘਰੇਲੂ ਬਿਜਲੀ 24 ਘੰਟੇ ਅਤੇ ਟਿਊਬਵੈਲ ਦੀ ਬਿਜਲੀ 8 ਘੰਟੇ ਦਿੱਤੀ ਜਾਵੇਗੀ। ਕਿਸਾਨ ਸਭਾ ਆਗੂਆਂ ਨੇ ਮੁੱਦਾ ਉਠਾਇਆ ਕਿ ਬਾਰਡਰ ਏਰੀਏ ਵਿੱਚ ਟਿਊਬਵੈਲ ਦੀ ਬਿਜਲੀ ਦਿਨ ਵੇਲੇ ਦਿੱਤੀ ਜਾਵੇ। ਐਕਸੀਅਨ ਨੇ ਇਹ ਮੰਗ ਵੀ ਤੁਰੰਤ ਮੰਨ ਲਈ। ਉਨ੍ਹਾਂ ਇਹ ਵੀ ਦੱਸਿਆ ਕਿ 24 ਜੁਲਾਈ ਤੱਕ ਟਿਊਬਵੈਲ ਤੇ ਘਰੇਲੂ ਬਿਜਲੀ ਖਪਤਕਾਰ ਦੇ ਘੱਟ ਰੇਟਾਂ 'ਤੇ ਆਪਣਾ ਲੋਡ ਵਧਾ ਸਕਦੇ ਹਨ। ਡੈਪੂਟੇਸ਼ਨ ਨੇ ਜ਼ੋਰਦਾਰ ਅਵਾਜ਼ ਉਠਾਈ ਕਿ ਪਾਵਰ ਕਾਰਪੋਰੇਸ਼ਨ ਦੇ ਬਹੁਤੇ ਮੁਲਾਜ਼ਮ ਪੈਸੇ ਲੈਣ ਤੋਂ ਬਗੈਰ ਕੰਮ ਨਹੀਂ ਕਰਦੇ ਤਾਂ ਐਕਸੀਅਨ ਨੇ ਕਿਹਾ ਕਿ ਅਜਿਹੇ ਕੇਸ ਮੇਰੇ ਧਿਆਨ ਵਿੱਚ ਲਿਆਉ ਤੁਰੰਤ ਉਨ੍ਹਾਂ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਪ੍ਰੀਪੇਡ ਮੀਟਰ ਨਹੀਂ ਲਗਾਏ ਜਾਣਗੇ। ਹੋਰਨਾਂ ਤੋਂ ਇਲਾਵਾ ਜਲੂਸ ਤੇ ਮੁਜ਼ਾਹਰੇ ਦੀ ਅਗਵਾਈ ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮੂਹਰੀ ਕਿਸਾਨ ਸਭਾ ਪੰਜਾਬ, ਕਿਸਾਨ - ਮਜ਼ਦੂਰ ਆਗੂ ਗੁਰਨਾਮ ਸਿੰਘ ਉਮਰਪੁਰਾ, ਟਹਿਲ ਸਿੰਘ ਚੇਤਨਪੁਰਾ, ਸਤਵਿੰਦਰ ਸਿੰਘ ਉਠੀਆਂ ,ਤਰਸੇਮ ਸਿੰਘ ਕਾਮਲਪੁਰਾ, ਸੁਰਜੀਤ ਸਿੰਘ ਭੂਰੇ ਗਿੱਲ , ਅਜੀਤ ਕੌਰ ਕੋਟਰਜਾਦਾ ਤੇ ਬਲਕਾਰ ਸਿੰਘ ਗੁੱਲਗੜ੍ਹ ਨੇ ਕੀਤੀ। ਮੁਜ਼ਾਹਰਾਕਾਰੀਆਂ ਵਿੱਚ ਗਾਇਕ ਗੁਰਪਾਲ ਗਿੱਲ ਸੈਦਪੁਰ, ਸ਼ਮਸ਼ੇਰ ਸਿੰਘ ਡੱਲਾ, ਹਰਨੇਕ ਸਿੰਘ ਨੇਪਾਲ, ਅਮਰਜੀਤ ਸਿੰਘ ਭਿੰਡੀ ਸੈਦਾਂ, ਅਮਰਜੀਤ ਕੌਰ ਤੇ ਦਲਬੀਰ ਕੌਰ ਬੱਲੜਵਾਲ, ਹੰਸਾ ਸਿੰਘ ਭਿੰਡੀ ਸੈਦਾਂ, ਸ਼ਮਸ਼ੇਰ ਸਿੰਘ ਮਟੀਆ, ਜੱਗਪ੍ਰੀਤ ਸਿੰਘ ਜੋਸ਼ ਆਦਿ ਸ਼ਾਮਲ ਸਨ।

# ਕੋਟਲਾ ਗੁੱਜਰਾਂ ਵਿਖੇ ਗੁਰਮਤਿ ਸਮਰ ਕੈਂਪ ਦਾ ਆਯੋਜਨ



ਮਜੀਠਾ (ਸੋਇਮ ਆਨੰਦ) ਪੰਜਾਬ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਕੀਤੀਆਂ ਗਈਆਂ ਹਨ।ਇਨ੍ਹਾਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਨੂੰ ਗੁਰਮਤਿ ਨਾਲ ਜੋੜਨ ਅਤੇ ਆਪਣੇ ਸਿੱਖ ਵਿਰਸੇ ਤੋਂ ਜਾਣੂੰ ਕਰਵਾਉਣ ਦੇ ਮਕਸਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਬਲਾਕ ਮਜੀਠਾ ਅਧੀਨ ਆਉਂਦੇ ਪਿੰਡ ਕੋਟਲਾ ਗੁੱਜਰਾਂ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਜੋਧ ਸਿੰਘ ਸਮਰਾ ਅਤੇ ਬੀਬੀ ਸਵਰਨ ਕੌਰ ਤੇੜਾ ਦੀ ਅਗਵਾਈ ਵਿੱਚ ਗੁਰਮਤਿ ਸਮਰ ਕੈਂਪ ਲਗਾਇਆ ਗਿਆ।ਜਿਸ ਵਿੱਚ ਪਿੰਡ ਤੋਂ ਵੱਡੀ ਗਿਣਤੀ ਵਿੱਚ ਸਕੂਲੀ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਗੁਰਮਤਿ ਦੀ ਪੜ੍ਹਾਈ ਕੀਤੀ ਅਤੇ ਸਿੱਖ ਵਿਰਸੇ ਸੰਬੰਧੀ ਜਾਣਕਾਰੀ ਹਾਸਲ ਕੀਤੀ।

ਬੱਚਿਆਂ ਨੂੰ ਗੁਰਮਤਿ ਦੀ ਸਿਖਲਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਭੰਗਵਾਂ ਵੱਲੋਂ ਦਿੱਤੀ ਗਈ।ਗੁਰਮਤਿ ਸਮਰ ਕੈਂਪ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਾਇਆ ਗਿਆ ਅਤੇ ਸਮਰ ਕੈਂਪ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।

ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਵੱਲੋਂ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਮੈਡਲ, ਸਰਟੀਫਿਕੇਟ, ਧਾਰਮਿਕ ਸਾਹਿਤ ਦੀਆਂ ਪੁਸਤਕਾਂ ਆਦਿ ਭੇਟ ਕੀਤੀਆਂ ਗਈਆਂ।ਇਸ ਸਮਰ ਕੈਂਪ ਦਾ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

# ਸੰਨ੍ਹ ਲਾ ਕੇ ਲੱਖਾਂ ਦੀ ਕੀਤੀ ਚੋਰੀ



ਅੱਪਰਾ (ਨਿਰਮਲ ਗੁੜਾ) ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਕੋਟਲੀ ਖੱਖਿਆਂ ਵਿਖੇ ਇਕ ਘਰ ਨੂੰ ਸੰਨ ਲਾ ਕੇ ਲੱਖਾਂ ਰੁਪਏ ਦਾ ਸਮਾਨ ਚੋਰੀ ਕੀਤੀ ਹੈ। ਜਗਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਕੋਟਲੀ ਖੱਖਿਆਂ ਨੇ ਦੱਸਿਆ ਕਿ ਉਹ ਪਰਵਾਰ ਸਮੇਤ ਖੇਤਾਂ ਵਿੱਚ ਬਣਾਏ ਘਰ 'ਚ ਲੰਮੇ ਸਮੇਂ ਤੋਂ ਰਹਿੰਦੇ ਹਨ। ਮਿਤੀ 7 ਜੂਨ ਦੀ ਰਾਤ ਨੂੰ ਉਹ ਰੋਜ਼ਾਨਾ ਦੀ ਤਰ੍ਹਾਂ ਘਰ ਦੇ ਵਿਹੜੇ ਵਿੱਚ ਸੁੱਤੇ ਸਨ । ਜਦੋਂ ਸਵੇਰੇ ਉਠ ਕੇ ਵੇਖਿਆ ਤਾਂ ਮਕਾਨ ਦੀ ਖੇਤਾਂ ਵਲ ਲਗਦੀ ਦੀਵਾਰ ਨੂੰ ਪਾੜ ਪਾਇਆ ਹੋਇਆ ਸੀ ਤੇ ਕਮਰੇ ਅੰਦਰ ਸਮਾਨ ਖਿਲਰਿਆ ਹੋਇਆ ਸੀ। ਚੋਰ ਸੋਨੇ ਦੀਆਂ ਦੋ ਚੇਨੀਆਂ, ਇਕ ਲੌਕਟ, ਇਕ ਸਿੰਙੀ, ਇਕ ਸੋਨੇ ਦਾ ਕੜਾ, ਦੋ ਜੋੜੇ ਸੋਨੇ ਦੀਆਂ ਵਾਲ਼ੀਆ, ਇਕ ਮੁੰਦਰੀ, ਤਿੰਨ ਘੜੀਆਂ, 900 ਡਾਲਰ, 100 ਪੌਂਡ ਚੋਰੀ ਕਰਕੇ ਲੈ ਗਏ। ਪੁਲਸ ਚੌਕੀ ਦੁਸਾਂਝ ਕਲਾਂ ਨੂੰ ਜਾਣਕਾਰੀ ਦੇ ਦਿੱਤੀ ਹੈ।

# ਸ਼ੰਭੂ ਬਾਰਡਰ 'ਤੇ ਚੱਲ ਰਹੇ ਮੋਰਚੇ ਸੰਬੰਧੀ ਮੀਟਿੰਗਾਂ ਦਾ ਸਿਲਸਿਲਾ ਜਾਰੀ : ਮਾਣੋਚਾਹਲ, ਸਿੱਧਵਾਂ, ਸ਼ਕਰੀ



ਚੋਹਲਾ ਸਾਹਿਬ (ਰਮਨ ਚੱਡਾ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਜ਼ਿਲ੍ਹਾ ਇੰਚਾਰਜ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ ਜ਼ਿਲ੍ਹਾ ਤਰਨ ਤਾਰਨ ਦੇ ਸਾਰੇ ਜ਼ੋਨਾਂ ਦੇ ਪਿੰਡਾਂ ਦੀਆਂ ਮੀਟਿੰਗਾਂ ਚੱਲ ਰਹੀਆਂ ਹਨ। ਲੋਕ ਵੱਡੀ ਗਿਣਤੀ ਵਿੱਚ ਕਿਸਾਨ ਆਗੂਆਂ ਦੇ ਵਿਚਾਰ ਸੁਣਨ ਲਈ ਪਿੰਡਾਂ ਵਿੱਚ ਇਕੱਠੇ ਹੋ ਰਹੇ ਹਨ। ਇਸ ਮੌਕੇ ਕਿਸਾਨ ਆਗੂਆਂ ਨੇ ਦੱਸਿਆ ਕਿ ਸ਼ੰਭੂ ਬਾਰਡਰ 'ਤੇ ਕਿਸਾਨੀ ਮੰਗਾਂ ਦੇ ਨਾਲ ਨਾਲ ਆਮ ਲੋਕਾਂ ਦੀਆਂ ਹੱਕੀ ਮੰਗਾਂ ਲਈ ਲੱਗਾ ਮੋਰਚਾ ਚੜ੍ਹਦੀ ਕਲਾ ਵਿੱਚ ਹੈ ਅਤੇ ਪਿੰਡਾਂ ਦੇ ਲੋਕਾਂ ਵਿੱਚ ਮੋਰਚੇ ਸਬੰਧੀ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪਿੰਡਾਂ ਵਿੱਚ ਮੀਟਿੰਗਾਂ ਤੋਂ ਪਤਾ ਲੱਗ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਲੋਕਾਂ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 10 ਜੁਲਾਈ ਨੂੰ ਤਰਨ ਤਾਰਨ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਕਾਫਲਾ ਸ਼ੰਭੂ ਬਾਰਡਰ 'ਤੇ ਜਾਣ ਲਈ ਰਵਾਨਾ ਹੋਵੇਗਾ ਜੋ 10 ਜੁਲਾਈ ਤੋਂ 30 ਜੁਲਾਈ ਤੱਕ ਹਾਜ਼ਰੀ ਭਰੇਗਾ। ਆਗੂਆਂ ਦੱਸਿਆ ਕਿ ਪੂਰੇ ਭਾਰਤ ਦੇ ਕਿਸਾਨਾਂ ਦੀਆਂ ਮੰਗਾਂ, ਫਸਲਾਂ ਦੇ ਭਾਅ ਕੌਮਾਂਤਰੀ ਪੱਧਰ ਨਾਲ ਜੋੜਨੇ, ਫਸਲਾਂ ਦੇ ਬੀਮੇ ਕਰਕੇ ਕਿਸਾਨਾਂ ਨੂੰ ਚਿੰਤਾ ਮੁਕਤ ਕਰਨਾ, ਮਜ਼ਦੂਰਾਂ ਨੂੰ ਮਨਰੇਗਾ ਵਿੱਚ 200 ਦਿਨ ਦਾ ਜ਼ਰੂਰੀ ਰੁਜ਼ਗਾਰ ਦੇਣਾ ਆਦਿ ਮੰਗਾਂ ਬਾਰੇ ਮੰਗ ਪੱਤਰ ਜਾਣਗੇ।

# ਸੱਚਰ ਨੇ ਸਾਥੀਆਂ ਸਮੇਤ ਗੁਰਜੀਤ ਸਿੰਘ ਔਜਲਾ ਨੂੰ ਦਿੱਤੀ ਵਧਾਈ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਵੱਲੋਂ ਜਿੱਤ ਦੀ ਹੈਟ ਟਰਿੱਕ ਨਾਲ ਤੀਜੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਸ ਨਾਲ ਗੁਰਜੀਤ ਸਿੰਘ ਔਜਲਾ ਦਾ ਸਿਆਸੀ ਕੱਦ ਹੋਰ ਵੀ ਵਧਿਆ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਮਜੀਠਾ ਹਲਕੇ ਦੇ ਕਾਂਗਰਸੀ ਆਗੂਆਂ ਨਾਵ ਗੁਰਜੀਤ ਸਿੰਘ ਔਜਲਾ ਨੂੰ ਬੁੱਕੇ ਭੇਟ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਸੱਚਰ ਨੇ ਕਿਹਾ ਕਿ ਇਹਨਾਂ ਚੋਣਾਂ ਵਿੱਚ ਦੋਵਾਂ ਹੀ ਸੱਤਾਧਾਰੀ ਪਾਰਟੀਆਂ ਕੇਂਦਰ ਵਿਚਲੀ ਭਾਜਪਾ ਦੀ ਮੋਦੀ ਸਰਕਾਰ ਤੇ ਪੰਜਾਬ ਵਿਚਲੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੋਵਾਂ ਨੂੰ ਹੀ ਮੂੰਹ ਦੀ ਖਾਣੀ ਪਈ ਇਹਨਾਂ ਸਰਕਾਰਾਂ ਨੇ ਹਰ ਹੀਲਾ ਵਰਤਿਆ ਕਿ ਕਾਂਗਰਸ ਦੇ ਉਮੀਦਵਾਰ ਨੂੰ ਜਿੱਤਣ ਨਹੀਂ ਦੇਣਾ ਪਰ ਸਦਕੇ ਜਾਈਏ ਸਮੂਹ ਹਲਕੇ ਦੇ ਵੋਟਰਾਂ ਤੇ ਸਪੋਰਟਰਾਂ ਦਾ ਜਿਨਾਂ ਨੇ ਦਿਨ ਰਾਤ ਇੱਕ ਕਰਕੇ ਏਨੀ ਵੱਡੀ ਜਿੱਤ ਦਵਾਈ।ਗੁਰਜੀਤ ਸਿੰਘ ਔਜਲਾ ਨੇ ਗੱਲ ਕਰਦਿਆਂ ਕਿਹਾ ਕਿ ਮੈਂ ਆਪਣੇ ਲੋਕ ਸਭਾ ਹਲਕੇ ਦੇ ਸਾਰੇ ਲੋਕਾਂ ਦੀ ਸਦਾ ਰਿਣੀ ਰਹਾਂਗਾ ਜਿੰਨਾਂ ਨੇ ਮੇਰੇ 'ਤੇ ਵਿਸ਼ਵਾਸ ਪ੍ਰਗਟ ਕਰਦਿਆਂ ਤੀਜੀ ਵਾਰ ਲਗਾਤਾਰ ਜਿੱਤ ਦਿਵਾਈ ਇਸ ਮੌਕੇ ਭਗਵੰਤ ਪਾਲ ਸਿੰਘ ਸੱਚਰ ਨਾਲ ਬਲਾਕ ਪ੍ਰਧਾਨ ਮਜੀਠਾ ਨਵਤੇਜ ਪਾਲ ਸਿੰਘ , ਬਲਾਕ ਪ੍ਰਧਾਨ ਸ਼ਹਿਰੀ ਮਜੀਠਾ ਨਵਦੀਪ ਸਿੰਘ ਸੋਨਾ, ਬਲਾਕ ਪ੍ਰਧਾਨ ਤਰਸਿੱਕਾ ਸਤਨਾਮ ਸਿੰਘ ਕਾਜੀਕੋਟ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸੰਮਤੀ ਮੈਂਬਰ ਤੇ ਸਰਪੰਚ ਨਿਸ਼ਾਨ ਸਿੰਘ ਭੰਗਾਲੀ, ਸ਼ਮਸ਼ੇਰ ਸਿੰਘ ਬਾਬੋਵਾਲ, ਦਲਜੀਤ ਸਿੰਘ ਪਾਖਰਪੁਰ, ਹਰਮਨ ਸਿੰਘ ਟਾਹਲੀ ਸਾਹਿਬ, ਸਾਬਕਾ ਕੌਂਸਲਰ ਪੱਪੀ ਭੱਲਾ, ਬਲਵਿੰਦਰ ਸਿੰਘ ਰੋੜੀ, ਸੁੱਖਵਿੰਦਰ ਸਿੰਘ ਮਜੀਠਾ, ਸੁੱਖਵਿੰਦਰ ਸਿੰਘ ਰੰਧਾਵਾ, ਡਾ. ਮੋਹਨ ਕੱਥੂਨੰਗਲ, ਸਰਪੰਚ ਵੀਰ ਸਿੰਘ ਚਾਟੀਵਿੰਡ, ਸ਼ਮਸ਼ੇਰ ਸਿੰਘ, ਸੁੱਖ ਭੰਗਾਲੀ, ਛਿੰਦ ਚਾਟੀਵਿੰਡ, ਚੇਤਨ ਪੰਨਵਾਂ, ਰਵੀ ਭੀਲੋਵਾਲ, ਜਰਨੈਲ ਸਿੰਘ ਰਾਮਦਿਵਾਲੀ, ਅਸ਼ੋਕ ਕੁਮਾਰ ਮੱਤੇਵਾਲ ਪਲਵਿੰਦਰ ਸਿੰਘ ਸੋਖੀ, ਗੁਰਦੇਵ ਸਿੰਘ ਭੰਗਾਲੀ, ਸੁੱਖਵਿੰਦਰ ਸਿੰਘ ਖੈੜਾ ਆਦਿ ਆਗੂ ਵੀ ਨਾਲ ਸਨ।

# ਬਿਹਤਰ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਦਾ ਸਨਮਾਨ



ਦੀਨਾਨਗਰ/ਗੁਰਦਾਸਪੁਰ (ਬਲਵਿੰਦਰ ਸਿੰਘ ਬਿੱਲਾ/ਜਨਕ ਮਹਾਜਨ) ਲੋਕ ਸਭਾ ਚੋਣਾਂ-2024 ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਬਿਹਤਰ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਏ ਆਰ ਓ-ਕਮ-ਐੱਸ ਡੀ ਐੱਮ ਦੀਨਾਨਗਰ ਗੁਰਦੇਵ ਸਿੰਘ ਧਾਮ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਦੀਨਾਨਗਰ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨ ਪੱਤਰ ਦਿੰਦਿਆਂ ਏ ਆਰ ਓ ਗੁਰਦੇਵ ਸਿੰਘ ਧਾਮ ਨੇ ਕਿਹਾ ਕਿ ਲੋਕ ਸਭਾ ਚੋਣਾਂ-2024 ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਚੋਣਾਂ ਦੇ ਕੰਮ ਵਿੱਚ ਲੱਗੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਆਪਣੀ ਚੋਣ ਡਿਊਟੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਨਿਰਪੱਖਤਾ ਨਾਲ ਨਿਭਾਇਆ ਹੈ, ਜਿਸ ਸਦਕਾ ਸਮੁੱਚਾ ਚੋਣ ਅਮਲ ਸਫਲਤਾ ਪੂਰਵਕ ਮੁਕੰਮਲ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸੇਵਾਵਾਂ ਸ਼ਲਾਘਾਯੋਗ ਸਨ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਪਾਏ ਯੋਗਦਾਨ ਸਦਕਾ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਕੋਲੋਂ ਭਵਿੱਖ ਵਿੱਚ ਵੀ ਅਜਿਹੇ ਯੋਗਦਾਨ ਦੀ ਆਸ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਮੀਟਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੀ ਮੀਟਿੰਗ ਜ਼ੋਨ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ, ਜਨਰਲ ਸਕੱਤਰ ਸਤਨਾਮ ਸਿੰਘ ਖਾਨਮਲੱਕ, ਦਵਿੰਦਰ ਸਿੰਘ ਲੋਦੀਪੁਰ, ਅਮਰੀਕ ਸਿੰਘ ਸਰਸਪੁਰ ਅਤੇ ਹਰਵਿੰਦਰ ਸਿੰਘ ਤਲਵੰਡੀ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੌਰਾਨ ਵੱਖ ਵੱਖ ਮੁੱਦਿਆਂ ਉੱਪਰ ਵਿਚਾਰ ਚਰਚਾ ਕੀਤੀ ਗਈ।

ਕਿਸਾਨ ਆਗੂਆਂ ਨੇ ਪਿੰਡਾਂ ਵਿੱਚ ਫੰਡਾਂ ਦੀ ਸਥਿਤੀ, ਸ਼ੰਭੂ ਬਾਰਡਰ ਵਿਖੇ ਲੱਗੇ ਮੋਰਚੇ ਦੌਰਾਨ ਗਰਮੀ ਦੇ ਦਿਨਾਂ ਵਿੱਚ ਗਿਣਤੀ ਨੂੰ ਬਰਕਰਾਰ ਰੱਖਣਾ, ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਿੰਡਾਂ ਵਿੱਚ ਲੋਕਾਂ ਨੂੰ ਲਾਮਬੰਦ ਕਰਨਾ, ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਣਾ, ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ 'ਤੇ ਚਿੰਤਾ ਪ੍ਰਗਟ ਕਰਦਿਆਂ ਪਿੰਡਾਂ ਅਤੇ ਖੇਤਾਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪਿੰਡਾਂ ਦੇ ਅਹਿਮ ਮਸਲਿਆਂ ਉੱਪਰ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਜ਼ੋਨ ਬੁਰਜ ਸਹਿਬ ਦੇ ਵੱਖ ਵੱਖ ਪਿੰਡਾਂ ਦੀਆਂ ਇਕਾਈਆਂ ਦੇ ਆਗੂਆਂ ਹਰਭਾਲ ਸਿੰਘ, ਕੁਲਬੀਰ ਸਿੰਘ, ਸਾਹਿਬ ਸਿੰਘ, ਅਜੀਤ ਸਿੰਘ, ਪਿੰਕੀ, ਚਰਨਜੀਤ ਕੌਰ, ਹਰਜੀਤ ਕੌਰ, ਮਨਜੀਤ ਕੌਰ, ਸਰਬਜੀਤ ਆਦਿ ਨੇ ਸ਼ਮੂਲੀਅਤ ਕੀਤੀ।



## ਭ੍ਰਿਸ਼ਟਾਚਾਰ ਦੇ ਘਾਤਕ ਰੂਪ ਨੂੰ ਨੱਥ... (ਸ.ਫ਼ਾ 4 ਦੀ ਬਾਕੀ)

ਭੂਮੀ ਪ੍ਰਸ਼ਾਸਨ ਦਾ ਭ੍ਰਿਸ਼ਟਾਚਾਰ ਵਿਲੱਖਣ ਹੈ। ਦਸਤਾਵੇਜ਼ਾਂ ਵਿੱਚ ਲੰਮਾ ਸਮਾਂ ਲੱਗਦਾ ਹੈ। ਪਰਿਵਰਤਨ, ਸੇਵਾਵਾਂ ਅਤੇ ਟੈਕਸਾਂ 'ਤੇ ਖਰਚੇ ਗਏ ਪੈਸੇ ਦਾ ਇੱਕ ਆਫਸ਼ੂਟ ਹੁੰਦਾ ਹੈ। @ਅਦਾਲਤੀ ਅਧਿਕਾਰੀ' ਨੂੰ ਪੈਸੇ ਦੇਣਾ ਅਦਾਲਤੀ ਭ੍ਰਿਸ਼ਟਾਚਾਰ ਦੀ ਮੁੱਖ ਕਿਸਮ ਹੈ। ਇੱਕ ਟਰਾਂਸਪੇਰੈਂਸੀ ਇੰਟਰਨੈਸ਼ਨਲ ਪੋਲ ਵਿੱਚ ਪਾਇਆ ਗਿਆ ਹੈ ਕਿ ਸਰਕਾਰੀ ਵਕੀਲ ਅਤੇ ਵਿਰੋਧੀ ਵਕੀਲਾਂ ਨੂੰ ਕਈ ਵਾਰ ਪੈਸੇ ਦੀ ਲੋੜ ਹੁੰਦੀ ਹੈ। ਇੱਥੋਂ ਤੱਕ ਕਿ ਰਾਸ਼ਨ ਪ੍ਰਣਾਲੀ, ਜਿੱਥੇ ਗਰੀਬੀ ਤੋਂ ਘੱਟ ਜਾਂ ਇਸ ਤੋਂ ਉਪਰਲੇ ਵਿਅਕਤੀਆਂ ਨੂੰ ਤਾਜ਼ੇ ਰਾਸ਼ਨ ਕਾਰਡਾਂ ਅਤੇ ਵੱਖ-ਵੱਖ ਵਸਤੂਆਂ ਲਈ ਨੁਕਸਦਾਰ (ਘੱਟ) ਤੋਲ ਲਈ ਭੁਗਤਾਨ ਕਰਨਾ ਚਾਹੀਦਾ ਹੈ । ਇਸ ਦੌਰਾਨ ਕਿਸੇ ਵੀ ਸ਼ਕਤੀ ਜਾਂ ਅਥਾਰਟੀ ਦੇ ਆਲੇ-ਦੁਆਲੇ ਦਾ ਸਮੂਹ ਨਿੱਜੀ ਲਾਭ ਲਈ ਪ੍ਰਭਾਵ ਜਾਂ ਕੁਨੈਕਸ਼ਨਾਂ ਨੂੰ ਲਗਾਤਾਰ ਵੇਚ ਰਿਹਾ ਹੈ, ਖਾਸ ਤੌਰ 'ਤੇ ਫੈਸਲੇ ਲੈਣ ਦੇ ਪੱਖ ਸਮੇਤ। ਪ੍ਰਭਾਵ ਵਾਲੇ ਵਪਾਰੀ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਜਾਂ ਪੱਖ ਪ੍ਰਾਪਤ ਕਰਨ ਲਈ ਫੈਸਲੇ ਲੈਣ ਵਾਲਿਆਂ ਦੀ ਵਰਤੋਂ ਕਰਦੇ ਹਨ । ਲੋਕਾਂ ਨੂੰ ਨਿੱਜੀ ਸਬੰਧਾਂ ਰਾਹੀਂ ਲਾਭ ਪ੍ਰਾਪਤ ਕਰਨ ਦੀ ਇਜਾਜ਼ਤ ਦੇਣ ਨਾਲ ਨਿਆਂ, ਖੁੱਲ੍ਹੇਪਣ ਅਤੇ ਜਵਾਬਦੇਹੀ ਕਮਜ਼ੋਰ ਹੋ ਜਾਂਦੀ ਹੈ। ਪ੍ਰਭਾਵੀ ਵਪਾਰ ਨੂੰ ਕਿਵੇਂ ਰੋਕਿਆ ਜਾਵੇ? ਇਹ ਜਨਤਕ ਵਿਸ਼ਵਾਸ ਨੂੰ ਘਟਾਉਂਦਾ ਹੈ, ਫੈਸਲੇ ਲੈਣ ਨੂੰ ਵਿਗਾੜਦਾ ਹੈ ਅਤੇ ਸਮਾਜਿਕ ਵਿਗਾੜ ਨੂੰ ਕਾਇਮ ਰੱਖਦਾ ਹੈ, ਜਿਸ ਨਾਲ ਸਮਾਜਾਂ, ਭਾਈਚਾਰਿਆਂ ਅਤੇ ਖੇਤਰ ਵਿੱਚ ਅਸੰਤੁਸ਼ਟੀ ਪੈਦਾ ਹੁੰਦੀ ਹੈ । ਇਸ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਧਮਕੀ ਘਾਤਕ ਹੋ ਸਕਦੀ ਹੈ । ਇੱਕ ਦੀਮਕ-ਵਰਗੇ ਪ੍ਰਭਾਵ ਪੈਡਲਿੰਗ ਹਿੱਤਾਂ ਦੇ ਟਕਰਾਅ ਨੂੰ ਰੋਕਣ, ਫੈਸਲੇ ਲੈਣ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ, ਅਤੇ ਸ਼ਕਤੀਸ਼ਾਲੀ ਵਿਅਕਤੀਆਂ ਜਾਂ ਸਮੂਹਾਂ ਦੇ ਅਣਉਚਿਤ ਪ੍ਰਭਾਵ ਨੂੰ ਸੀਮਤ ਕਰਨ ਲਈ ਮੌਜੂਦਾ ਕਾਨੂੰਨਾਂ ਦੀ ਸਮੀਖਿਆ ਦੀ ਲੋੜ ਹੁੰਦੀ ਹੈ । ਪ੍ਰਭਾਵੀ ਵਪਾਰ ਦਾ ਮੁਕਾਬਲਾ ਕਰਨ ਲਈ ਸਰਕਾਰੀ ਅਤੇ ਨਿੱਜੀ ਖੇਤਰ ਦੀ ਖੁੱਲ੍ਹੇਪਣ, ਜਵਾਬਦੇਹੀ ਅਤੇ ਇਮਾਨਦਾਰੀ ਦੀ ਲੋੜ ਹੁੰਦੀ ਹੈ । ਮਜ਼ਬੂਤ ਪ੍ਰਸ਼ਾਸਨਿਕ ਢਾਂਚੇ, ਆਚਾਰ ਸੰਹਿਤਾ ਅਤੇ ਨਵੇਂ ਜਵਾਬਦੇਹੀ ਕਾਨੂੰਨ ਜੋ ਅਧਿਕਾਰੀਆਂ ਅਤੇ ਵੱਡੀਆਂ ਸ਼ਕਤੀਆਂ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਫੈਸਲਿਆਂ ਲਈ ਜਵਾਬਦੇਹ ਬਣਾਉਂਦੇ ਹਨ, ਇਸ ਕਿਸਮ ਦੇ ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਹੱਲ ਕਰਨ ਵਿੱਚ ਮਦਦ ਕਰ ਸਕਦੇ ਹਨ। ਪ੍ਰਭਾਵੀ ਪੈਡਿੰਗ ਬਾਰੇ ਚਿੰਤਾ ਦੇ ਬਾਵਜੂਦ, ਮਾਹਰ ਇਸ ਨੂੰ ਬੇਪਰਦ ਕਰਨ ਅਤੇ ਮਨਾਹੀ ਕਰਨ ਲਈ ਵਿਸਲਬਲੋਅਰ ਸੁਰੱਖਿਆ, ਸੁਤੰਤਰ ਨਿਗਰਾਨੀ ਅਤੇ ਸਖ਼ਤ ਕਾਨੂੰਨਾਂ ਦੀ ਸਿਫ਼ਾਰਸ਼ ਕਰਦੇ ਹਨ। ਕੁੱਲ ਮਿਲਾ ਕੇ ਹਰੇਕ ਸੈਕਟਰ ਨੂੰ ਵਧੇਰੇ ਦੇਖਭਾਲ ਦੀ ਲੋੜ ਹੁੰਦੀ ਹੈ, ਖਾਸ ਕਰਕੇ ਜਨਤਕ ਗੱਲਬਾਤ ਦੌਰਾਨ। ਜਨਤਾ ਦਾ ਵਿਸ਼ਵਾਸ ਹਾਸਲ ਕਰਨ ਅਤੇ ਭਵਿੱਖ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਾਨੂੰ ਭ੍ਰਿਸ਼ਟਾਚਾਰ ਤੋਂ ਜਵਾਬਦੇਹੀ ਵੱਲ ਜਾਣਾ ਚਾਹੀਦਾ ਹੈ। ਸਾਨੂੰ ਸਖ਼ਤ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ, ਖੁੱਲ੍ਹੇਪਣ ਅਤੇ ਤੇਜ਼ੀ ਨਾਲ ਭ੍ਰਿਸ਼ਟਾਚਾਰ ਦੇ ਜੁਰਮਾਨਿਆਂ ਵਰਗੇ ਬੁਨਿਆਦੀ ਤਰੀਕਿਆਂ ਦੀ ਵੀ ਲੋੜ ਹੈ । ਭ੍ਰਿਸ਼ਟਾਚਾਰ ਨਾਲ ਸਫਲਤਾਪੂਰਵਕ ਲੜਨਾ ਮੁਸ਼ਕਲ ਹੈ । ਹਾਲਾਂਕਿ ਮਜ਼ਬੂਤ ਇੱਛਾ ਸ਼ਕਤੀ ਅਤੇ ਗਤੀਵਿਧੀ ਇਸ ਨੂੰ ਘਟਾ ਦੇਵੇਗੀ । ਵੋਟਾਂ ਦਾ ਸਮਾਂ ਹੈ, ਪਾਰਦਰਸ਼ਤਾ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ, ਵਾਲੀਆਂ ਮੰਗਾਂ ਨੂੰ ਰੱਖ ਕੇ ਸਹੀ ਉਮੀਦਵਾਰ ਦੀ ਚੋਣ ਕਰਨ ਦੀ ਲੋੜ ਹੈ, ਤਾਂ ਜੋ ਆਪਣਾ ਅਤੇ ਆਪਣੇ ਬੱਚਿਆਂ ਦਾ, ਆਪਣੇ ਦੇਸ਼ ਦਾ ਭਵਿੱਖ ਉਜਵਲ ਬਣਾ ਸਕੀਏ।

*# ਸੰਪਰਕ : 647-829-9397*

# ਬਾਬਾ ਹਜੀਰੇ ਸ਼ਾਹ ਦਾ ਮੇਲਾ ਅੱਜ ਤੇ ਭਲਕੇ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਕਸਬਾ ਚਵਿੰਡਾ ਦੇਵੀ ਵਿਖੇ 14- 15 ਜੂਨ ਦਿਨ ਸ਼ੁੱਕਰਵਾਰ, ਸ਼ਨੀਵਾਰ ਨੂੰ ਮੇਲਾ ਮੁਬਾਰਕ ਦਰਗਾਹ ਸ਼ਰੀਫ ਹਜ਼ਰਤ ਪਾਕ ਸਯਦ ਅਹਿਮਦ ਬਾਬਾ ਹਜੀਰੇ ਸ਼ਾਹ ਸਖੀ ਸੁਲਤਾਨ ਪੀਰਾਂ ਦੇ ਪੀਰ ਸਰਕਾਰੇ ਦੋ ਆਲਮ ਅਲੀ ਅੱਲਾ ਜੀ ਦਾ ਕਾਦਰੀ ਦਰਬਾਰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸਾਨੋ- ਸ਼ੌਕਤ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਪ੍ਰੈਸ ਨੂੰ ਬਾਬਾ ਸਰਵਣ ਸ਼ਾਹ ਕਾਦਰੀ ਚਵਿੰਡਾ ਦੇਵੀ ਵਾਲਿਆਂ ਨੇ ਦਿੱਤੀ। ਬਾਬਾ ਸਰਵਣ ਸ਼ਾਹ ਕਾਦਰੀ ਨੇ ਦੱਸਿਆ ਕਿ ਇਸ ਮੇਲੇ ਮੁਬਾਰਕ ਵਿੱਚ ਕੱਵਾਲ ਗੁਰਮੇਜ ਬਖਸ਼ੀ (ਇੰਟਰਨੈਸ਼ਨਲ ਕਵਾਲ) ਅਤੇ ਕਵਾਲ ਸੁਨੀਲ ਫਿਰੋਜ਼ (ਦਰਗਾਬਾਦ) ਵਾਲਿਆਂ ਵੱਲੋਂ ਕਵਾਲੀਆਂ ਪੇਸ਼ ਕੀਤੀਆਂ ਜਾਣਗੀਆਂ। ਬਾਬਾ ਸਵਰਣ ਸ਼ਾਹ ਕਾਦਰੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਵਿਅਕਤੀ ਇਸ ਮੇਲੇ ਵਿੱਚ ਨਸ਼ਾ ਕਰਕੇ ਨਾ ਆਵੇ ਅਤੇ ਬਗੈਰ ਸੱਦਾ ਦਿੱਤੇ ਕਵਾਲਾਂ ਨੂੰ ਮੇਲੇ ਵਿੱਚ ਸਮਾਂ ਨਹੀਂ ਦਿੱਤਾ ਜਾਵੇਗਾ। ਕਵਾਲੀ ਮਹਿਫਲ ਰਾਤ 9 ਵਜੇ ਸ਼ੁਰੂ ਹੋਵੇਗੀ। ਇਸ ਮੌਕੇ ਬਾਬਾ ਕਰਤਾਰ ਸ਼ਾਹ ਜੀ ਕਾਦਰੀ (ਮੁਸਤਫਾਪੁਰ ਵਾਲੇ) ਸੰਗਤਾਂ ਨੂੰ ਇਰਾਹੇ ਮੌਲਾ 'ਤੇ ਚੱਲਣ ਦਾ ਉਪਦੇਸ਼ ਦੇਣਗੇ। ਇਸ ਸ਼ੁੱਭ ਦਿਹਾੜੇ ਮੌਕੇ ਗੁਰੂ ਜੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ



ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)-ਵੀਰਵਾਰ ਇਥੇ ਲੁਹਾਰਕਾ ਰੋਡ ਪਾਰਟੀ ਦਫਤਰ ਵਿਖੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਜ਼ਿਲ੍ਹਾ ਕਮੇਟੀ ਮੀਟਿੰਗ ਮੰਗਲ ਸਿੰਘ ਧਰਮਕੋਟ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਮੇਂ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮੀਟਿੰਗ ਵਿੱਚ ਲੋਕ ਸਭਾ ਚੋਣਾਂ ਦਾ ਰੀਵਿਊ ਕਰਦਿਆਂ ਸਾਰੇ ਸਾਥੀਆਂ ਨੇ ਮਹਿਸੂਸ ਕੀਤਾ ਹੈ ਕਿ ਪਾਰਟੀ ਸੂਬਾ ਕਮੇਟੀ ਦਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਹਮਾਇਤ ਕਰਨ ਦਾ ਫੈਸਲਾ ਸਹੀ ਫੈਸਲਾ ਸੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਚੋਣਾਂ ਵਿੱਚ ਹੋਈ ਹਾਰ ਦੇ ਸਭ ਤੋਂ ਵੱਡੇ ਕਾਰਨ ਨਸ਼ਿਆਂ ਵਿਚ ਨਿਰੰਤਰ ਵਾਧਾ , ਭ੍ਰਿਸ਼ਟਾਚਾਰ, ਅਮਨ ਕਾਨੂੰਨ ਦੀ ਬੁਰੀ ਹਾਲਤ, ਪੁਲਸ ਅਤੇ ਪ੍ਰਸ਼ਾਸਨ ਦਾ ਸਿਆਸੀ ਕਰਨ, ਵੀ ਆਈ ਪੀ ਕਲਚਰ ਦੀ ਭਰਮਾਰ ਅਤੇ ਮਜ਼ਦੂਰਾਂ ਕਿਸਾਨਾਂ ਦੇ ਮਸਲਿਆਂ 'ਤੇ ਝੂਠ ਦੀ ਸਿਆਸਤ ਕਰਨਾ ਮੁੱਖ ਕਾਰਨ ਹਨ। ਜਿਨ੍ਹਾਂ ਮੁੱਦਿਆਂ ਉਪਰ ਹੋਈ ਵੱਡੀ ਹਾਰ ਤੋਂ ਬਾਅਦ ਵੀ ਆਮ ਆਦਮੀ ਪਾਰਟੀ ਅਣਜਾਣਤਾ ਪ੍ਰਗਟਾ ਰਹੀ ਹੈ। ਜੇਕਰ ਆਮ ਆਦਮੀ ਪਾਰਟੀ ਦੀ ਇਸ ਤਰ੍ਹਾਂ ਦੀ ਰਾਜਨੀਤੀ ਜਾਰੀ ਰਹੀ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕੀ ਜਾਵੇਗੀ। ਕੇਂਦਰ ਦੀ ਐਨ ਡੀ ਏ ਸਰਕਾਰ ਦੇ ਗਠਨ ਬਾਰੇ ਬੋਲਦਿਆਂ ਬੱਖਤਪੁਰਾ ਨੇ ਕਿਹਾ ਕਿ ਭਾਜਪਾ ਇਸ ਸਰਕਾਰ ਨੂੰ ਅਜ਼ਾਦਾਨਾ ਚਲਾਉਣ ਲਈ ਅਪ੍ਰੇਸ਼ਨ ਲੋਟਸ ਦਾ ਰਾਹ ਅਪਣਾਏਗੀ ਕਿਉਂਕਿ ਫਾਸ਼ਿਸਟ ਵਿਚਾਰਧਾਰਾ ਦੇ ਹਾਮੀ ਮੋਦੀ ਅਤੇ ਅਮਿਤ ਸ਼ਾਹ ਸਾਂਝੀ ਸਰਕਾਰ ਚਲਾਉਣ ਦੇ ਆਦੀ ਨਹੀਂ ਹਨ। ਮੀਟਿੰਗ ਵਿੱਚ ਬਲਬੀਰ ਸਿੰਘ ਮੂਧਲ, ਨਿਰਮਲ ਸਿੰਘ ਛੱਜਲਵੱਡੀ, ਦਲਵਿੰਦਰ ਸਿੰਘ ਪੰਨੂ, ਮਨਜੀਤ ਸਿੰਘ ਗਹਿਰੀ, ਸ਼ਮਸ਼ੇਰ ਸਿੰਘ ਹੇਰ, ਨਰਿੰਦਰ ਤੇੜਾ, ਕੁਲਦੀਪ ਰਾਜੂ ਅਤੇ ਜਸਬੀਰ ਹੇਰ ਸ਼ਾਮਿਲ ਸਨ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (ਰੁ) | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251-ਬਿਜਲੀ-T-16-2024-25 | FZR ਡਵੀਜਨ ਦੀ ਪਹਿਲ ਦੇ ਆਧਾਰਿਤ ਟ੍ਰੇਨਾਂ, ਟ੍ਰੇਨ ਨੰਬਰ 12422/21 (ASR-NED), 04654/53 (ASR-NJP), 04652/51 (ASR-JYG) 14674/73/50/49 (ASR-JYG), 127484/83 (ASR-KCVL), 12492/91(JAT-BJU), 20974/73 (FZR-RMM), 14620/19 (FZR-AGTL) ਅਤੇ ਵਿਸ਼ੇਸ਼ ਟ੍ਰੇਨਾਂ ਵਿਚ ਦੋ ਸਾਲ ਦੇ ਲਈ ਐਲਐਚਬੀ ਕੋਚਾਂ ਦੇ ਆਰਐਮਪੀਯੂ ਦਾ ਅਨੁਸੂਚਿਤ ਰਖਰਖਾਅ ਅਤੇ ਮੁਰੰਮਤ ਕਾਂਟਰੈਕਟ, ਜਿਸ ਵਿਚ ਉਨ੍ਹਾਂ ਦੀ ਭਾਰੀ ਮੁਰੰਮਤ, ਆਈਓਐਚ ਅਤੇ ਆਨ ਬੋਰਡ ਇਲੈਕਟ੍ਰੀਕਲ ਅਸਕਾਟਰਿੰਗ ਡਯੂਟੀ ਸਮੇਤ ਕਾਂਟਰੈਕਟ ਕਰਨ ਲਈ। | 5,05,46,181.04 | 4,02,700.00 | 24 ਮਹੀਨੇ | 03.07.2024 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 13-ਬਿਜਲੀ-2024-25 ਮਿਤੀ 12.06.2024 — 1778/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ

ਸ਼ੁੱਕਰਵਾਰ, 14 ਜੂਨ 2024

# ਦਲਿਤ ਰਾਜਨੀਤੀ ਨਵੇਂ ਸਿਰਿਓਂ ਉੱਭਰੇਗੀ

ਦੇਸ਼ ਦੀ ਦਲਿਤ ਰਾਜਨੀਤੀ ਲਈ 2024 ਦੀਆਂ ਚੋਣਾਂ ਵਧੀਆ ਨਹੀਂ ਰਹੀਆਂ। ਦਲਿਤ ਰਾਜਨੀਤੀ ਦਾ ਮੁੱਢ ਡਾ. ਭੀਮ ਰਾਓ ਅੰਬੇਡਕਰ ਨੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੀ ਸਥਾਪਨਾ ਕਰਕੇ ਬੰਨ੍ਹਿਆ ਸੀ, ਪ੍ਰੰਤੂ ਇਹ ਪਾਰਟੀ ਡਾ. ਅੰਬੇਡਕਰ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ। ਮਹਾਰਾਸ਼ਟਰ ਤੋਂ ਬਾਹਰ ਦੂਜੇ ਰਾਜਾਂ ਵਿੱਚ ਉਹ ਕੋਈ ਦਖ਼ਲ ਨਾ ਦੇ ਸਕੇ। ਅੱਜ ਉਸ ਦੀ ਮਹਾਰਾਸ਼ਟਰ ਵਿੱਚ ਵੀ ਕੋਈ ਪੁੱਛ-ਪ੍ਰਤੀਤ ਨਹੀਂ ਹੈ।

ਉਸ ਉਪਰੰਤ ਕਾਂਸ਼ੀ ਰਾਮ ਨੇ ਦਲਿਤ ਰਾਜਨੀਤੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਪਹਿਲਾਂ ਡੀ ਐੱਸ ਫੋਰ ਤੇ ਫਿਰ 1980ਵੇਂ ਦਹਾਕੇ ਦੇ ਮੱਧ ਵਿੱਚ ਉਨ੍ਹਾ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ। ਉਨ੍ਹਾ ਦੇਸ਼ ਭਰ ਵਿੱਚ ਘੁੰਮ-ਘੁੰਮ ਕੇ ਇੱਕ ਮਜ਼ਬੂਤ ਸੰਗਠਨ ਖੜ੍ਹਾ ਕਰ ਲਿਆ ਸੀ। ਉਨ੍ਹਾ ਦੀ ਸੋਚ ਸਭ ਲਤਾੜੇ ਜਾ ਰਹੇ ਗਰੀਬ-ਗੁਰਬੇ ਨੂੰ ਇੱਕ ਲੜੀ ਵਿੱਚ ਪ੍ਰੋਣ ਦੀ ਸੀ। ਇਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਰਹੇ। ਇਸੇ ਦੌਰਾਨ ਉਨ੍ਹਾ ਮਾਇਆਵਤੀ ਨੂੰ ਲੱਭ ਕੇ ਆਪਣੀ ਰਾਜਨੀਤੀ ਨੂੰ ਅੱਗੇ ਵਧਾਇਆ। ਇਹ ਕਾਂਸ਼ੀ ਰਾਮ ਦੀ ਸੋਚ ਤੇ ਜਥੇਬੰਦਕ ਕਾਰਜਕੁਸ਼ਲਤਾ ਦੀ ਕਾਮਯਾਬੀ ਸੀ ਕਿ ਮਾਇਆਵਤੀ ਯੂ ਪੀ ਵਰਗੇ ਵੱਡੇ ਸੂਬੇ ਦੀ ਵਾਰ-ਵਾਰ ਮੁੱਖ ਮੰਤਰੀ ਬਣਦੀ ਰਹੀ।

ਮਾਇਆਵਤੀ ਦੀ ਸਭ ਤੋਂ ਵੱਡੀ ਕਮਜ਼ੋਰੀ ਧਨ ਇਕੱਠਾ ਕਰਨਾ ਰਹੀ ਹੈ। ਆਪਣੇ ਜਨਮ ਦਿਨ 'ਤੇ ਮਹਿੰਗੇ ਤੋਹਫੇ ਤੇ ਧਨ ਇਕੱਠਾ ਕਰਨ ਦਾ ਉਸ ਨੂੰ ਫਤੂਰ ਰਿਹਾ ਹੈ। ਯੂ ਪੀ ਨੂੰ ਛੱਡ ਕੇ ਬਾਕੀ ਰਾਜਾਂ ਵਿੱਚ ਬਸਪਾ ਦਾ ਅਧਾਰ ਵਧਾਉਣ ਦੀ ਥਾਂ ਉਸ ਉੱਤੇ ਪਾਰਟੀ ਇਕਾਈਆਂ ਨੂੰ ਚੋਣਾਂ ਵਿੱਚ ਵੋਟ-ਕੱਟੂਆ ਵਜੋਂ ਵਰਤ ਕੇ ਕਾਂਗਰਸ ਦੇ ਵਿਰੋਧੀ ਦਲਾਂ ਨਾਲ ਸੌਦੇਬਾਜ਼ੀ ਦੇ ਵੀ ਇਲਜ਼ਾਮ ਲਗਦੇ ਰਹੇ ਹਨ। ਇਸੇ ਕਾਰਨ ਹਰ ਰਾਜ ਵਿੱਚ ਬਸਪਾ ਦਾ ਅਧਾਰ ਤੇ ਵੋਟ ਫੀਸਦੀ ਘਟਦੀ ਰਹੀ ਹੈ। ਇਸੇ ਨੀਤੀ ਕਾਰਨ ਉੱਚ ਵਰਗ ਦੇ ਦਲਿਤ ਦੂਜੇ ਦਲਾਂ ਵਿੱਚ ਜਾਣ ਲਈ ਬਸਪਾ ਨੂੰ ਪੌੜੀ ਵਜੋਂ ਵਰਤਣ ਲੱਗ ਪਏ ਹਨ। ਇਹੋ ਨਹੀਂ ਮਾਇਆਵਤੀ ਨੇ ਯੂ ਪੀ ਵਿੱਚ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਦੀਆਂ ਅਜਿਹੀਆਂ ਪੈੜਾਂ ਪਾਈਆਂ, ਜਿਹੜੀਆਂ ਉਸ ਦੇ ਪੈਰਾਂ ਦੀਆਂ ਬੇੜੀਆਂ ਬਣ ਚੁੱਕੀਆਂ ਹਨ। ਇਨ੍ਹਾਂ ਬੇੜੀਆਂ ਕਾਰਨ ਹੀ ਅੱਜ ਉਹ ਚਾਹੁੰਦੀ ਹੋਈ ਵੀ ਕੋਈ ਫੈਸਲਾ ਲੈਣ ਤੋਂ ਅਸਮਰੱਥ ਹੋ ਚੁੱਕੀ ਹੈ। ਉਸ ਦਾ ਮੁਸਲਮਾਨਾਂ ਤੇ ਪਛੜੀਆਂ ਸ਼੍ਰੇਣੀਆਂ ਵਾਲਾ ਵੋਟ ਬੈਂਕ ਉਸ ਤੋਂ ਪੂਰੀ ਤਰ੍ਹਾਂ ਦੂਰ ਹੋ ਚੁੱਕਾ ਹੈ। ਜਾਟਵ ਵੋਟ ਬੈਂਕ ਹਾਲੇ ਉਸ ਨਾਲ ਖੜ੍ਹਾ ਹੈ, ਪਰ ਸੰਨ੍ਹ ਉਸ ਵਿੱਚ ਵੀ ਲੱਗ ਚੁੱਕੀ ਹੈ। ਬਸਪਾ ਦਾ ਵੋਟ ਬੈਂਕ ਘਟਦਾ -ਘਟਦਾ 2019 ਵਿੱਚ 19.42 ਫ਼ੀਸਦੀ 'ਤੇ ਪੁੱਜ ਗਿਆ ਸੀ। ਮੌਜੂਦਾ ਲੋਕ ਸਭਾ ਚੋਣਾਂ ਵਿੱਚ ਤਾਂ ਉਹ ਹੋਰ ਦਸ ਫੀਸਦੀ ਡਿਗ ਕੇ 9.39 ਫੀਸਦੀ 'ਤੇ ਆ ਗਿਆ ਹੈ। ਜਿਹੜੀ ਬਸਪਾ ਕਿਸੇ ਸਮੇਂ ਦੂਜੇ ਰਾਜਾਂ ਵਿੱਚ ਵੋਟ-ਕਟੂਆ ਹੁੰਦੀ ਸੀ, ਅੱਜ ਉਹ ਯੂ ਪੀ ਵਿੱਚ ਵੀ ਉਸੇ ਹਾਲਤ ਨੂੰ ਪੁੱਜ ਗਈ ਹੈ। ਉਸ ਨੂੰ 16 ਸੀਟਾਂ 'ਤੇ ਪਈਆਂ ਵੋਟਾਂ ਭਾਜਪਾ ਉਮੀਦਵਾਰਾਂ ਦੀ ਜਿੱਤ ਦੇ ਫਰਕ ਤੋਂ ਵੱਧ ਹਨ। ਬਸਪਾ ਜੇਕਰ 'ਇੰਡੀਆ' ਗੱਠਜੋੜ ਦਾ ਹਿੱਸਾ ਹੁੰਦੀ ਤਾਂ ਯੂ ਪੀ ਵਿੱਚ ਭਾਜਪਾ ਨੇ 16-17 ਸੀਟਾਂ ਮਸਾਂ ਜਿੱਤ ਸਕਣੀਆਂ ਸਨ।

ਬਸਪਾ ਆਪਣੇ ਤੋਂ ਦੂਰ ਚਲੇ ਗਏ ਸਮਾਜਿਕ ਸਮੂਹਾਂ ਨੂੰ ਮੁੜ ਆਪਣੇ ਨਾਲ ਜੋੜ ਲਵੇਗੀ, ਇਹ ਸੰਭਵ ਨਹੀਂ ਲਗਦਾ। ਬਸਪਾ ਦੀ ਇਸ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਉਸ ਨੇ ਇੱਕ ਮਜ਼ਬੂਤ ਦਲਿਤ ਰਾਜਨੀਤਕ ਚੇਤਨਾ ਨੂੰ ਤਿਆਰ ਕੀਤਾ ਹੈ। ਇਸੇ ਚੇਤਨਾ ਨੇ ਯੂ ਪੀ ਵਿੱਚ ਚੰਦਰ ਸ਼ੇਖਰ ਅਜ਼ਾਦ ਵਜੋਂ ਇੱਕ ਨਵੇਂ ਚਿਹਰੇ ਨੂੰ ਮੈਦਾਨ ਵਿੱਚ ਲਿਆਂਦਾ ਹੈ। ਉਸ ਨੇ ਭੀਮ ਆਰਮੀ ਤੇ ਅਜ਼ਾਦ ਸਮਾਜ ਪਾਰਟੀ ਬਣਾ ਕੇ ਇਕੱਲਿਆਂ ਹੀ ਨਗੀਨਾ ਦੀ ਲੋਕ ਸਭਾ ਸੀਟ ਜਿੱਤ ਕੇ ਰਾਜਨੀਤਕ ਪਿੜ ਵਿੱਚ ਧਮਾਕੇਦਾਰ ਹਾਜ਼ਰੀ ਲਵਾਈ ਹੈ। ਚੰਦਰ ਸ਼ੇਖਰ ਅਜ਼ਾਦ ਪੜ੍ਹਿਆ-ਲਿਖਿਆ ਤੇ ਸੰਘਰਸ਼ਸ਼ੀਲ ਨੌਜਵਾਨ ਹੈ। ਦਲਿਤ ਰਾਜਨੀਤੀ ਵਿੱਚ ਬਸਪਾ ਵੱਲੋਂ ਖਾਲੀ ਕੀਤੀ ਜਗ੍ਹਾ ਨੂੰ ਭਰਨ ਦੀਆਂ ਅਜ਼ਾਦ ਸਮਾਜ ਪਾਰਟੀ ਵਿੱਚ ਅਥਾਹ ਸੰਭਾਵਨਾਵਾਂ ਹਨ।

ਮਾਇਆਵਤੀ ਨੇ ਜੋ ਯੂ ਪੀ ਵਿੱਚ ਕੀਤਾ, ਅਜਿਹਾ ਹੀ ਮਹਾਰਾਸ਼ਟਰ ਵਿੱਚ ਦਲਿਤ ਆਗੂ ਪ੍ਰਕਾਸ਼ ਅੰਬੇਡਕਰ ਨੇ ਕੀਤਾ ਹੈ। ਉਸ ਦੀ ਪਾਰਟੀ ਵੰਚਿਤ ਬਹੁਜਨ ਅਗਾੜੀ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਧਮਾਕੇਦਾਰੀ ਹਾਜ਼ਰੀ ਲਵਾਉਂਦਿਆਂ 8 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਇਹ ਵੋਟਾਂ ਟੁੱਟਣ ਕਾਰਨ ਹੀ ਕਾਂਗਰਸ ਤੇ ਐੱਨ ਸੀ ਪੀ ਇੱਕ ਦਰਜਨ ਦੇ ਕਰੀਬ ਸੀਟਾਂ ਹਾਰ ਗਈਆਂ ਸਨ। ਪ੍ਰਕਾਸ਼ ਅੰਬੇਡਕਰ ਇਸ ਪ੍ਰਾਪਤੀ ਕਾਰਨ ਏਨਾ ਹੰਕਾਰ ਗਿਆ ਕਿ ਉਸ ਨੇ ਮੌਜੂਦਾ ਚੋਣਾਂ ਵਿੱਚ ਇੰਡੀਆ ਗੱਠਜੋੜ ਵਿੱਚ ਸ਼ਾਮਲ ਹੋਣ ਲਈ ਏਨੀਆਂ ਸੀਟਾਂ ਮੰਗ ਲਈਆਂ ਜੋ ਚਾਰ ਪਾਰਟੀ ਗੱਠਜੋੜ ਵਿੱਚ ਸੰਭਵ ਹੀ ਨਹੀਂ ਸਨ। ਇੰਡੀਆ ਗੱਠਜੋੜ ਉਸ ਨੂੰ 4 ਸੀਟਾਂ ਦਿੰਦਾ ਸੀ, ਪਰ ਉਹ ਮੰਨਿਆ ਨਹੀਂ। ਉਸ ਦੀ ਅੜੀ ਵੋਟਰਾਂ ਨੂੰ ਪਸੰਦ ਨਹੀਂ ਆਈ ਤੇ ਉਸ ਦਾ ਵੋਟ ਸ਼ੇਅਰ ਘਟ ਕੇ 2 ਫੀਸਦੀ ਰਹਿ ਗਿਆ ਹੈ। ਇਹ ਠੀਕ ਹੈ ਕਿ ਉਹ ਆਪ ਤਾਂ ਜਿੱਤੇ ਨਹੀਂ, ਪਰ ਵੋਟਾਂ ਕੱਟ ਕੇ ਇੱਕ ਸੀਟ 'ਤੇ ਭਾਜਪਾ ਤੇ ਤਿੰਨ ਸੀਟਾਂ ਉੱਤੇ ਉਸ ਦੇ ਉਮੀਦਵਾਰਾਂ ਨੇ ਸ਼ਿਵ ਸੈਨਾ (ਸ਼ਿੰਦੇ) ਨੂੰ ਜਿਤਾ ਦਿੱਤਾ ਹੈ। ਮਾਇਆਵਤੀ ਵਾਂਗ ਹੁਣ ਪ੍ਰਕਾਸ਼ ਅੰਬੇਡਕਰ ਦੇ ਮੱਥੇ ਉੱਤੇ ਵੀ ਭਾਜਪਾ ਦੀ ਬੀ ਟੀਮ ਹੋਣ ਦਾ ਟਿੱਕਾ ਲੱਗ ਗਿਆ ਹੈ।

ਦਲਿਤ ਰਾਜਨੀਤੀ ਪਿਛਲੇ ਕੁਝ ਸਮੇਂ ਤੋਂ ਲਗਦੇ ਰਹੇ ਝਟਕਿਆਂ ਤੋਂ ਜ਼ਰੂਰ ਉੱਭਰੇਗੀ। ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ, ਜਿਸ ਤਰ੍ਹਾਂ ਦਲਿਤ ਤੇ ਪਛੜੇ ਸੰਵਿਧਾਨ ਨੂੰ ਖਤਰਾ ਪਛਾਣ ਕੇ ਇੱਕਮੁੱਠ ਹੋਏ ਹਨ, ਉਸ ਵਿੱਚ ਬੇਸ਼ੁਮਾਰ ਸੰਭਾਵਨਾਵਾਂ ਮੌਜੂਦ ਹਨ। ਚੰਦਰ ਸ਼ੇਖਰ ਅਜ਼ਾਦ ਇੱਕ ਦੂਰ-ਅੰਦੇਸ਼ ਆਗੂ ਹੈ। ਉਸ ਨੇ ਮੌਕਾਪ੍ਰਸਤੀ ਕਰਨ ਦੀ ਥਾਂ 'ਇੰਡੀਆ' ਗੱਠਜੋੜ ਨਾਲ ਖੜ੍ਹਨ ਦਾ ਫੈਸਲਾ ਲਿਆ। ਜੇਕਰ ਉਹ ਸੂਬਿਆਂ ਵਿੱਚ ਉੱਭਰੇ ਦਲਿਤ, ਪਛੜੇ ਤੇ ਆਦਿਵਾਸੀ ਦਲਾਂ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਉਹ ਕੌਮੀ ਆਗੂ ਵਜੋਂ ਉੱਭਰਨ ਦੀ ਤਾਕਤ ਰੱਖਦਾ ਹੈ। ਇਹ ਵੀ ਸਾਫ ਹੈ ਕਿ ਅਜੋਕੇ ਤਾਨਾਸ਼ਾਹੀ ਮਾਹੌਲ ਵਿੱਚ ਦਲਿਤ ਅੰਦੋਲਨ ਸੈਕੂਲਰ ਦਲਾਂ ਨਾਲ ਸਮਝੌਤਾ ਕੀਤੇ ਬਿਨਾਂ ਅੱਗੇ ਨਹੀਂ ਵਧ ਸਕਦਾ। ਇਹ ਦੋਪਾਸੜ ਲੋੜ ਹੈ, ਇਸ ਲਈ ਦੋਹਾਂ ਧਿਰਾਂ ਨੂੰ ਹੀ ਸਹੀ ਸੇਧ ਵਿੱਚ ਵਧਣਾ ਪਵੇਗਾ।

-ਚੰਦ ਫਤਿਹਪੁਰੀ

# ਸਾਡੇ ਲੋਕਤੰਤਰ ਦਾ ਖਾਸਾ ਤੇ ਉਸ ਦੀ ਹਕੀਕਤ



ਜਗਦੇਵ ਸ਼ਰਮਾ

ਸੰਵਿਧਾਨਿਕ ਲੋਕਤੰਤਰ ਨੂੰ ਆਮ ਤੌਰ 'ਤੇ ਉਦਾਰ ਲੋਕਤੰਤਰ ਕਿਹਾ ਗਿਆ ਹੈ । ਲੋਕਤੰਤਰ ਆਜ਼ਾਦ ਅਤੇ ਨਿਰਪੱਖ ਚੋਣਾਂ ਦੀ ਜ਼ਾਮਨੀ ਭਰਦਾ ਹੈ, ਸਰਕਾਰ ਦੇ ਤਿੰਨ ਅੰਗਾਂ ਵਿੱਚ ਸ਼ਕਤੀਆਂ ਦੀ ਵੰਡ ਯਕੀਨੀ ਬਣਾਉਂਦਾ ਹੈ, ਕਾਨੂੰਨ ਦੇ ਰਾਜ ਦੀ ਸਥਾਪਨਾ ਕਰਦਾ ਹੈ । ਕਾਨੂੰਨ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ, ਦੀ ਗਰੰਟੀ ਕਰਦਾ ਹੈ । ਆਓ, ਦੇਖੀਏ ਕਿ ਕੀ ਸਾਡੇ ਦੇਸ਼ ਦਾ ਲੋਕਤੰਤਰ ਇਹਨਾ ਸ਼ਰਤਾਂ 'ਤੇ ਕਿੰਨਾ ਕੁ ਖਰਾ ਉੱਤਰਦਾ ਹੈ ?

ਲੋਕਤੰਤਰ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਹੈ। ਇਸ ਵਿਚਲੇ ਤਿੰਨੋਂ ਸਤੰਭਾਂ ਵਿੱਚ ਸ਼ਕਤੀਆਂ ਦੀ ਵੰਡ । ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੀਆਂ ਸ਼ਕਤੀਆਂ ਸੰਵਿਧਾਨ ਵਿੱਚ ਭਲੀਭਾਂਤ ਪ੍ਰੀਭਾਸ਼ਿਤ ਹਨ । ਮੂਲ ਰੂਪ ਵਿੱਚ ਸੰਵਿਧਾਨ ਦੀ ਲਿਸਟ 3 , ਅਨੁਛੇਦ 245 ਅਤੇ 246 ਅਨੁਸਾਰ ਵਿਧਾਨ ਪਾਲਿਕਾ ਦਾ ਕੰਮ ਹੁੰਦਾ ਹੈ ਕਾਨੂੰਨ ਬਣਾਉਣਾ, ਅਨੁਛੇਦ 53 ਅਨੁਸਾਰ ਕਾਰਜ ਪਾਲਿਕਾ ਦਾ ਕੰਮ ਕਾਨੂੰਨ ਨੂੰ ਲਾਗੂ ਕਰਨਾ ਅਤੇ ਦੇਸ਼ ਦੀ ਨਿਆਂ ਪਾਲਿਕਾ ਨੇ ਕਾਨੂੰਨ ਦੀ ਵਿਆਖਿਆ ਕਰਨੀ ਹੁੰਦੀ ਹੈ । ਇਨ੍ਹਾਂ ਵਿੱਚੋਂ ਕੋਈ ਇੱਕ ਅੰਗ ਨਿਰੰਕੁਸ਼ ਨਾ ਹੋ ਜਾਵੇ , ਨੂੰ ਧਿਆਨ ਵਿੱਚ ਰੱਖਦਿਆਂ ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਅਮਰੀਕਨ ਸੰਵਿਧਾਨ ਵਿੱਚ ਉਪਲੱਭਧ ਚੈਕ ਅਤੇ ਸਮਤੋਲ ( ਚੈਕ ਐਂਡ ਬੈਲੈਂਸ ) ਦਾ ਪ੍ਰਾਵਧਾਨ ਕੀਤਾ ਹੋਇਆ ਹੈ, ਪ੍ਰੰਤੂ ਵਿਹਾਰਕ ਤਜਰਬਾ ਦੱਸਦਾ ਹੈ ਕਿ ਕਾਰਜ ਪਾਲਿਕਾ ਵਿਧਾਨ ਪਾਲਿਕਾ ਨੂੰ ਵਰਤ ਕੇ ਨਿਆਂ ਪਾਲਿਕਾ 'ਤੇ ਹਾਵੀ ਹੋਣ ਦੀ ਕੋਸ਼ਿਸ਼ ਵਿੱਚ ਰਹਿੰਦੀ ਹੈ । ਇਸ ਦੀ ਪ੍ਰਮੁੱਖ ਉਦਾਹਰਨ ਹੈ ਦਿੱਲੀ ਦੇ ਉਪ ਰਾਜਪਾਲ ਅਤੇ ਮੁੱਖ ਮੰਤਰੀ ਦੀਆਂ ਸ਼ਕਤੀਆਂ ਨੂੰ ਪ੍ਰੀਭਾਸ਼ਿਤ ਕਰਦਿਆਂ ਦੇਸ਼ ਦੀ ਸੁਪਰੀਮ ਕੋਰਟ ਨੇ ਚੁਣੇ ਹੋਏ ਮੁੱਖ ਮੰਤਰੀ ਦੇ ਹੱਕ ਵਿਚ ਫ਼ੈਸਲਾ ਲੈਂਦਿਆਂ ਕਿਹਾ ਸੀ ਕਿ ਉਪ ਰਾਜਪਾਲ ਮੁੱਖ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦੀ ਸਲਾਹ ਮੰਨਣ ਦਾ ਪਾਬੰਦ ਹੋਵੇਗਾ । ਦੇਸ਼ ਦੀ ਕੇਂਦਰ ਸਰਕਾਰ ਨੇ ਮਾਰਚ 21 ਵਿੱਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਪਲਟਣ ਲਈ 'ਉੱਪ ਰਾਜਪਾਲ ਹੀ ਸਰਕਾਰ ਹੈ' ਵਾਲਾ ਬਿੱਲ ਸੰਸਦ ਵਿੱਚੋਂ ਪਾਸ ਕਰਵਾਇਆ । ਇਸੇ ਤਰ੍ਹਾਂ ਇਲੈਕਸ਼ਨ ਕਮਿਸ਼ਨ ਇੱਕ ਖ਼ੁਦਮੁਖ਼ਤਿਆਰ ਸੰਸਥਾ ਹੈ । ਕਮਿਸ਼ਨਰਾਂ ਦੀ ਨਿਰਪੱਖ ਚੋਣ ਯਕੀਨੀ ਬਣਾਉਣ ਲਈ ਤਿੰਨੋਂ ਕਮਿਸ਼ਨਰਾਂ ਦੀ ਚੋਣ ਕਰਨ ਵਾਲੀ ਕਮੇਟੀ ਵਿੱਚ ਸਰਬ ਉੱਚ ਅਦਾਲਤ ਦਾ ਮੁੱਖ ਜੱਜ ਮੈਂਬਰ ਹੋਇਆ ਕਰਦਾ ਸੀ। ਵਰਤਮਾਨ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਮਿਸ਼ਨਰਾਂ ਦੀ ਚੋਣ ਵੇਲੇ ਚੀਫ਼ ਜਸਟਿਸ ਨੂੰ ਬਾਹਰ ਕਰਕੇ ਉਸ ਦੀ ਥਾਂ ਸਿਆਸੀ ਨੁਮਾਇੰਦੇ ਨੂੰ ਦੇ ਦਿੱਤੀ ਗਈ । ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਦੇ ਜੱਜਾਂ ਦੀਆਂ ਨਿਯੁਕਤੀਆਂ, ਬਦਲੀਆਂ ਅਤੇ ਤਰੱਕੀਆਂ ਵੇਲੇ ਕਾਰਜ ਪਾਲਿਕਾ ਦਾ ਪ੍ਰਭਾਵ ਸਾਫ ਦਿਸਦਾ ਹੈ, ਜਿਸ ਨਾਲ ਆਮ ਜਨਤਾ ਵਿੱਚ ਪ੍ਰਭਾਵ ਜਾਂਦਾ ਹੈ ਕਿ ਇਸ ਤਰੀਕੇ ਉੱਚ ਅਦਾਲਤਾਂ ਦੇ ਫੈਸਲੇ ਪ੍ਰਭਾਵਤ ਹੁੰਦੇ ਹਨ । ਜੱਜਾਂ ਦੀ ਨਿਯੁਕਤੀ ਕਰਨ ਵਾਲੀ ਕਲੋਜ਼ੀਅਮ ਦੀ ਬਣਤਰ ਵਿੱਚ ਤਬਦੀਲੀ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਗਈ ਹੈ ।

ਸਾਡੇ ਦੇਸ਼ ਵਿੱਚ ਆਮ ਚੋਣਾਂ ਪੈਸੇ ਦੀ ਖੇਡ ਬਣ ਕੇ ਰਹਿ ਗਈਆਂ ਹਨ । ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਰਮਜ਼ ਦੀ ਰਿਪੋਰਟ ਅਨੁਸਾਰ 2019 ਵਾਲੀ ਲੋਕ ਸਭਾ ਦੇ 514 ਸਿਟਿੰਗ ਐੱਮ ਪੀ ਵਿੱਚੋਂ 25 ਮੈਂਬਰਾਂ ਨੇ ਆਪਣੀ ਸੰਪਤੀ 100 ਕਰੋੜ ਤੋਂ ਵੱਧ ਐਲਾਨੀ ਹੋਈ ਹੈ । ਇਹ ਇੰਕਸ਼ਾਫ ਇਹਨਾਂ ਮੈਂਬਰਾਂ ਨੇ ਆਪਣੀ ਨਾਮਜ਼ਦਗੀ ਦਾਖਲ ਕਰਨ ਵੇਲੇ ਆਪਣੇ ਹਲਫ਼ੀਆ ਬਿਆਨ ਵਿਚ ਕੀਤਾ ਹੋਇਆ ਹੈ । ਇਸੇ ਰਿਪੋਰਟ ਅਨੁਸਾਰ ਸਭ ਤੋਂ ਵੱਧ ਸੰਪਤੀ ਵਾਲੇ ਮੈਂਬਰ ਨੇ ਆਪਣੀ ਕੁੱਲ ਜਾਇਦਾਦ 660 ਕਰੋੜ ਤੋਂ ਜ਼ਿਆਦਾ ਦੱਸੀ ਹੈ । ਰਿਪੋਰਟ ਵਿਚ ਅੱਗੇ ਖੁਲਾਸਾ ਕੀਤਾ ਗਿਆ ਹੈ ਕਿ 2019 ਲੋਕ ਸਭਾ ਦੇ ਮੈਂਬਰਾਂ ਦੀ ਔਸਤ ਸੰਪਤੀ 20.71 ਕਰੋੜ ਹੈ । ਗਰੀਬੀ ਰੇਖਾ ਤੋਂ ਹੇਠਾਂ ਵਾਲੇ ਮੈਂਬਰਾਂ ਦਾ ਅੰਕੜਾ ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਨਹੀਂ ਰੱਖਦੀ ।ਅਰਬਪਤੀ ਮੈਂਬਰ ਸਾਰੀਆਂ ਪਾਰਟੀਆਂ, ਇਥੋਂ ਤੱਕ ਕਿ ਆਜ਼ਾਦ ਮੈਂਬਰਾਂ ਵਿਚੋਂ ਵੀ ਹਨ ।

ਲੋਕਤੰਤਰਿਕ ਹੋਣ ਦੇ ਨਾਲੋ-ਨਾਲ ਸਾਡਾ ਦੇਸ਼ ਗਰੀਬਾਂ ਦਾ ਦੇਸ਼ ਹੈ । 81 ਕਰੋੜ ਯਾਨੀਕਿ ਕੁੱਲ ਆਬਾਦੀ ਦਾ 57 % ਫੀਸਦੀ, ਲੋਕਾਂ ਦੇ ਘਰ ਰੋਟੀ ਤਾਂ ਪੱਕਦੀ ਹੈ, ਜੇਕਰ ਉਨ੍ਹਾਂ ਨੂੰ ਰਾਸ਼ਨ ਮੁਫ਼ਤ ਮਿਲਦਾ ਹੈ । 65-70 ਫੀਸਦੀ ਅਬਾਦੀ ਕਿਸਾਨਾਂ, ਮਜ਼ਦੂਰਾਂ ਦੀ ਹੈ, ਪ੍ਰੰਤੂ ਇਹਨਾ ਦੇ ਹਿੱਸੇ ਦੇ ਐਮ ਪੀ ਕਿੱਥੇ ਹਨ ? ਲੋਕਤੰਤਰ ਅਨੁਸਾਰ ਤਾਂ 57 ਫੀਸਦੀ ਐੱਮ ਪੀ ਫਰੀ ਰਾਸ਼ਨ ਲੈਣ ਵਾਲਿਆਂ ਵਿਚੋਂ ਹੋਣੇ ਚਾਹੀਦੇ ਹਨ । ਜਿਨ੍ਹਾਂ ਲੋਕਾਂ ਦੀਆਂ ਪੰਜ-ਸੱਤ ਪੀੜ੍ਹੀਆਂ ਨੇ ਕਦੇ ਗਰੀਬੀ ਨਹੀਂ ਹੰਢਾਈ , ਉਨ੍ਹਾਂ ਨੂੰ ਗਰੀਬ ਦੀਆਂ ਲੋੜਾਂ ਦਾ ਅਹਿਸਾਸ ਕਿਵੇਂ ਹੋਵੇਗਾ ।

ਲੋਕਤੰਤਰ ਦੀ ਭਾਵਨਾ ਦੇ ਖਿਲਾਫ ਜਾਂਦੀ ਇੱਕ ਹੋਰ ਧਾਰਨਾ ਹੈ, ਉਹ ਹੈ ਉੱਚ ਪਦਵੀਆਂ ਤੋਂ ਰਿਟਾਇਰ ਹੋਏ ਵਿਅਕਤੀਆਂ ਨੂੰ ਸੰਸਦ ਵਿੱਚ , ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚ , ਕਾਰਪੋਰੇਸ਼ਨਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਦੇ ਮੁਖੀ ਵਜੋਂ ਤਾਇਨਾਤ ਕਰਨ ਦੀ ਪਰੰਪਰਾ । ਉੱਚ ਅਦਾਲਤ ਜਾਂ ਸਰਬ ਉੱਚ ਅਦਾਲਤ ਦੇ ਜੱਜ ਅਤੇ ਚੋਣ ਕਮਿਸ਼ਨ ਪ੍ਰਮੁੱਖ ਆਦਿ ਕੋਲੋਂ ਨਿਰਪੱਖਤਾ ਦੀ ਤਵੱਕੋ ਕੀਤੀ ਜਾਂਦੀ ਹੈ, ਪ੍ਰੰਤੂ ਰਿਟਾਇਰਮੈਂਟ ਤੋਂ ਬਾਅਦ ਮਿਲਣ ਵਾਲੇ ਅਹੁਦੇ ਦਾ ਲਾਲਚ ਉਸ ਨੂੰ ਤਤਕਾਲੀ ਸਰਕਾਰ ਦੇ ਹੱਕ ਵਿੱਚ ਭੁਗਤਣ ਲਈ ਮਜਬੂਰ ਕਿਉਂ ਨਹੀਂ ਕਰੇਗਾ ? ਬੇਸ਼ੱਕ ਸੰਵਿਧਾਨ ਦਾ ਅਨੁਛੇਦ 224-ਏ ਅਜਿਹੀਆਂ ਨਿਯੁਕਤੀਆਂ ਦੀ ਆਗਿਆ ਦਿੰਦਾ ਹੈ, ਪ੍ਰੰਤੂ ਇਹ ਲੋਕਤੰਤਰ ਦੀ ਮੂਲ ਭਾਵਨਾ ਦੇ ਤਾਂ ਖਿਲਾਫ ਹੀ ਹੈ ।

ਲੋਕਤੰਤਰ ਦੀ ਸਫਲਤਾ ਲਈ ਅਤਿ ਜ਼ਰੂਰੀ ਹੁੰਦਾ ਹੈ ਕਿ ਦੇਸ਼ ਵਿੱਚ ਸਮਾਂਬੱਧ ਚੋਣਾਂ ਨਿਰਪੱਖ ਅਤੇ ਆਜ਼ਾਦ ਹੋਣ । ਸਾਡੇ ਲੋਕਤੰਤਰ ਵਿੱਚ ਈ ਵੀ ਐੱਮ ਰਾਹੀਂ ਚੋਣਾਂ ਕਰਵਾਉਣਾ ਹੀ ਸੱਤਾ ਪੱਖ ਅਤੇ ਵਿਰੋਧੀ ਧਿਰਾਂ ਦਰਮਿਆਨ ਵੱਡਾ ਮੁੱਦਾ ਬਣਿਆ ਰਹਿੰਦਾ ਹੈ । ਕਈ ਲੋਕ ਚੋਣ ਬਾਂਡਜ਼ ਨੂੰ ਵੀ ਚੋਣਾਂ ਦੀ ਨਿਰਪੱਖਤਾ ਨੂੰ ਪ੍ਰਭਾਵਤ ਕਰਨ ਦਾ ਜ਼ਰੀਆ ਮੰਨਦੇ ਹਨ । ਇਸੇ ਨੂੰ ਅੱਗੇ ਵਧਾਉਂਦਿਆਂ ਲੋਕਤੰਤਰ ਦੀ ਮੰਗ ਹੈ ਕਿ ਈ ਡੀ , ਸੀ ਬੀ ਆਈ , ਇਨਕਮ ਟੈਕਸ ਅਤੇ ਕੈਗ ਵਰਗੇ ਖੁਦਮੁਖਤਿਆਰ ਅਦਾਰਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਲੱਗ ਰਿਹਾ ਖੋਰਾ ਅਤੇ ਇਨ੍ਹਾਂ ਅਦਾਰਿਆਂ ਦੀ ਇੱਕ ਤਰਫਾ ਵਰਤੋਂ ਰੁਕਣੀ ਚਾਹੀਦੀ ਹੈ, ਤਾਂ ਕਿ ਦੇਸ਼ ਦੀ ਸਰਬ ਉੱਚ ਅਦਾਲਤ ਨੂੰ ਇਹਨਾਂ ਲਈ 'ਪਿੰਜਰੇ ਦਾ ਤੋਤਾ' ਵਰਗੇ ਤਖੱਲਸ ਨਾ ਵਰਤਣੇ ਪੈਣ ।

ਭਾਰਤ ਵਿੱਚ ਪ੍ਰਚੱਲਤ ਇੱਕ ਹੋਰ ਰਵਾਇਤ ਜਿਹੜੀ ਕਿ ਲੋਕਤੰਤਰ ਦੀ ਪਵਿੱਤਰਤਾ ਦੇ ਅਨੁਕੂਲ ਨਹੀਂ , ਉਹ ਹੈ ਪਰਵਾਰਵਾਦ । ਨਾ ਹੀ ਕੌਮੀ ਪਾਰਟੀਆਂ ਅਤੇ ਨਾ ਹੀ ਖੇਤਰੀ ਪਾਰਟੀਆਂ ਇਸ ਵਬਾ ਤੋਂ ਬਚੀਆਂ ਹਨ । ਪਰਵਾਰਵਾਦ ਨੂੰ ਬੜਾਵਾ ਦੇਣ ਵਾਲੀ ਪਾਰਟੀ ਕਾਂਗਰਸ ਨੂੰ ਇਸੇ ਦੀ ਮਾਰ ਪੈ ਰਹੀ ਹੈ । ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ , ਕਸ਼ਮੀਰ ਵਿੱਚ ਨੈਸ਼ਨਲ ਕਾਨਫਰੰਸ ਅਤੇ ਪੀ ਡੀ ਪੀ, ਹਰਿਆਣੇ ਵਿਚ ਚੌਟਾਲਿਆਂ ਦਾ ਪਰਵਾਰ , ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ, ਬਿਹਾਰ ਵਿੱਚ ਆਰ ਐੱਲ ਡੀ, ਉੜੀਸਾ ਵਿੱਚ ਬੀਜੂ ਜਨਤਾ ਦਲ, ਕਰਨਾਟਕ ਵਿੱਚ ਜਨਤਾ ਦਲ (ਸੈਕੂਲਰ ), ਮਹਾਰਾਸ਼ਟਰ ਵਿੱਚ ਐੱਨ ਸੀ ਪੀ ਅਤੇ ਸ਼ਿਵ ਸੈਨਾ, ਮੱਧ ਪ੍ਰਦੇਸ਼ ਵਿੱਚ ਰਜਵਾੜਾ ਸ਼ਾਹੀ ਪਰਵਾਰ , ਝਾਰਖੰਡ ਵਿੱਚ ਝਾਰਖੰਡ ਮੁਕਤੀ ਮੋਰਚਾ ਅਤੇ ਤਾਮਿਲਨਾਡੂ ਵਿੱਚ ਡੀ ਐੱਮ ਕੇ ਵਰਗੀਆਂ ਪਾਰਟੀਆਂ ਪਰਵਾਰਵਾਦ ਨੂੰ ਉਤਸਾਹਿਤ ਕਰਦੀਆਂ ਹਨ । ਬੀਜੇਪੀ ਜਿਹੜੀ ਕਿ ਪਰਿਵਾਰਵਾਦ ਨੂੰ ਚੋਣਾਂ ਜਿੱਤਣ ਲਈ ਇੱਕ ਹਰਬੇ ਵਜੋਂ ਵਰਤਦੀ ਆ ਰਹੀ ਹੈ , ਵੀ ਇਸ ਤੋਂ ਛੂਟੀ ਨਹੀਂ । ਕੋਈ 25 ਦੇ ਕਰੀਬ ਭਾਜਪਾ ਨੇਤਾਵਾਂ ਨੇ ਆਪਣੇ ਫਰਜ਼ੰਦ ਜਾਂ ਜੀਵਨ ਸਾਥਣ ਸਮੇਤ ਹੋਰ ਪਰਵਾਰਿਕ ਮੈਂਬਰਾਂ ਨੂੰ ਆਪਣੀ ਰਾਜਨੀਤਕ ਧਰੋਹਰ ਦਾ ਵਾਰਿਸ ਬਣਾਇਆ ਹੋਇਆ ਹੈ । ਕਈ ਪਰਵਾਰਾਂ ਦੀ ਤਾਂ ਚੌਥੀ ਪੀਹੜੀ ਸੱਤਾ ਸੁੱਖ ਭੋਗ ਰਹੀ ਹੈ ।

ਲੋਕਤੰਤਰ ਉੱਤੇ ਇੱਕ ਹੋਰ ਵੱਡਾ ਧੱਬਾ ਹੈ , ਓਹ ਹੈ ਦਲਬਦਲੂ । ਕੁਰਸੀ ਪਿੱਛੇ ਭੱਜਣ ਵਾਲੇ ਦਲ-ਬਦਲੂਆਂ ਦੇ ਬਲਬੂਤੇ ਬਹੁਗਿਣਤੀ ਦੀ ਸਰਕਾਰ ਨੂੰ ਮੂਧਾ ਮਾਰ ਕੇ ਘੱਟ ਗਿਣਤੀ ਦੀ (ਯਾਨੀ ਕਿ ਹਾਰੇ ਹੋਏ ਲੋਕਾਂ ਦੀ ) ਸਰਕਾਰ ਧੜੱਲੇ ਨਾਲ ਬਣਾ ਦਿੱਤੀ ਜਾਂਦੀ ਹੈ । ਕੀ ਇਹ ਲੋਕਤੰਤਰ ਦੀ ਮੂਲ ਭਾਵਨਾ ਦੇ ਅਨੁਕੂਲ ਹੈ । ਪਿੱਛੇ ਜਿਹੇ ਹਿਮਾਚਲ ਪ੍ਰਦੇਸ਼ ਤੋਂ ਇੱਕ ਮੈਂਬਰ ਨੂੰ ਰਾਜ ਸਭਾ ਪਹੁੰਚਾਉਣ ਲਈ ਛੇ ਵਿਧਾਨ ਸਭਾ ਮੈਂਬਰਾਂ ਤੋਂ ਦਲ ਬਦਲੀ ਕਰਵਾਈ ਗਈ । ਉਨ੍ਹਾਂ ਦੀ ਦਲ-ਬਦਲੀ ਕਾਰਨ ਖਾਲੀ ਹੋਈਆਂ ਛੇ ਸੀਟਾਂ ਹੁਣ ਉਪ ਚੋਣ ਰਾਹੀਂ ਭਰੀਆਂ ਗਈਆਂ ਹਨ ।

ਆਓ, ਹੁਣ ਇਹ ਵੀ ਚੈੱਕ ਕਰ ਲਈਏ ਕਿ ਸਾਡਾ ਲੋਕਤੰਤਰ ਲੋਕਾਂ ਲਈ ਹੈ ਵੀ ਜਾਂ ਨਹੀਂ । ਸਾਡੇ ਰਾਜਨੀਤਕ ਢਾਂਚੇ ਨੇ ਦੇਸ਼ ਅੰਦਰ ਹੀ ਇੱਕ ਉੱਚ ਕੁਲੀਨ ਵਰਗ ਪੈਦਾ ਕਰ ਦਿੱਤਾ ਹੈ । 35 - 40 ਸਾਲ ਨੌਕਰੀ ਕਾਰਨ ਵਾਲੇ ਮੁਲਾਜ਼ਮ ਲਈ ਇੱਕ ਪੈਨਸ਼ਨ ਵੀ ਨਾਜਾਇਜ਼ , ਇੱਕ ਟਰਮ ਲਈ ਇੱਕ ਪੈਨਸ਼ਨ , ਚਾਰ ਟਰਮਾ ਦੇ ਵਿਧਾਇਕ , ਐੱਮ ਪੀ ਨੂੰ ਚਾਰ ਪੈਨਸ਼ਨਾਂ ਦਾ ਹੱਕ ਸੇਵਾ ਫਲ ਕਹਾਉਂਦਾ ਹੈ। ਕਿਸੇ ਵੀ ਮੈਂਬਰ ਦੀ ਬਿਮਾਰੀ-ਠਿਮਾਰੀ ਦੀ ਹਾਲਤ ਵਿੱਚ ਦੇਸ਼-ਵਿਦੇਸ਼ ਦੇ ਪ੍ਰਸਿੱਧੀ ਪ੍ਰਾਪਤ ਹਸਪਤਾਲਾਂ ਵਿੱਚੋਂ ਸਰਕਾਰੀ ਖਰਚੇ 'ਤੇ ਵਧੀਆ ਇਲਾਜ ਦੀ ਸਹੂਲਤ , ਕਿਸੇ ਵੇਲੇ ਐੱਮ ਬੀ ਬੀ ਐੱਸ ਕਰਨ ਲਈ ਇਹਨਾਂ ਦੇ ਪਰਵਾਰਾਂ ਦਾ ਕੋਟਾ ਹੋਇਆ ਕਰਦਾ ਸੀ, ਐੱਮ ਪੀ ਜਾਂ ਐੱਮ ਐੱਲ ਏ ਰਹਿੰਦਿਆਂ ਏ ਸੀ ਕੋਚ ਅਤੇ ਜਹਾਜ਼ਾਂ ਦੇ ਬਿਜ਼ਨਸ ਕਲਾਸ ਵਿੱਚ ਪਰਵਾਰ ਅਤੇ ਨੌਕਰਾਂ ਸਮੇਤ ਮੁਫ਼ਤ ਸਫ਼ਰ ਦੀ ਸਹੂਲਤ , ਮੰਤਰੀ ਬਣ ਕੇ ਘਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਨਿੱਜੀ ਸਕੱਤਰ ਰੱਖਣ ਦਾ ਪ੍ਰਾਵਧਾਨ , ਸਰਕਾਰੀ ਕੰਟੀਨ ਤੋਂ ਮੁਫ਼ਤ ਜਾਂ ਨਾਮਾਤਰ ਖਰਚੇ 'ਤੇ ਅਮੀਰ ਖਾਣਾ ਅਤੇ ਅਖੀਰ ਵਿੱਚ ਮੋਟੀਆਂ ਤਨਖਾਹਾਂ ਅਤੇ ਭੱਤੇ । ਤਰਸ ਦੇ ਆਧਾਰ 'ਤੇ ਰਾਜਨੀਤਕ ਲੋਕਾਂ ਦੇ ਆਸ਼ਰਤਾਂ ਨੂੰ ਡੀ ਐਸ ਪੀ ਜਾਂ ਤਹਿਸੀਲਦਾਰ ਦੀ ਨੌਕਰੀ ਅਤੇ ਆਮ ਜਨਤਾ ਦੇ ਆਸ਼ਰਤਾਂ ਲਈ ਚਪੜਾਸੀ ਅਤੇ ਕਲਰਕ ਦੀ ਨੌਕਰੀ । ਬਿਨਾ ਯੂ ਪੀ ਐੱਸ ਸੀ ਇਮਤਿਹਾਨ ਦਿੱਤਿਆਂ ਆਈ ਏ ਐੱਸ ਬਣ ਜਾਣਾ ਵੀ ਰਾਜਨੀਤਕ ਲੋਕਾਂ ਦੇ ਪ੍ਰੀਵਾਰਿਕ ਮੈਂਬਰਾਂ ਨੂੰ ਹੀ ਨਸੀਬ ਹੁੰਦਾ ਹੈ ।

ਉਪਰੋਕਤ ਨੂੰ ਵਿਚਾਰ ਕੇ ਦੱਸਣਾ ਕਿ ਕੀ ਸਾਡਾ ਲੋਕਤੰਤਰ ਸਹੀ ਮਾਅਨਿਆਂ ਵਿੱਚ ਲੋਕਾਂ ਦਾ , ਲੋਕਾਂ ਦੁਆਰਾ ਅਤੇ ਲੋਕਾਂ ਲਈ ਹੈ ਵੀ ਜਾਂ ਨਹੀਂ ? ਕੁੱਝ ਵਿਦਵਾਨ ਮੇਰੀ ਇਸ ਸੋਚ ਨੂੰ ਨਿਰਾਸਾ ਵਿਚੋਂ ਉਪਜੀ ਸੋਚ ਕਹਿਣਗੇ, ਪ੍ਰੰਤੂ ਵਿਚਾਰ ਕੇ ਦੱਸਣਾ ਕਿ ਕੀ ਉੱਪਰ ਦੱਸੀਆਂ ਹਕੀਕਤਾਂ ਲੋਕਤੰਤਰ ਦੀ ਆਤਮਾ ਨਾਲ ਮੇਲ ਖਾਂਦੀਆਂ ਹਨ ?

**# ਸੰਪਰਕ : 98727-87243**

# ਆਓ ! ਧਰਤੀ ਥੱਲੇ ਅੱਗ ਬਾਲੀਏ !

**ਡਾ. ਇਕਬਾਲ ਸਿੰਘ ਸਕਰੌਦੀ**

ਫੀਲਾ ਬੱਕਰੀਆਂ ਦੇ ਇੱਜੜ ਨੂੰ ਬਾੜੇ 'ਚ ਵਾੜ ਕੇ ਦਰਵਾਜ਼ੇ ਮੂਹਰੇ ਆ ਖਲੋਤਾ । ਉਹਨੇ ਸਿਰ 'ਤੇ ਲਪੇਟਿਆ ਸਾਫ਼ਾ ਲਾਹ ਕੇ ਮੱਥੇ ਅਤੇ ਮੂੰਹ 'ਤੇ ਆਏ ਪਸੀਨੇ ਨੂੰ ਪੂੰਝਿਆ । ਦੁਬਾਰਾ ਫ਼ੇਰ ਸਾਫ਼ੇ ਨੂੰ ਸਿਰ 'ਤੇ ਲਪੇਟ ਲਿਆ । ਖੂਹੀ ਦੇ ਨੇੜੇ ਲੱਗੇ ਨਲਕੇ ਨੂੰ ਗੇੜ ਕੇ ਠੰਢਾ ਪਾਣੀ ਪੀਤਾ । ਫ਼ੇਰ ਉਹ ਸ਼ਾਂਤੀ ਨਾਲ਼ ਪਿੱਪਲ ਦੇ ਥੜ੍ਹੇ 'ਤੇ ਤਾਸ਼ ਖੇਡ ਰਹੇ ਅੱਧਖੜ ਉਮਰ ਦੇ ਬੰਦਿਆਂ ਵੱਲ ਇੱਕ ਟੱਕ ਖੜ੍ਹਾ ਵੇਂਹਦਾ ਰਿਹਾ। ਜਦ ਉਸ ਦੀ ਨਜ਼ਰ ਮੁੰਜ ਦੀ ਰੱਸੀ ਵੱਟ ਰਹੇ ਵੱਸਣ ਸਿੰਘ 'ਤੇ ਪਈ, ਤਦ ਉਹ ਬੋਲਿਆ, ਬਾਬਾ, ਛਾਛਰੀ, ਕਾਲ ।

ਸਤਿ ਸ੍ਰੀ ਅਕਾਲ ਪੁੱਤ ਫੀਲਿਆ। ਆ ਜਾ। ਬਹਿ ਜਾ। ਦੋ ਘੜੀ, ਪਿੱਪਲ ਦੀ ਛਾਂਵੇਂ। ਨਹੀਂ ਤੂੰ ਤਾਂ ਸਾਰੀ ਦਿਹਾੜੀ ਬੱਕਰੀਆਂ ਦੇ ਇੱਜੜ ਪਿੱਛੇ, ਹੈ ਤੇਰੀ ਮਾਂ ਨੂੰ, ਹੈ ਤੇਰੀ ਭੈਣ ਨੂੰ, ਕਰਦਾ ਤੁਰਿਆ ਰਹਿਨੈਂ ।ਵੱਸਣ ਬੁੜ੍ਹੇ ਨੇ ਉਹਦੇ ਔਖੇ ਕਾਰਜ ਨਾਲ਼ ਹਮਦਰਦੀ ਪਰਗਟ ਕਰਦਿਆਂ ਕਿਹਾ।

'ਕੋਈ ਨਾ ਬਾਬਾ । ਜੂਨ ਤਾਂ ਕੱਟਣੀ ਓਂ ਐ, ਜਦੋਂ ਗ਼ਰੀਬ ਦੇ ਘਰ ਜਨਮ ਲਿਐ' ਪਰ ਬਾਬਾ, ਤੂੰ ਇੱਕ ਗੱਲ ਦੱਸ ? ਅਸੀਂ; ਮਾਤੜਾਂ ਨੇ ਰੱਬ ਦੇ ਕੋਈ ਮਾਂਹ ਮਾਰੇ ਐ । ਜੇਹੜਾ, ਇਉਂ ਗਿਣ ਗਿਣ ਕੇ ਬਦਲੇ ਲੈਂਦੈ ਸਾਡੇ ਤੋਂ, ਮੇਰਾ ਸਾਲਕੜਾ । ਦੂਜਾ, ਆਹ ਸਾਰਾ ਕੁਸ਼ ਭੱਠੀ ਆਂਗੂੰ ਤਪਿਆ ਪਿਐ। ਗ਼ਰੀਬ ਗੁਰਬਾ ਜਾਵੇ ਤਾਂ ਕਿੱਥੇ ਜਾਵੇ ? ਇੱਕ ਆਹ ਸ਼ਾਡੀ ਸ਼ਰਕਾਰ ਨੇ, ਛੜਕਾਂ ਚੌੜੀਆਂ ਕਰਕੇ ਸ਼ਾਰੇ ਰੁੱਖਾਂ ਦਾ ਓਹ ਵਢਾਂਗਾ ਕੀਤੈ, ਕਿਤੇ ਛਾਂ ਨੀਂ ਸ਼ਡੀ । ਸਾਹ ਕੇਹੜਾ ਔਂਦਾ, ਏਨੇਂ ਵੱਟ 'ਚ। ਬਾਬਾ, ਸ਼ਰਕਾਰਾਂ ਨੇ ਤਾਂ ਜੇਹੜੀ ਖੇ ਉਡੌਣੀ ਤੀ, ਉਡਾ ਤੀ। ਪਰ ਆਹ ਜੱਟ ਜ਼ਿਮੀਂਦਾਰਾਂ ਨੇ ਵੀ ਖੇਤਾਂ ਵਿੱਚ ਖੜ੍ਹੇ ਸ਼ਾਰੇ ਰੁੱਖ ਵੱਢ ਸੁੱਟੇ ਐ। ਅਖੇ ! ਸਾਡੇ ਖੇਤਾਂ 'ਚ ਛਾਂਉਂ ਹੋਣ ਨਾਲ਼ ਫ਼ਸ਼ਲ ਨੀਂ ਹੁੰਦੀ। ਨਵਾਂ ਪੌਦਾ ਕੋਈ ਜੱਟ ਜਿੰਮੀਂਦਾਰ ਲੌਂਦਾ ਨੀਂ ।' ਫੀਲੇ ਨੇ ਮਨ ਵਿੱਚ ਭਰਿਆ ਗੁੱਭ ਗੁਭਾਟ ਕੱਢਿਆ।

ਪੁੱਤ ਫੀਲਿਆ, ਤੇਰੀ ਗੱਲ ਸੁੱਟ ਪੌਣ ਵਾਲ਼ੀ ਨੀਂ ਹੈਗੀ। ਕੱਲੇ ਜੱਟਾਂ ਦੀ ਕੀ ਗੱਲ ਕਰਦੈਂ। ਹੁਣ ਤਾਂ ਸਾਰੇ ਲੋਕਾਂ ਨੇ ਸ਼ਰਮ ਹਯਾ ਲਾਹ ਛੱਡੀ ਐ। ਅਖੇ, ਲਾਹ ਤੀ ਲੋਈ, ਕੀ ਕਰੂਗਾ ਕੋਈ। ਹੁਣ ਤਾਂ ਪੁੱਤ ਸਾਰੇ ਇੱਕ ਦੂਜੇ ਦੇ ਮੂੰਹ ਵੱਲੀਂ ਤੱਕੀ ਜਾਂਦੇ ਐ ਕਿ ਕੋਈ ਦੂਜਾ ਆ ਕੇ ਰੁੱਖ ਲਾਊਂਗਾ । ਉਹਨਾਂ ਰੁੱਖਾਂ ਦੀ ਛਾਂਮੇਂ ਬੈਠਾਂਗੇ। ਆਪ ਕੋਈ ਹੱਥ ਹਲਾ ਕੇ ਰਾਜ਼ੀ ਨੀਂ ।

ਮੈਂ ਤਾਂ ਸਗੋਂ ਆਪ ਏਹ ਕਹਿਨਾਂ ਬਈ ਕਿਸਾਨਾਂ ਨੂੰ ਰੁੱਖ ਬਿਲਕੁੱਲ ਨੀਂ ਲਾਉਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਤਾਂ ਚਾਹੀਦਾ ਹੈ ਕਿ ਉਹ ਹਾੜ੍ਹੀ ਸਾਉਣੀ ਦੀ ਫ਼ਸਲ ਵੱਢਣ। ਉਪਰੰਤ ਬਾਕੀ ਬਚੀ ਪਰਾਲੀ ਅਤੇ ਕਸੀਰਾਂ ਨੂੰ ਇੱਕ ਤੀਲ੍ਹੀ ਲਾਉਣ । ਚੁੱਪਚਾਪ ਆਪਣੇ ਘਰ ਆ ਵੜਣ । ਸਰਾਣੇ ਬਾਂਹ ਦੇ ਕੇ ਸੌਂ ਜਾਣ। ਧਰਤੀ ਦੀ ਉਪਜਾਊ ਸ਼ਕਤੀ ਘਟਦੀ ਹੈ ਤਾਂ ਘੱਟਦੀ ਰਹੇ, ਕਿਸਾਨਾਂ ਨੇ ਕੋਈ ਠੇਕਾ ਲਿਆ ਹੋਇਐ, ਧਰਤੀ ਨੂੰ ਬਚਾਉਣ ਦਾ ? ਜੇਕਰ ਪਰਾਲ਼ੀ ਅਤੇ ਰਹਿੰਦ ਖ਼ੂੰਹਦ ਨੂੰ ਅੱਗ ਲਾਉਣ ਨਾਲ਼ ਲੱਖਾਂ ਪੰਛੀ ਸੜ ਮਰਦੇ ਨੇ ਤਾਂ ਮਰਦੇ ਰਹਿਣ। ਕੀ ਉਨ੍ਹਾਂ ਪੰਛੀਆਂ ਨੇ ਜੱਟ ਜਿੰਮੀਂਦਾਰਾਂ ਨੂੰ ਪੁੱਛ ਕੇ ਰੁੱਖਾਂ 'ਤੇ ਆਲ੍ਹਣੇ ਪਾਏ ਸੀ ? ਬਾਬੇ ਵੱਸਣ ਨੇ ਆਖਿਆ।

ਪਰ ਪੁੱਤ, 'ਕੱਲੇ ਕਿਸਾਨ ਹੀ ਕਿਉਂ ? ਮੈਂ ਤਾਂ ਕਹਿਣਾਂ ਕਿ ਆਹ ਸਾਰੀਆਂ ਫੈਕਟਰੀਆਂ ਦੇ ਮਾਲਕਾਂ ਨੂੰ ਵੀ ਫ਼ੈਕਟਰੀਆਂ ਚਲਾਉਂਦੇ ਸਮੇਂ ਪਾਣੀ ਵਿੱਚ ਘੁਲੇ ਜ਼ਹਿਰੀਲੇ ਰਸਾਇਣਾਂ ਨੂੰ ਫਿਲਟਰ ਨਾਲ ਸਾਫ਼ ਕਰਨ ਦੀ ਕੋਈ ਲੋੜ ਨੀਂ ਹੈਗੀ, ਸਗੋਂ ਉਨ੍ਹਾਂ ਨੂੰ ਜ਼ਹਿਰੀਲੇ ਰਸਾਇਣਾਂ ਨੂੰ ਸਿੱਧੇ ਧਰਤੀ ਦੀ ਹੇਠਲੀ ਤਹਿ ਤੱਕ ਪਹੁੰਚਾਉਣਾ ਚਾਹੀਦੈ। ਕਿਉਂਕਿ ਸਾਡੇ ਦੇਸ਼ ਵਿੱਚ ਕੋਈ ਰਾਜਾ ਬਾਬੂ ਤਾਂ ਹੈ ਨੀਂ, ਜੀਹਨੇ ਧਰਤੀ ਨੂੰ ਪਲੀਤ ਕਰਨ ਵਾਲ਼ਿਆਂ ਖ਼ਿਲਾਫ਼ ਕਦੇ ਕੋਈ ਕਾਰਵਾਈ ਕੀਤੀ ਹੋਵੇ । ਬਾਬਾ ਬੋਲਿਆ।

ਬਾਬੇ ਦੀਆਂ ਗੱਲਾਂ ਸੁਣ ਕੇ ਫੀਲਾ ਨੇ ਕਿਹਾ, 'ਨਾ ਭਲਾਂ, ਬਾਬਾ, ਏਹ ਕੀ ਬੇਥਵੀਆਂ ਮਾਰੀਂ ਜਾਨੈਂ ?'

ਪੁੱਤ, ਏਹ ਬੇਥਵੀਆਂ ਨੀਂ ਹੈਗੀਆਂ। ਮੈਂ ਤਾਂ ਆਪਣੇ ਦੇਸ਼ ਦੇ ਲੋਕਾਂ ਨੂੰ ਹੱਥ ਬੰਨ੍ਹ ਕੇ, ਪੀਲ ਕਰਦਾਂ ਕਿ ਉਹ ਦੀਵਾਲ਼ੀ, ਦੁਸਹਿਰੇ ਨੂੰ, ਨਵੇਂ ਸਾਲ ਦੇ ਸ਼ੁਰੂ 'ਚ, ਵਿਆਹ ਸ਼ਾਦੀਆਂ ਤੇ ਹੋਰ ਖ਼ੁਸ਼ੀ ਦੇ ਮੌਕਿਆਂ 'ਤੇ ਵੱਡੇ-ਵੱਡੇ ਪਟਾਕੇ ਚਲਾਉਣ, ਕਿਉਂ ਜੋ ਸਾਡਾ ਆਪਣਾ ਦੇਸ਼ ਹੈ । ਅਸੀਂ ਇਸ ਨੂੰ ਧੂੰਏਂ ਨਾਲ਼ ਭਰੀਏ ਜਾਂ ਏਹਦੀ ਆਵੋ ਹਵਾ, ਜਿਵੇਂ ਮਰਜ਼ੀ ਵਿਗਾੜੀਏ। ਨਾ ਜੇ ਧੂੰਏਂ ਨਾਲ਼ ਦਮੇਂ ਦੇ ਮਰੀਜ਼ ਦੁਖੀ ਹੁੰਦੇ ਐ ਤਾਂ ਹੁੰਦੇ ਰੈਣ। ਅਸੀਂ ਕੇਹੜਾ ਉਹਨਾਂ ਨੂੰ ਧਰਮਰਾਜ ਤੋਂ ਬਚਾਉਣ ਦਾ ਠੇਕਾ ਲਿਐ ? ਨਾ, ਸਾਡੀ ਆਪਨੀ ਚੁਣੀਂ ਸਰਕਾਰ ਐ ! ਕੇਹੜਾ ਸਾਲ਼ਾ ਸਾਡੇ ਮੂਹਰੇ ਖੰਘ ਜੂ ਗਾ ?

ਪੁੱਤ, ਮੈਂ ਤਾਂ ਆਹ ਟਰੱਕਾਂ, ਬੱਸਾਂ, ਕਾਰਾਂ, ਆਟੋ ਰਿਕਸ਼ੇ ਵਾਲੇ ਵੀਰਾਂ ਨੂੰ ਵੀ ਹੱਥ ਬੰਨ੍ਹ ਅਰਜ਼ ਕਰਦਾਂ। ਬਈ ਉਨ੍ਹਾਂ ਨੂੰ ਵੀ ਆਪਣੀਆਂ ਗੱਡੀਆਂ ਦੀ ਛੇਤੀ-ਛੇਤੀ ਸਰਵਿਸ ਕਰਾਉਣ ਦੀ ਕੋਈ ਲੋੜ ਨੀਂ ਹੈਗੀ। ਨਾ ਜੇ ਉਨ੍ਹਾਂ ਦੀਆਂ ਗੱਡੀਆਂ ਦੇ ਧੂੰਏਂ ਨਾਲ਼ ਦੂਜਿਆਂ ਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਕੋਈ ਪ੍ਰਵਾਹ ਕਰਨ ਦੀ ਲੋੜ ਨੀਂ ਹੈਗੀ, ਕਿਉਂਕਿ ਆਖ਼ਰ ਗੱਡੀਆਂ ਵਾਲ਼ੇ ਵੀਰ ਵੀ ਤਾਂ ਉਸੇ ਜ਼ਹਿਰੀਲੇ ਧੂੰਏਂ ਵਿੱਚ ਸਾਹ ਲੈਂਦੇ ਨੇ ।

ਪੁੱਤ, ਮੈਂ ਤਾਂ ਸ਼ਹਿਰਾਂ ਦੀਆਂ ਕਮੇਟੀਆਂ ਦੇ ਪ੍ਰਧਾਨਾਂ ਨੂੰ ਵੀ ਇੱਕੋ ਬੇਨਤੀ ਕਰਦਾਂ ਕਿ ਉਹਨਾਂ ਕੋਲ ਜਦੋਂ ਵੀ ਕੋਈ ਆਪਣਾ ਨਵਾਂ ਘਰ ਬਣਾਉਣ ਤੋਂ ਪਹਿਲਾਂ ਨਕਸ਼ਾ ਪਾਸ ਕਰਾਉਣ ਆਵੇ । ਜੇਕਰ ਕਿਸੇ ਨੇ ਆਪਣੇ ਘਰ ਵਿੱਚ ਰੁੱਖ ਲਾਉਣ ਦੀ ਸਕੀਮ ਘੜ ਰੱਖੀ ਹੋਵੇ ਤਾਂ ਇੱਕ ਤਾਂ ਉਹਦਾ ਨਕਸ਼ਾ ਈ ਨਾ ਪਾਸ ਕੀਤਾ ਜਾਵੇ । ਉਲਟਾ ਉਹਨੂੰ ਹਰਜਾਨਾ ਲਾਇਆ ਜਾਵੇ । ਕਿਉਂ ਜੋ ਮਹਿੰਗੇ ਭਾਅ ਦਾ ਪੱਥਰ ਲੱਗੀਆਂ ਕੋਠੀਆਂ ਵਿੱਚ ਫ਼ੁੱਲਾਂ ਬੂਟਿਆਂ ਦਾ ਕੀ ਰਾਹ ? ਪੁੱਤ ਫੀਲਿਆ, ਤੈਨੂੰ ਨੀਂ ਪਤਾ, ਪੱਥਰ ਲੱਗੀਆਂ ਕੋਠੀਆਂ ਵਿੱਚ ਫ਼ੁੱਲ ਬੂਟਿਆਂ ਦੇ ਡਿੱਗੇ ਪੱਤੇ ਕਿੰਨਾਂ ਗੰਦ ਪੌਂਦੇ ਐ ! ਇਹੋ ਖਿੰਡੇ ਪੱਤੇ ਕੋਠੀ ਦੀ ਸਾਰੀ ਸ਼ਾਨ ਨੂੰ ਵਿਗਾੜ ਸੁੱਟਦੇ ਐ !

ਫੀਲਾ ਬਾਬੇ ਦੀਆਂ ਝੱਲ ਵਲੱਲੀਆਂ ਸੁਣ ਕੇ ਸੋਚੀਂ ਪੈ ਗਿਆ ਕਿ ਹੋਵੇ ਨਾ ਹੋਵੇ, ਵੱਸਣ ਬੁੜ੍ਹੇ ਦਾ ਤਾਂ ਦਮਾਗ ਹਿੱਲਿਆ ਲੱਗਦੈ। ਉਹਨੇ ਉੱਠ ਕੇ ਆਪਣੀ ਠਿੱਬੀ ਜੁੱਤੀ ਝਾੜੀ। ਤੇ ਆਪਣੇ ਘਰ ਵੱਲ ਨੂੰ ਤੁਰ ਪਿਆ।

**# ਸੰਪਰਕ : 84276-85020**

# ਭ੍ਰਿਸ਼ਟਾਚਾਰ ਦੇ ਘਾਤਕ ਰੂਪ ਨੂੰ ਨੱਥ ਪਾਉਣ ਦਾ ਸਮਾਂ



ਸੁਰਜੀਤ ਸਿੰਘ ਫਲੋਰਾ

ਭ੍ਰਿਸ਼ਟਾਚਾਰ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾਂ ਸਰੀਰ, ਫਿਰ ਮਨ ਅਤੇ ਅੰਤ ਵਿਚ ਬੋਲ-ਭਾਸ਼ਨ । ਜੇਕਰ ਅਸੀਂ ਆਪਣੇ ਸਰੀਰ ਜਾਂ ਦੂਜਿਆਂ ਦੀ ਪਵਿੱਤਰਤਾ ਤੋਂ ਭਟਕਦੇ ਹਾਂ, ਆਪਣੇ ਮਨ ਵਿੱਚ ਗਲਤ ਸੋਚਦੇ ਹਾਂ ਅਤੇ ਝੂਠ ਬੋਲਦੇ ਹਾਂ ਤਾਂ ਇਹ ਸਭ ਭ੍ਰਿਸ਼ਟਾਚਾਰ ਦੇ ਕੰਮ ਹਨ ।

ਅਜੋਕੇ ਸਮੇਂ ਵਿੱਚ ਸਿਆਸੀ ਭ੍ਰਿਸ਼ਟਾਚਾਰ ਕਈ ਗੁਣਾ ਵਧ ਗਿਆ ਹੈ । ਇਹ ਸਿਆਸਤਦਾਨਾਂ ਦੁਆਰਾ ਜਨਤਕ ਫੰਡਾਂ ਦੀ ਦੁਰਵਰਤੋਂ ਜਾਂ ਸਿਆਸੀ ਸ਼ਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਨਾਲ-ਨਾਲ ਰਾਜਨੀਤਕ ਪਾਰਟੀਆਂ ਦਾ ਪੱਖ ਲੈਣ ਲਈ ਰਾਜਨੀਤਕ ਚੰਦੇ ਦੇ ਕੰਮ ਹਨ, ਜਦੋਂ ਉਹ ਅਹੁਦੇ 'ਤੇ ਹੁੰਦੇ ਹਨ।

ਇਨ੍ਹਾਂ ਸਭ ਦੇ ਸਰੀਰਕ ਰਾਜਨੀਤੀ 'ਤੇ ਗੰਭੀਰ ਪ੍ਰਭਾਵ ਹਨ ਅਤੇ ਇਨ੍ਹਾਂ ਨੂੰ ਕਾਨੂੰਨੀ ਉਪਾਵਾਂ, ਅਦਾਲਤੀ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ, ਖਾਸ ਕਰਕੇ ਅਪਰਾਧਿਕ ਕਾਰਵਾਈਆਂ ਦੇ ਨਾਲ-ਨਾਲ ਜਨਤਕ ਜਾਗਰੂਕਤਾ ਦੇ ਜ਼ਰੀਏ ਖ਼ਤਮ ਕੀਤੇ ਜਾਣ ਦੀ ਜ਼ਰੂਰਤ ਹੈ ।

ਜਿੱਥੇ ਕਿ ਇਮਾਨਦਾਰੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ, ਸੰਸਥਾਵਾਂ ਨੂੰ ਮਜ਼ਬੂਤ ਕਰਨਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਵਧਾਉਣਾ ਅਤੇ ਨੈਤਿਕ ਵਿਵਹਾਰ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹਿੱਸੇ ਹਨ, ਜੋ ਉੱਚ ਗੁਣਵੱਤਾ ਵਾਲੇ ਸ਼ਾਸਨ ਵਿੱਚ ਅਨੁਵਾਦ ਕਰਦੇ ਹਨ - ਭਾਵੇਂ ਇਹ ਸਿਆਸੀ ਸ਼ਾਸਨ ਹੋਵੇ, ਕਾਰਪੋਰੇਟ ਗਵਰਨੈਂਸ, ਸਮਾਜਿਕ-ਆਰਥਿਕ ਜਾਂ ਨੌਕਰਸ਼ਾਹੀ ਸ਼ਾਸਨ । ਇਹਨਾਂ ਹਿੱਸਿਆਂ ਨੂੰ ਇਮਾਨਦਾਰ ਅਤੇ ਨੈਤਿਕ ਢੰਗ ਨਾਲ ਸੰਭਾਲਣ ਲਈ ਵਿਅਕਤੀਆਂ, ਭਾਈਚਾਰਿਆਂ, ਸਰਕਾਰਾਂ, ਨੇਤਾ, ਭਾਈਚਾਰੇ ਦੇ ਲੀਡਰਾਂ ਅਤੇ ਹੋਰ ਹਿੱਸੇਦਾਰਾਂ ਦੀ ਸਮੂਹਿਕ ਇੱਛਾ ਅਤੇ ਯਤਨਾਂ ਦੀ ਲੋੜ ਹੁੰਦੀ ਹੈ । ਹਾਲਾਂਕਿ ਜਿਨ੍ਹਾਂ ਕੋਲ ਸ਼ਕਤੀ ਜਾਂ ਅਧਿਕਾਰ ਹਨ, ਉਨ੍ਹਾਂ ਦੀ ਇੱਕ ਵਧੇਰੇ ਪਾਰਦਰਸ਼ੀ ਅਤੇ ਨਿਆਂਪੂਰਨ ਸਮਾਜ ਦੀ ਸਿਰਜਣਾ ਅਤੇ ਪ੍ਰਚਾਰ ਕਰਨ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

ਸੱਤਾ ਵਿੱਚ ਇਸ ਵਰਗ ਦੁਆਰਾ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਇੱਕ ਮਾਮੂਲੀ ਬੇਈਮਾਨੀ ਅਤੇ ਗੈਰ-ਜ਼ਿੰਮੇਵਾਰ ਅਧਿਕਾਰ ਦਾ ਆਨੰਦ ਲੈਣ ਨਾਲ ਸਮਾਜਿਕ ਵਿਗਾੜ ਪੈਦਾ ਹੁੰਦਾ ਹੈ, ਕਿਉਂਕਿ ਹਿੱਤਾਂ ਦਾ ਇਹ ਟਕਰਾਅ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੇ ਹਨ । ਇਹ ਜ਼ਿਆਦਾਤਰ ਦੇਖਿਆ ਗਿਆ ਹੈ ਕਿ ਸੱਤਾ ਦੀ ਕੁਰਸੀ 'ਤੇ ਬੈਠੇ ਲੋਕਾਂ ਨੂੰ ਆਪਣੇ ਨਿੱਜੀ ਮੁਫਾਦਾਂ ਲਈ ਜਾਂ ਆਪਣੇ ਮੁਕਾਬਲੇਬਾਜ਼ਾਂ ਨਾਲ ਅੰਕਾਂ ਦਾ ਨਿਪਟਾਰਾ ਕਰਨ ਲਈ ਅਧਿਕਾਰਤ ਪ੍ਰਣਾਲੀ ਦੇ ਅੰਦਰ ਜਾਂ ਇਸ ਤੋਂ ਬਾਹਰ ਆਪਣੇ ਹੀ ਸਮੂਹ ਦੁਆਰਾ ਮੋਹਰੇ ਵਜੋਂ ਵਰਤਿਆ ਜਾਂਦਾ ਹੈ । ਭ੍ਰਿਸ਼ਟਾਚਾਰ ਦੇ ਇਸ ਰੂਪ ਦਾ ਸਭ ਤੋਂ ਖ਼ਤਰਨਾਕ ਹਿੱਸਾ ਉਦੋਂ ਹੁੰਦਾ ਹੈ, ਜਦੋਂ ਗੈਰ-ਜ਼ਿੰਮੇਵਾਰ ਸ਼ਕਤੀਆਂ ਨਾਲ ਨਿਯਤ ਅਥਾਰਟੀ ਇਸ ਦੀ ਦੁਰਵਰਤੋਂ ਆਪਣੇ ਕੈਰੀਅਰ ਦੀ ਤਰੱਕੀ ਅਤੇ ਨਿੱਜੀ ਲਾਭ ਲਈ ਪੌੜੀ ਵਜੋਂ ਕਰਦੀ ਹੈ। ਆਮ ਤੌਰ 'ਤੇ ਜਦੋਂ ਅਸੀਂ ਭ੍ਰਿਸ਼ਟਾਚਾਰ ਬਾਰੇ ਸੋਚਦੇ ਹਾਂ ਜਾਂ ਇਸ ਖਤਰੇ ਬਾਰੇ ਗੱਲ ਕਰਦੇ ਹਾਂ ਤਾਂ ਅਸੀਂ ਗੁਪਤ ਰੂਪ ਵਿੱਚ ਪੈਸੇ ਵਾਲੀਆਂ ਪਾਰਟੀਆਂ ਨੂੰ ਦੇਖਦੇ ਹਾਂ। ਮੈਨੂੰ ਨਹੀਂ ਲੱਗਦਾ ਕਿ ਅਨੈਤਿਕ ਜਾਂ ਗੈਰ-ਕਾਨੂੰਨੀ ਢੰਗ ਨਾਲ ਪੈਸਾ ਬਦਲਣਾ ਭ੍ਰਿਸ਼ਟਾਚਾਰ ਦਾ ਇੱਕੋ-ਇੱਕ ਰੂਪ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਭ੍ਰਿਸ਼ਟਾਚਾਰ ਇੱਕ ਹੱਥ ਤੋਂ ਦੂਜੇ ਹੱਥ ਵਿੱਚ ਨਕਦੀ ਦੇ ਗੁਪਤ ਪ੍ਰਵਾਹ ਤੋਂ ਇਲਾਵਾ ਵੱਖ-ਵੱਖ ਰੂਪਾਂ ਵਿੱਚ ਮੌਜੂਦ ਹੈ। ਅਜਿਹੀ ਸਥਿਤੀ 'ਤੇ ਵਿਚਾਰ ਕਰੋ, ਜਿੱਥੇ ਕੋਈ ਵਿਅਕਤੀ ਕਿਸੇ ਤੀਜੀ ਧਿਰ ਨੂੰ ਸ਼ਾਮਲ ਕਰਨ ਵਾਲੀ ਫੈਸਲੇ ਦੀ ਪ੍ਰਕਿਰਿਆ 'ਤੇ ਆਪਣਾ ਪ੍ਰਭਾਵ ਵੇਚ ਰਿਹਾ ਹੈ ਜਾਂ ਉਸ ਨੂੰ ਵੇਚਣ ਦੀ ਇਜਾਜ਼ਤ ਦੇ ਰਿਹਾ ਹੈ-ਭਾਵੇਂ ਇਹ ਕੋਈ ਵਿਅਕਤੀ ਜਾਂ ਕੋਈ ਵੀ ਸੰਸਥਾ ਹੋਵੇ ।

**ਕੀ ਇਹ ਅਸਰ-ਰਸੂਖ ਵੀ ਇੱਕ ਤਰ੍ਹਾਂ ਦਾ ਭ੍ਰਿਸ਼ਟਾਚਾਰ ਨਹੀਂ ਹੈ ?**

ਬੇਸ਼ੱਕ ਇਹ ਹੈ ਅਸਲ ਵਿੱਚ, ਪੈਡਲਿੰਗ ਪ੍ਰਭਾਵ ਭ੍ਰਿਸ਼ਟਾਚਾਰ ਦਾ ਸਭ ਤੋਂ ਭੈੜਾ ਰੂਪ ਹੈ । ਦੂਜੇ ਸ਼ਬਦਾਂ ਵਿੱਚ, ਭ੍ਰਿਸ਼ਟ ਅਭਿਆਸ ਪੈਸੇ ਦੇ ਮਾਮਲਿਆਂ ਤੋਂ ਪਰੇ ਹੈ ਅਤੇ ਇਸਦੇ ਕੁਝ ਖਤਰਨਾਕ ਰੂਪ ਹਨ ਜੋ ਸਮਾਜਾਂ, ਭਾਈਚਾਰਿਆਂ ਵਿੱਚ ਗੁੰਝਲਦਾਰ ਸਮਾਜਿਕ ਵਿਗਾੜ ਪੈਦਾ ਕਰ ਰਹੇ ਹਨ ਅਤੇ ਸਮੁੱਚੇ ਤੌਰ 'ਤੇ ਇੱਕ ਖੇਤਰ ਦੀ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਇਸ ਖਤਰੇ ਵਿੱਚ ਆਮ ਤੌਰ 'ਤੇ ਰਿਸ਼ਵਤਖੋਰੀ, ਧੋਖਾਧੜੀ, ਗਬਨ, ਭਾਈ-ਭਤੀਜਾਵਾਦ ਅਤੇ ਹੋਰ ਗੈਰ-ਕਾਨੂੰਨੀ ਅਭਿਆਸ ਸ਼ਾਮਲ ਹੁੰਦੇ ਹਨ, ਜੋ ਕਿਸੇ ਖੇਤਰ ਨੂੰ ਨਿਯੰਤਰਿਤ ਕਰਨ ਵਾਲੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੀ ਅਖੰਡਤਾ, ਨਿਰਪੱਖਤਾ ਅਤੇ ਕੁਸ਼ਲਤਾ ਨੂੰ ਕਮਜ਼ੋਰ ਕਰਦੇ ਹਨ। ਕਿਸੇ ਅਧਿਕਾਰੀ ਦੇ ਰਿਸ਼ਤੇਦਾਰਾਂ ਜਾਂ ਨਿੱਜੀ ਦੋਸਤਾਂ ਦਾ ਪੱਖ ਪੂਰਨਾ ਹਰ ਤਰ੍ਹਾਂ ਨਾਲ ਨਾਜਾਇਜ਼ ਨਿੱਜੀ ਲਾਭ ਦਾ ਇੱਕ ਰੂਪ ਹੈ । ਦੁਸ਼ਮਣਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਉਦੋਂ ਭ੍ਰਿਸ਼ਟਾਚਾਰ ਬਣ ਜਾਂਦੀ ਹੈ, ਜਦੋਂ ਸਰਕਾਰੀ ਸ਼ਕਤੀਆਂ ਨੂੰ ਇਸ ਮਕਸਦ ਲਈ ਗੈਰ-ਕਾਨੂੰਨੀ ਢੰਗ ਨਾਲ ਵਰਤਿਆ ਜਾਂਦਾ ਹੈ।

ਭ੍ਰਿਸ਼ਟਾਚਾਰ ਕੋਈ ਨਵੀਂ ਗੱਲ ਨਹੀਂ ਹੈ । ਇਤਿਹਾਸਕਾਰਾਂ ਨੇ ਇਸ ਖਤਰੇ ਨੂੰ ਮੌਰੀਆ, ਮੁਗਲ ਅਤੇ ਸਲਤਨਤ ਕਾਲ ਵਿੱਚ ਵੀ ਪ੍ਰਚਲਿਤ ਕੀਤਾ ਹੈ। ਅੱਜ ਸਾਡੇ ਸਮਾਜਾਂ ਵਿੱਚ ਭ੍ਰਿਸ਼ਟਾਚਾਰ ਇੰਨਾ ਆਮ ਹੋ ਗਿਆ ਹੈ ਕਿ ਲੋਕ ਹੁਣ ਇਸ ਨਾਲ ਜਨਤਕ ਜੀਵਨ ਬਾਰੇ ਸੋਚਣ ਤੋਂ ਵੀ ਗੁਰੇਜ਼ ਕਰਦੇ ਹਨ।

ਸਰਵੇਖਣ ਦਰਸਾਉਂਦੇ ਹਨ ਕਿ ਪੁਲਸ ਭ੍ਰਿਸ਼ਟਾਚਾਰ ਸਭ ਤੋਂ ਵੱਡਾ ਹੈ, ਪਰ ਇਸ ਦਾ ਪ੍ਰਭਾਵ ਘੱਟ ਜਨਤਕ ਸ਼ਮੂਲੀਅਤ ਕਾਰਨ ਮਾਮੂਲੀ ਹੈ । ਸਿਹਤ ਉਦਯੋਗ ਵਿੱਚ ਭ੍ਰਿਸ਼ਟਾਚਾਰ ਦਾ ਦੂਜਾ ਸਭ ਤੋਂ ਉੱਚਾ ਸਕੋਰ ਹੈ, ਪਰ ਜਨਤਕ ਸੰਪਰਕ ਦੇ ਕਾਰਨ ਸਭ ਤੋਂ ਵੱਡਾ ਪ੍ਰਭਾਵ ਸਕੋਰ ਹੈ । ਸਰਕਾਰੀ ਨਿਗਰਾਨੀ ਦੀ ਘਾਟ, ਦਵਾਈਆਂ ਦੀ ਘਾਟ ਅਤੇ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਹੋਰ ਪੇਸ਼ੇਵਰ ਕਰਮਚਾਰੀਆਂ ਦੀ ਘਾਟ ਨੇ ਵਿਆਪਕ ਭ੍ਰਿਸ਼ਟਾਚਾਰ ਨੂੰ ਜਨਮ ਦਿੱਤਾ ਹੈ । ਸਕੂਲੀ ਭ੍ਰਿਸ਼ਟਾਚਾਰ ਪੀੜਤਾਂ ਦਾ ਅਨੁਪਾਤ ਵਿਸ਼ੇਸ਼ ਤੌਰ 'ਤੇ ਚਿੰਤਾਜਨਕ ਹੈ। ਦਾਖਲੇ ਇਸ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਬਲਦੇ ਹਨ। ਦਾਨ ਅਤੇ ਤਾਕਤਵਰ ਰਿਸ਼ਤੇਦਾਰ ਦਾਖਲੇ ਵਿਚ ਭ੍ਰਿਸ਼ਟਾਚਾਰ ਦੇ ਪ੍ਰਾਇਮਰੀ ਤਰੀਕੇ ਹਨ । ਬਿਜਲੀ ਉਦਯੋਗ ਵਿੱਚ ਭ੍ਰਿਸ਼ਟਾਚਾਰ ਵਿਆਪਕ ਹੈ । ਜ਼ਿਆਦਾ ਭੁਗਤਾਨ ਅਤੇ ਗਲਤ ਬਿਜਲੀ ਡਿਲੀਵਰੀ ਮੁੱਖ ਭ੍ਰਿਸ਼ਟਾਚਾਰ ਹਨ । ਦਫ਼ਤਰ ਦੇ ਕਰਮਚਾਰੀ ਖਪਤਕਾਰਾਂ ਤੋਂ ਪੈਸੇ ਦੀ ਮੰਗ ਕਰਦੇ ਹਨ, ਜੋ ਕਿ ਵਿਅੰਗਾਤਮਕ ਹੈ। ਖਪਤਕਾਰਾਂ ਲਈ ਇਸ ਖੇਤਰ ਵਿੱਚ ਮੁੱਖ ਭ੍ਰਿਸ਼ਟ ਖਿਡਾਰੀ ਲਾਈਨਮੈਨ, ਅਧਿਕਾਰੀ, ਮੀਟਰ ਰੀਡਰ ਅਤੇ ਬਿਲਿੰਗ ਕਲਰਕ ਹਨ।

(● ਬਾਕੀ ਸਫ਼ਾ 3 'ਤੇ)

### ਦਲਿਤ ਨੌਜਵਾਨਾਂ ਦੀ ਮਾਰਕੁੱਟ ਕਰਨ ਦਾ ਮਾਮਲਾ ਭਖਿਆ

# ਵਫ਼ਦ ਨੇ ਕੀਤੀ ਡੀ ਐੱਸ ਪੀ ਨਾਲ ਮੁਲਾਕਾਤ



**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੀ 6 ਜੂਨ ਨੂੰ ਦਲਿਤ ਭਾਈਚਾਰੇ ਨਾਲ ਸਬੰਧਤ 2 ਨੌਜਵਾਨਾਂ ਦੀ ਕੁੱਟਮਾਰ ਕਰਨ ਦਾ ਮਾਮਲਾ ਹੋਰ ਭਖਦਾ ਜਾ ਰਿਹਾ ਹੈ, ਜਿਸ ਸਬੰਧੀ ਦਲਿਤ ਸਮਾਜ ਨਾਲ ਸੰਬੰਧਤ ਆਗੂਆਂ ਦੇ ਵਫ਼ਦ, ਜਿਨ੍ਹਾਂ ਵਿੱਚ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ, ਸ੍ਰੀ ਵਿੱਕੀ ਪਰੋਚਾ ਕੌਮੀ ਪ੍ਰਧਾਨ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ, ਸ਼ਕਤੀ ਜੀਤ ਸਿੰਘ ਦਲਿਤ ਆਗੂ, ਸ੍ਰੀ ਹਵਾ ਸਿੰਘ, ਰਘਵੀਰ ਸਿੰਘ ਸਾਬਕਾ ਸਰਪੰਚ, ਦੀਪ ਟੀਵਾਨਾ ਆਦਿ ਵੱਲੋਂ ਦਲਿਤ ਨੌਜਵਾਨਾਂ ਦੀ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਡੀ ਐਸ ਪੀ ਸੰਗਰੂਰ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਡੀ ਐਸ ਪੀ ਸੰਗਰੂਰ ਮਨੋਜ ਗਰੋਸੀ ਨੇ ਵਫ਼ਦ ਨੂੰ ਦੱਸਿਆ ਕਿ ਕੁੱਟਮਾਰ ਕਰਨ ਵਾਲਿਆਂ ਵਿਰੁੱਧ ਥਾਣਾ ਸਦਰ (ਵਾਲੀਆਂ) ਸੰਗਰੂਰ ਵਿਖੇ ਐਸਸੀ/ਐਸਟੀ ਐਕਟ ਸਣੇ ਵੱਖ-ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕਰ ਦਿੱਤਾ ਗਿਆ ਹੈ, ਜਿਸ ਸਬੰਧੀ ਵਫ਼ਦ ਨੇ ਡੀ ਐਸ ਪੀ ਨੂੰ ਕਿਹਾ ਕਿ ਦਰਜ ਇਸ ਮੁਕੱਦਮੇ ਵਿੱਚ ਅ/ਧ 307 ਜੁਰਮ ਦਾ ਵਾਧਾ ਕਰਕੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਡੀ.ਐਸ.ਪੀ ਸੰਗਰੂਰ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਹ 17 ਜੂਨ ਤੱਕ ਕਾਰਵਾਈ ਮੁਕੰਮਲ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਦਲਿਤ ਨੌਜਵਾਨ ਹਰਜੀਤ ਸਿੰਘ ਜੋ ਭਾਈ ਗੁਰਦਾਸ ਇੰਸਟੀਚਿਊਟ ਦਾ ਵਿਦਿਆਰਥੀ ਹੈ, ਉਹ ਆਪਣੇ ਪਿੰਡ ਚੱਠੇ ਸੇਖਵਾਂ ਵਿਖੇ ਜਾ ਰਿਹਾ ਸੀ ਤਾਂ ਭਾਈ ਗੁਰਦਾਸ ਇੰਸਟੀਚਿਊਟ ਦੇ ਨਜ਼ਦੀਕ (ਇੰਸਟੀਚਿਊਟ ਦੇ ਬਾਹਰ) ਕੁੱਝ ਵਿਅਕਤੀਆਂ ਦਾ ਆਪਸ ਵਿੱਚ ਝਗੜਾ ਹੋ ਰਿਹਾ ਸੀ। ਇਹ ਨੌਜਵਾਨ ਉਨ੍ਹਾਂ ਕੋਲ ਖੜ ਗਏ ਤਾਂ ਉਥੇ ਕੁੱਝ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਆ ਕੇ ਇਨ੍ਹਾਂ ਦੀ ਬੇਰਹਮੀ ਨਾਲ ਬੁਰੀ ਤਰ੍ਹਾਂ ਮਾਰਕੁੱਟ ਕੀਤੀ ਗਈ ਤੇ ਇਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਥਾਣਾ ਸਦਰ ਵਾਲੀਆਂ ਸੰਗਰੂਰ ਵਿਖੇ ਸੁੱਟ ਕੇ ਚਲੇ ਗਏ। ਸ੍ਰੀ ਦਰਸ਼ਨ ਕਾਂਗੜਾ ਨੇ ਇਹ ਵੀ ਕਿਹਾ ਕਿ ਇਹ ਝਗੜਾ ਭਾਈ ਗੁਰਦਾਸ ਇੰਸਟੀਚਿਊਟ ਵਿੱਚ ਨਹੀਂ, ਸਗੋਂ ਇੰਸਟੀਚਿਊਟ ਤੋਂ ਬਾਹਰ ਪਿੰਡ ਕਲੋਦੀ ਦੇ ਪੁਲ਼ ਕੋਲ ਹੋਇਆ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਕੱਠੇ ਹੋ ਕੇ ਕੁੱਟਮਾਰ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਾ ਦਿੱਤੀ ਗਈ ਹੈ। ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਉਹਨਾਂ ਨੂੰ ਜੇਕਰ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਕੋਈ ਵੱਡਾ ਸੰਘਰਸ਼ ਵੀ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਇਸ ਮੌਕੇ ਹੋਰ ਵੀ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਆਗੂ ਹਾਜ਼ਰ ਸਨ।

# ਟਿੱਪਰਾਂ ਦੀ ਆਵਾਜਾਈ ਤੋਂ ਦੁਖੀ ਬਹੋਨਾ ਵਾਸੀਆਂ ਨੇ ਲਾਇਆ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਜੰਮੂ ਕਟੜਾ ਰੋਡ ਦੀ ਚੱਲ ਰਹੀ ਉਸਾਰੀ ਦੌਰਾਨ ਸੜਕ ਤੇ ਮਿੱਟੀ ਪਾਉਣ ਲਈ ਪਿੰਡ ਬਹੋਨਾ ਦੀ ਜ਼ਮੀਨ ਵਿੱਚੋਂ ਪਿਛਲੇ ਇੱਕ ਮਹੀਨੇ ਤੋਂ ਟਿੱਪਰਾਂ ਰਾਹੀਂ ਮਿੱਟੀ ਦੀ ਢੋਆ-ਢੁਆਈ ਕੀਤੀ ਜਾ ਰਹੀ ਹੈ ਤੇ ਇਹ ਓਵਰਲੋਡ ਟਿੱਪਰ ਸਾਰਾ ਦਿਨ ਪਿੰਡ ਦੀ ਫਿਰਨੀ ਤੇ ਲਿੰਕ ਰੋਡ ਦੀ ਵਰਤੋਂ ਕਰ ਰਹੇ ਹਨ, ਜਿਸ ਕਾਰਨ ਪਿੰਡ ਵਾਸੀ ਪ੍ਰੇਸ਼ਾਨ ਹਨ। ਇਨ੍ਹਾਂ ਟਿੱਪਰਾਂ ਨੇ ਨਵੀਂ ਬਣੀ ਸੜਕ ਦਾ ਸੱਤਿਆਨਾਸ਼ ਕੀਤਾ ਹੀ, ਨਾਲ ਪਿੰਡ ਦੇ ਸੀਵਰੇਜ ਦੇ ਇੱਕ ਹਿੱਸੇ ਨੂੰ ਤੋੜ ਦਿੱਤਾ, ਜਿਸ ਕਾਰਨ ਅੱਧੇ ਪਿੰਡ ਦੇ ਪਾਣੀ ਦੀ ਨਿਕਾਸੀ ਰੁਕ ਗਈ। ਪਿਛਲੇ ਕੁੱਝ ਦਿਨਾਂ ਤੋਂ ਪਿੰਡ ਵਾਸੀਆਂ ਅੰਦਰ ਰੋਸ ਚੱਲ ਰਿਹਾ ਸੀ, ਜੋ ਸੀਵਰੇਜ ਟੁੱਟਣ ਨਾਲ ਭਾਂਬੜ ਬਣ ਗਿਆ ਤੇ ਪਿੰਡ ਵਾਸੀਆਂ ਨੇ ਅੱਜ ਸਾਬਕਾ ਸਰਪੰਚ ਹਰਭਜਨ ਸਿੰਘ ਬਹੋਨਾ ਦੀ ਅਗਵਾਈ ਵਿੱਚ ਪਿੰਡ ਦੀ ਫਿਰਨੀ 'ਤੇ ਧਰਨਾ ਲਗਾ ਦਿੱਤਾ ਤੇ ਟਿੱਪਰਾਂ ਦਾ ਚੱਕਾ ਜਾਮ ਕਰ ਦਿੱਤਾ। ਖਬਰ ਲਿਖੇ ਜਾਣ ਤੱਕ ਕੋਈ ਵੀ ਜ਼ਿੰਮੇਵਾਰ ਸਰਕਾਰੀ ਜਾਂ ਗੈਰ-ਸਰਕਾਰੀ ਅਧਿਕਾਰੀ ਪਿੰਡ ਵਾਸੀਆਂ ਨਾਲ ਗੱਲਬਾਤ ਕਰਨ ਲਈ ਨਹੀਂ ਪਹੁੰਚਿਆ ਸੀ। ਪਿੰਡ ਵਾਸੀ ਮੰਗ ਕਰ ਰਹੇ ਹਨ ਕਿ ਠੇਕੇਦਾਰ ਸੀਵਰੇਜ ਦੀ ਰਿਪੇਅਰ ਕਰਵਾਏ ਤੇ ਮਿੱਟੀ ਚੁੱਕਣ, ਪਿੰਡ ਦੀ ਫਿਰਨੀ ਅਤੇ ਲਿੰਕ ਸੜਕ ਦੀ ਵਰਤੋਂ ਕਰਨ ਦੀ ਮਨਜ਼ੂਰੀ ਦਿਖਾਵੇ ਨਹੀਂ ਤਾਂ ਟਿੱਪਰਾਂ ਦਾ ਚੱਕਾ ਜਾਮ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ। ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਤੋਂ ਇਹ ਵੀ ਮੰਗ ਕੀਤੀ ਕਿ ਜੇਕਰ ਇਹ ਸਭ ਗੈਰ-ਕਾਨੂੰਨੀ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਤਾਂ ਜ਼ਿੰਮੇਵਾਰ ਠੇਕੇਦਾਰ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਨਗਰ ਨਿਵਾਸੀ ਮਰਦ ਤੇ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਰਾਜਸਥਾਨ ਬੀਕਾਨੇਰ ਨਹਿਰ 'ਚ 20 ਫੁੱਟ ਦਾ ਪਾੜ, ਸੈਂਕੜੇ ਏਕੜ ਫਸਲ ਨਸ਼ਟ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੇ ਪਿੰਡ ਲੂਥਰ ਤੋਂ ਨਿਕਲਣ ਵਾਲੀ ਰਾਜਸਥਾਨ ਬੀਕਾਨੇਰ ਨਹਿਰ ਵਿੱਚ ਪਾੜ ਪੈਣ ਕਾਰਨ ਸੈਂਕੜੇ ਏਕੜ ਖੇਤ ਪਾਣੀ ਵਿੱਚ ਡੁੱਬ ਗਏ ਹਨ ਅਤੇ ਖੇਤਾਂ ਵਿੱਚ ਕਰੀਬ 2-2 ਫੁੱਟ ਪਾਣੀ ਭਰ ਗਿਆ ਹੈ, ਜਿਸ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਨਸ਼ਟ ਹੋ ਗਈਆਂ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਪਿਛਲੇ ਦਿਨੀਂ ਇਸ ਨਹਿਰ ਵਿੱਚ ਪਾਣੀ ਛੱਡਿਆ ਗਿਆ ਸੀ ਤਾਂ ਜੋ ਕਿਸਾਨਾਂ ਨੂੰ ਇਸ ਦਾ ਲਾਭ ਮਿਲ ਸਕੇ ਅਤੇ ਕਿਸਾਨ ਝੋਨੇ ਦੀ ਫ਼ਸਲ ਬੀਜ ਸਕਣ, ਪਰ ਨਹਿਰੀ ਵਿਭਾਗ ਦੀ ਅਣਗਹਿਲੀ ਕਾਰਨ ਨਹਿਰ ਨੇ ਪਾਣੀ ਦਾ ਦਬਾਅ ਨਹੀਂ ਝੱਲਿਆ, ਜਿਸ ਕਾਰਨ ਪਿੰਡ ਲੂਥਰ ਨੇੜੇ ਨਹਿਰ ਵਿੱਚ 20 ਫੁੱਟ ਤੋਂ ਵੱਧ ਚੌੜੀ ਦਰਾੜ ਪੈ ਗਈ ਤੇ ਕਿਸਾਨਾਂ ਵੱਲੋਂ ਲਾਇਆ ਗਿਆ ਝੋਨਾ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਗਿਆ ਹੈ।ਪ੍ਰਭਾਵਿਤ ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਮਜ਼ਦੂਰ ਲੱਭ ਕੇ ਝੋਨਾ ਲਾਇਆ ਸੀ, ਪਰ ਨਹਿਰ ਦਾ ਬੰਨ੍ਹ ਟੁੱਟਣ ਕਾਰਨ ਉਨ੍ਹਾਂ ਦਾ ਪੈਸਾ ਅਤੇ ਮਿਹਨਤ ਦੋਵੇਂ ਬਰਬਾਦ ਹੋ ਗਏ ਹਨ।ਕਿਸਾਨਾਂ ਨੇ ਦੋਸ਼ ਲਾਇਆ ਕਿ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੇ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਕਿ ਨਹਿਰ ਦੇ ਕਿਨਾਰੇ ਕਿੱਥੇ ਕਮਜ਼ੋਰ ਹਨ ਅਤੇ ਕਿੱਥੇ ਮੁਰੰਮਤ ਦੀ ਲੋੜ ਹੈ? ਉਨ੍ਹਾਂ ਕਿਹਾ ਕਿ ਨਹਿਰੀ ਵਿਭਾਗ ਨੇ ਜਲਦਬਾਜ਼ੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲਏ ਫੈਸਲੇ ਨੂੰ ਲਾਗੂ ਕਰਦਿਆਂ ਨਹਿਰ ਵਿੱਚ ਪਾਣੀ ਛੱਡ ਦਿੱਤਾ ਹੈ ਅਤੇ ਪਾਣੀ ਦਾ ਦਬਾਅ ਵਧਣ ਕਾਰਨ ਨਹਿਰ ਵਿੱਚ 20 ਫੁੱਟ ਤੋਂ ਵੱਧ ਚੌੜੀ ਦਰਾੜ ਬਣ ਗਈ ਹੈ।ਉਨ੍ਹਾਂ ਕਿਹਾ ਕਿ ਕਈ ਘੰਟੇ ਬੀਤ ਜਾਣ ਦੇ ਬਾਵਜੂਦ ਨਹਿਰੀ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਇਸ ਨਹਿਰ ਵਿੱਚ ਪਈ ਦਰਾੜ ਨੂੰ ਭਰਨ ਲਈ ਨਹੀਂ ਪਹੁੰਚੇ, ਜਿਸ ਕਾਰਨ ਪਿੰਡ ਦੇ ਲੋਕਾਂ ਵਿੱਚ ਰੋਸ ਵੱਧਦਾ ਜਾ ਰਿਹਾ ਹੈ।ਪਿੰਡ ਲੂਥਰਾ ਦੇ ਲੋਕਾਂ ਨੇ ਦੱਸਿਆ ਕਿ ਪ੍ਰਭਾਵਿਤ ਕਿਸਾਨਾਂ ਵੱਲੋਂ ਆਪਣੇ ਪੱਧਰ 'ਤੇ ਪਾਣੀ ਨੂੰ ਰੋਕਣ ਲਈ ਬੋਰੀਆਂ ਲਗਾ ਕੇ ਦਰਾੜਾਂ ਨੂੰ ਭਰਿਆ ਜਾ ਰਿਹਾ ਹੈ, ਜਦਕਿ ਪ੍ਰਸ਼ਾਸਨ ਤੇ ਨਹਿਰੀ ਵਿਭਾਗ ਨੂੰ ਕਿਸਾਨਾਂ ਦੀਆਂ ਫ਼ਸਲਾਂ ਨੂੰ ਬਚਾਉਣ ਦੇ ਨਾਲ-ਨਾਲ ਦਰਾੜਾਂ ਨੂੰ ਭਰਨ ਦੀ ਲੋੜ ਹੈ।

ਲੋਕਾਂ ਨੂੰ ਨੁਕਸਾਨ ਤੋਂ ਬਚਾਇਆ ਜਾਵੇ।ਲੋਕਾਂ ਨੇ ਦੱਸਿਆ ਕਿ ਪਾਣੀ ਦਾ ਵਹਾਅ ਵਧਣ ਕਾਰਨ ਪਿੰਡ ਦੇ ਆਸ-ਪਾਸ ਘਰਾਂ ਵਿੱਚ ਪਾਣੀ ਦਾਖਲ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਜੇਕਰ ਇਸ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਪਾਣੀ ਪਿੰਡ ਦੇ ਅੰਦਰ ਵੜ ਜਾਵੇਗਾ ਅਤੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਤੇ ਫਸਲਾਂ ਦਾ ਨੁਕਸਾਨ ਵੀ ਹੋਵੇਗਾ।

# ਵਾਈਸ ਆਫ਼ ਖੰਨਾ ਸਿਟੀਜ਼ਨ ਦਾ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ

### ਜੀ ਟੀ ਰੋਡ 'ਤੇ ਬਣੇ ਕੂੜੇ ਦਾ ਡੰਪ ਚੁਕਾਉਣ ਦੀ ਕੀਤੀ ਮੰਗ



ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਦੇ ਮੈਂਬਰ ਤੇ ਕੂੜੇ ਦਾ ਡੰਪ ਦਿਖਾਉਂਦੇ।

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਵਜੋਂ ਜਾਣੇ ਜਾਂਦੇ ਖੰਨਾ ਸ਼ਹਿਰ 'ਚ ਜੀ ਟੀ ਰੋਡ 'ਤੇ ਅਨਾਜ ਮੰਡੀ ਬਾਹਰ ਬਣੇ ਕੂੜੇ ਦੇ ਡੰਪ ਨੂੰ ਲੈ ਕੇ ਆਮ ਜਨਤਾ 'ਚ ਨਰਾਜ਼ਗੀ ਦੇਖਣ ਨੂੰ ਮਿਲ ਰਹੀ ਹੈ।ਸ਼ਹਿਰ ਦੀ ਨਾਮਵਰ ਸੰਸਥਾ 'ਵਾਇਸ ਆਫ਼ ਖੰਨਾ ਸਿਟੀਜ਼ਨ' ਦੇ ਮੈਂਬਰਾਂ, ਐਡਵੋਕੇਟਸ, ਸ੍ਰੀ ਸ਼ਿਵ ਕਾਂਵੜ ਸੇਵਾ ਸੰਘ, ਬਾਬਾ ਗਣਪਤੀ ਸੇਵਾ ਸੰਘ ਨੇ ਜੀ ਟੀ ਰੋਡ 'ਤੇ ਪਿਛਲੇ ਸਮੇਂ 'ਚ ਬਣੇ ਕੂੜੇ ਦੇ ਡੰਪ ਖਿਲਾਫ਼ ਨਰਾਜ਼ਗੀ ਪ੍ਰਗਟਾਉਂਦੇ ਹੋਏ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਤੇ ਚੇਅਰਮੈਨ ਅਸ਼ਵਨੀ ਸ਼ਰਮਾ ਦੀ ਅਗਵਾਈ 'ਚ ਐੱਸ ਡੀ ਐੱਮ ਖੰਨਾ ਡਾ. ਬਲਜਿੰਦਰ ਸਿੰਘ ਢਿੱਲੋਂ ਨੂੰ ਇੱਕ ਮੰਗ ਪੱਤਰ ਸੌਂਪ ਕੇ ਕੂੜੇ ਦਾ ਡੰਪ ਚੁਕਵਾਉਣ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ ਹੈ।ਇਸ ਮੰਗ ਪੱਤਰ ਦਾ ਉਤਾਰਾ ਮਾਨਯੋਗ ਮੁੱਖ ਮੰਤਰੀ ਪੰਜਾਬ, ਲੋਕਲ ਬਾਡੀਜ਼ ਮੰਤਰੀ ਪੰਜਾਬ ਸਰਕਾਰ, ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਵੀ ਭੇਜਿਆ ਜਾਵੇਗਾ।ਵਫਦ ਨੇ ਦੱਸਿਆ ਕਿ ਸਭ ਤੋਂ ਵੱਡੀ ਅਨਾਜ ਮੰਡੀ ਬਾਹਰ ਜੀ ਟੀ ਰੋਡ 'ਤੇ ਬਣਿਆ ਕੂੜੇ ਦਾ ਡੰਪ ਸ਼ਹਿਰ ਦੀ ਦਿੱਖ ਨੂੰ ਪ੍ਰਭਾਵਿਤ ਕਰਦਾ ਹੈ।ਇਸ 'ਚੋਂ ਨਿਕਲਦੀ ਗੰਦੀ ਬਦਬੂ ਹਵਾ 'ਚ ਫੈਲ ਕੇ ਵਾਤਾਵਰਣ ਨੂੰ ਦੂਸ਼ਿਤ ਕਰ ਰਹੀ ਹੈ, ਜਿਸ ਦਾ ਮਾੜਾ ਪ੍ਰਭਾਵ ਸਿਹਤ 'ਤੇ ਪੈਂਦਾ ਹੈ।ਇਸ ਕੂੜੇ ਕਰਕਟ 'ਚ ਭੋਜਨ ਦੀ ਤਲਾਸ਼ ਕਰਦੇ ਬੇਜ਼ੁਬਾਨ ਪਸ਼ੂ ਕਈ ਵਾਰ ਜ਼ਿਆਦਾ ਗਿਣਤੀ 'ਚ ਇਕੱਠੇ ਹੋ ਜਾਂਦੇ ਹਨ ਅਤੇ ਲੜਦੇ ਲੜਦੇ ਸੜਕ 'ਤੇ ਆ ਜਾਂਦੇ ਹਨ, ਜਿਸ ਕਾਰਨ ਕਿਸੇ ਅਣਸੁਖਾਵੀਂ ਦੁਰਘਟਨਾ ਦਾ ਡਰ ਬਣਿਆ ਰਹਿੰਦਾ ਹੈ।ਪ੍ਰਧਾਨ ਪ੍ਰਿੰਸ ਨੇ ਕਿਹਾ ਕਿ ਕਿਸੇ ਸਮੇਂ ਇਹ ਆਰਜ਼ੀ ਡੰਪ ਸਮਰਾਲਾ ਚੌਕ, ਲਲਹੇੜੀ ਚੌਕ ਤੇ ਬੱਸ ਸਟੈਂਡ ਸਾਹਮਣੇ ਫਲਾਈਓਵਰ ਹੇਠਾਂ ਬਣਾਏ ਹੋਏ ਸੀ।ਪ੍ਰਿੰਸ ਨੇ ਦੁਖੀ ਮਨ ਨਾਲ ਟਿੱਪਣੀ ਕਰਦੇ ਕਿਹਾ ਕਿ ਕਿਸੇ ਸਮੇਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ 'ਚ ਪੰਜਾਬ ਨੂੰ ਕੈਲੇਫੋਰਨੀਆ ਬਣਾਉਣ ਦੀਆਂ ਗੱਲਾਂ ਹੁੰਦੀਆਂ ਸੀ।ਉਸ ਤੋਂ ਬਾਅਦ ਖੰਨੇ ਸ਼ਹਿਰ ਦੀ ਸਮਾਰਟ ਸਿਟੀ ਵਜੋਂ ਚੋਣ ਹੋਣ ਦੀਆਂ ਗੱਲਾਂ ਵੀ ਸੁਣਨ ਨੂੰ ਮਿਲੀਆਂ, ਪਰ ਖੰਨੇ ਸ਼ਹਿਰ ਦੇ ਹਾਲਾਤ ਅੱਜ ਵੀ ਉਹੀ ਹਨ।ਪ੍ਰਿੰਸ ਨੇ ਸਰਵਿਸ ਸੜਕਾਂ ਦੇ ਘਟੀਆ ਪੈਚ ਵਰਕ ਤੇ ਰੇਲਵੇ ਰੋਡ ਚੌਕ 'ਚ ਬੁਰੀ ਤਰ੍ਹਾਂ ਟੁੱਟੇ ਪਏ ਸੜਕ ਦੇ ਕੁੱਝ ਹਿੱਸੇ ਦਾ ਤੁਰੰਤ ਤੇ ਵਧੀਆ ਪੈਚ ਵਰਕ ਕਰਾਉਣ ਦੀ ਵੀ ਅਪੀਲ ਕੀਤੀ ਤਾਂ ਕਿ ਆਮ ਰਾਹਗੀਰਾਂ ਤੇ ਵਾਹਨ ਚਾਲਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ, ਜਿਸ ਤੋਂ ਬਾਅਦ ਐੱਸ ਡੀ ਐੱਮ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਵਫਦ ਨੂੰ ਇਸ ਸੰਬਧ 'ਚ ਜਲਦ ਲੋੜੀਂਦੇ ਕਦਮ ਚੁੱਕਣ ਦਾ ਭਰੋਸਾ ਦਿੱਤਾ।

ਇਸ ਮੌਕੇ ਵਫ਼ਦ 'ਚ ਚੇਅਰਮੈਨ ਅਸ਼ਵਨੀ ਸ਼ਰਮਾ, ਵਿਕਾਸ ਗੁਪਤਾ, ਸ਼ੇਰ ਸਿੰਘ, ਡਾ. ਰਾਹੁਲ ਸ਼ੁਕਲਾ, ਪਰਮਜੀਤ ਸਿੰਘ ਪੰਮੀ, ਐਡਵੋਕੇਟ ਜਗਰਾਜ ਸਿੰਘ ਬੈਨੀਪਾਲ, ਐਫਡਵੋਕੇਟ ਸੰਜੀਵ ਸਹੋਤਾ, ਸਤੀਸ਼ ਖੁਰਮੀ, ਸੁਰਿੰਦਰਪਾਲ ਸ਼ਰਮਾ, ਸ੍ਰੀ ਸ਼ਿਵ ਕਾਂਵੜ ਸੇਵਾ ਸੰਘ ਦੇ ਪ੍ਰਧਾਨ ਹੰਸ ਰਾਜ ਬਿਰਾਨੀ, ਬਾਬਾ ਗਣਪਤੀ ਸੇਵਾ ਸੰਘ ਦੇ ਸੰਸਥਾਪਕ ਰਾਜ ਕੁਮਾਰ ਮੈਨਰੋ, ਅਰਵਿੰਦਰ ਸਿੰਘ ਟੀਟੂ, ਹਰਦੀਪ ਸਿੰਘ ਦੀਪਾ ਆਦਿ ਹਾਜ਼ਰ ਸਨ।

# ਸੜਕ ਹਾਦਸਿਆਂ 'ਚ ਦੋ ਮੋਟਰਸਾਈਕਲ ਸਵਾਰਾਂ ਦੀ ਮੌਤ



ਮ੍ਰਿਤਕ ਸਰਬਜੀਤ ਸਿੰਘ ਵਾਸੀ ਪਿੰਡ ਬਹਿਲੋਲਪੁਰ ਦੀ ਫਾਈਲ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਰਾਜਪੁਰਾ ਜੀ.ਟੀ. ਰੋਡ 'ਤੇ ਪਿੰਡ ਦਾਲੋਮਾਜਰਾ ਨਜ਼ਦੀਕ ਅਤੇ ਪਿੰਡ ਮਨੈਲੀ ਨਜ਼ਦੀਕ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ।ਰੀਟਾ ਪਤਨੀ ਸਰਬਜੀਤ ਸਿੰਘ ਵਾਸੀ ਪਿੰਡ ਬਹਿਲੋਲਪੁਰ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸਦਾ ਪਤੀ ਸਰਬਜੀਤ ਸਿੰਘ (42) ਕੋਕਾ ਕੋਲਾ ਫੈਕਟਰੀ ਨਬੀਪੁਰ 'ਚ ਕੰਮ ਕਰਦਾ ਸੀ, ਜੋ ਆਪਣੀ ਡਿਊਟੀ ਖਤਮ ਕਰਕੇ ਰਾਤ ਨੂੰ ਆਪਣੇ ਘਰ ਵੱਲ ਆ ਰਿਹਾ ਸੀ ਤਾਂ ਉਸਦਾ ਮੋਟਰਸਾਈਕਲ ਪਿੰਡ ਦਾਲੋਮਾਜਰਾ ਨੇੜਲੀ ਪੈਗਰੋ ਫੈਕਟਰੀ ਕੋਲ ਸੜਕ 'ਤੇ ਬਿਨਾਂ ਲਾਈਟਾਂ/ਇੰਡੀਕੇਟਰਾਂ ਤੋਂ ਖੜੀ ਬੋਲੈਰੋ ਗੱਡੀ ਨੰਬਰ ਪੀ.ਬੀ.11.ਬੀ.ਵਾਈ-3312 ਪਿੱਛੇ ਜਾ ਟਕਰਾਇਆ, ਜਿਸ ਕਾਰਨ ਉਸਦੇ ਪਤੀ ਸਰਬਜੀਤ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ ਤੇ ਉਸਦੀ ਮੌਤ ਹੋ ਗਈ।ਰੀਟਾ ਦੇ ਬਿਆਨਾਂ +ਤੇ ਬੋਲੈਰੋ ਗੱਡੀ ਦੇ ਕਥਿਤ ਚਾਲਕ ਅਮਰੀਕ ਸਿੰਘ ਵਾਸੀ ਪਿੰਡ ਨਬੀਪੁਰ ਵਿਰੁੱਧ ਥਾਣਾ ਸਰਹਿੰਦ ਵਿਖੇ ਅ/ਧ 283,304ਏ,427 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਵਾ ਕੇ ਨਬੀਪੁਰ ਚੌਂਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇਕ ਵੱਖਰੇ ਮਾਮਲੇ 'ਚ ਰਮਨਪ੍ਰੀਤ ਸਿੰਘ ਵਾਸੀ ਪਿੰਡ ਗੋਬਿੰਦਪੁਰਾ (ਰੂਪਨਗਰ) ਨੇ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ 10 ਜੂਨ ਨੂੰ ਉਸਦੇ ਪਿਤਾ ਤਰਸੇਮ ਸਿੰਘ(53) ਆਪਣਾ ਕੰਮ ਖਤਮ ਕਰਕੇ ਮੋਟਰਸਾਈਕਲ 'ਤੇ ਘਰ ਨੂੰ ਜਾ ਰਹੇ ਸਨ ਤਾਂ ਰਾਤ ਨੂੰ ਕਰੀਬ ਸਵਾ ਕੁ ਅੱਠ ਵਜੇ ਪਿੰਡ ਮਨੈਲੀ ਨਜ਼ਦੀਕ ਪਹੁੰਚਣ 'ਤੇ ਰੱਤੋਂ ਸਾਈਡ ਤੋਂ ਆਈ ਇੱਕ ਤੇਜ਼ ਰਫ਼ਤਾਰ ਬੋਲੈਰੋ ਗੱਡੀ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਸਾਈਡ ਮਾਰ ਦਿੱਤੀ, ਜਿਸ ਕਾਰਨ ਉਸਦੇ ਪਿਤਾ ਤਰਸੇਮ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।ਰਮਨਪ੍ਰੀਤ ਸਿੰਘ ਦੇ ਬਿਆਨਾਂ 'ਤੇ ਬੋਲੈਰੋ ਗੱਡੀ ਦੇ ਨਾਮਾਲੂਮ ਚਾਲਕ ਵਿਰੁੱਧ ਅ/ਧ 279,304ਏ,427 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਖਮਾਣੋਂ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪੁਲਸ ਕਰਮਚਾਰੀ ਸਮੇਤ 3 ਵਿਅਕਤੀਆਂ 'ਤੇ ਭ੍ਰਿਸ਼ਟਾਚਾਰ ਤੇ ਅਗਵਾ ਦਾ ਮਾਮਲਾ ਦਰਜ



ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਨਾਲ ਦਿਖਾਈ ਦੇ ਰਹੇ ਥਾਣਾ ਮੁਖੀ ਗੁਰਪ੍ਰਤਾਪ ਸਿੰਘ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਥਾਣਾ ਕੂੰਮਕਲਾਂ ਪੁਲਸ ਵੱਲੋਂ ਅਗਵਾ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਇੱਕ ਪੁਲਸ ਕਰਮਚਾਰੀ ਜਗਦੀਸ਼ ਵਾਸੀ ਬੈਰਸਾਲ ਕਲਾਂ, ਸਤਨਾਮ ਵਾਸੀ ਜੱਸੋਵਾਲ ਤੇ ਮਨਦੀਪ ਸਿੰਘ ਵਾਸੀ ਮਾਛੀਵਾੜਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰਤਾਪ ਸਿੰਘ ਨੇ ਇਸ ਸੰਬਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਮ ਪ੍ਰਕਾਸ਼ ਵਾਸੀ ਕੋਟ ਗੰਗੂ ਰਾਏ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਇੱਕ ਪ੍ਰਾਈਵੇਟ ਨੌਕਰੀ ਕਰਦਾ ਹੈ ਅਤੇ ਲੰਘੀ 9 ਜੂਨ ਨੂੰ ਉਹ ਪਿੰਡ ਦੇ ਗੇਟ ਕੋਲ ਬੈਠਾ ਸੀ ਕਿ ਕਾਰ ਆਈ, ਜਿਸ 'ਚੋਂ ਇੱਕ ਪੁਲਸ ਕਰਮਚਾਰੀ ਉੱਤਰਿਆ ਤੇ ਉਸ ਨੇ ਕਿਹਾ ਕਿ ਉਹ ਸੀ.ਆਈ.ਏ. ਸਟਾਫ਼ ਦੋਰਾਹਾ ਤੋਂ ਆਏ ਹਨ। ਬਿਆਨਕਰਤਾ ਅਨੁਸਾਰ ਉਹ ਡਰ ਕੇ ਭੱਜ ਗਿਆ, ਜਿਸ 'ਤੇ ਪੁਲਸ ਵਰਦੀ ਵਾਲਾ ਕਰਮਚਾਰੀ ਤੇ ਇੱਕ ਹੋਰ ਗੱਡੀ 'ਚੋਂ ਉੱਤਰ ਕੇ ਨਾ-ਮਾਲੂਮ ਵਿਅਕਤੀ ਵੀ ਉਸ ਦੇ ਪਿੱਛੇ ਭੱਜ ਗਏ ਅਤੇ ਉਸ ਨੂੰ ਫੜ ਕੇ ਗੱਡੀ ਵਿੱਚ ਸੁੱਟ ਲਿਆ। ਇਨ੍ਹਾਂ ਵਿਅਕਤੀਆਂ ਨੇ ਕਿਹਾ ਕਿ ਤੂੰ ਨਸ਼ਾ ਵੇਚਦਾ ਹੈਂ। ਬਿਆਨਕਰਤਾ ਨੇ ਦੱਸਿਆ ਕਿ ਕਾਰ ਵਿੱਚ ਸਤਨਾਮ ਸਿੰਘ ਵੀ ਬੈਠਾ ਸੀ, ਜਿਸ ਨੂੰ ਮੈਂ ਪਹਿਲਾਂ ਤੋਂ ਜਾਣਦਾ ਹਾਂ। ਉਸ ਨੇ ਕਿਹਾ ਕਿ ਸੀ.ਆਈ.ਏ. ਸਟਾਫ਼ ਦੋਰਾਹਾ ਨੇ ਮੈਨੂੰ ਫੜ ਲਿਆ ਹੈ ਤੇ ਕਿਹਾ ਕਿ ਪੁਲਸ ਨੂੰ ਪੈਸੇ ਦੇ ਕੇ ਖਹਿੜਾ ਛੁਡਾਉਣਾ ਪਵੇਗਾ। ਕਾਰ ਸਵਾਰ ਇਹ 3 ਵਿਅਕਤੀ, ਉਸ ਨੂੰ ਗੱਡੀ ਵਿੱਚ ਬਿਠਾ ਕੇ ਘੁਲਾਲ ਟੋਲ ਪਲਾਜ਼ਾ ਨੇੜੇ ਲੈ ਗਏ ਅਤੇ ਇਨ੍ਹਾਂ 'ਚੋਂ ਪੁਲਸ ਦੀ ਵਰਦੀ ਪਹਿਨੇ ਵਿਅਕਤੀ ਨੇ ਮੇਰੇ ਫੋਨ ਤੋਂ ਮੇਰੇ ਚਾਚੇ ਰਾਜੂ ਨਾਲ ਗੱਲ ਕਰਵਾਈ ਅਤੇ 30 ਹਜ਼ਾਰ ਰੁਪਏ ਦੇਣ ਲਈ ਕਿਹਾ। ਫਿਰ ਇਨ੍ਹਾਂ ਨੇ ਦੁਬਾਰਾ ਮੇਰੇ ਫੋਨ ਤੋਂ ਸਤਵਿੰਦਰ ਸਿੰਘ ਕੂੰਨਰ ਨਾਲ ਗੱਲ ਕਰਵਾਈ ਕਿ ਤੁਸੀਂ ਪੈਸੇ ਲੈ ਕੇ ਘੁਲਾਲ ਟੋਲ ਪਲਾਜ਼ਾ ਨੇੜੇ ਆ ਜਾਓ। ਬਿਆਨਕਰਤਾ ਅਨੁਸਾਰ ਉਸ ਨੂੰ ਅਗਵਾ ਕਰਨ ਵਾਲੇ ਪੁਲਸ ਕਰਮਚਾਰੀ ਨਾਲ ਇੱਕ ਹੋਰ ਵਿਅਕਤੀ ਸੀ, ਜੋ ਆਪਣੇ ਆਪ ਨੂੰ ਅਫ਼ਸਰ ਦੱਸਦਾ ਸੀ। ਘੁਲਾਲ ਟੋਲ ਪਲਾਜ਼ਾ ਨੇੜੇ ਆ ਕੇ ਸਤਵਿੰਦਰ ਸਿੰਘ ਕੂੰਨਰ ਨੇ ਇਨ੍ਹਾਂ ਨੂੰ 30 ਹਜ਼ਾਰ ਰੁਪਏ ਦੇ ਦਿੱਤੇ, ਜਿਸ 'ਤੇ ਮੈਨੂੰ ਛੱਡ ਦਿੱਤਾ ਗਿਆ ਅਤੇ ਮੈਂ ਘਰ ਵਾਪਸ ਆ ਗਿਆ। ਬਿਆਨਕਰਤਾ ਸੋਮ ਪ੍ਰਕਾਸ਼ ਅਨੁਸਾਰ ਜਦੋਂ ਅਸੀਂ ਆਪਣੇ ਤੌਰ 'ਤੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਸਤਨਾਮ ਸਿੰਘ, ਮਨਦੀਪ ਸਿੰਘ ਤੇ ਵਰਦੀਧਾਰੀ ਨੌਜਵਾਨ ਜਗਦੀਸ਼, ਨੇ ਮਿਲ ਕੇ ਨਸ਼ਾ ਵੇਚਣ ਦਾ ਡਰਾਵਾ ਦੇ ਕੇ ਮੈਨੂੰ ਅਗਵਾ ਕਰ ਲਿਆ ਅਤੇ ਜ਼ਬਰਦਸਤੀ ਪੈਸੇ ਹਾਸਲ ਕੀਤੇ। ਥਾਣਾ ਮੁਖੀ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਕੂੰਮਕਲਾਂ ਪੁਲਸ ਵੱਲੋਂ ਉਕਤ ਤਿੰਨਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਇਨ੍ਹਾਂ 'ਚੋਂ ਪੁਲਸ ਕਰਮਚਾਰੀ ਜਗਦੀਸ਼ ਤੇ ਸਤਨਾਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਤੋਂ ਅਗਵਾ ਲਈ ਵਰਤੀ ਗਈ ਗੱਡੀ ਤੇ ਕੁਝ ਨਕਦ ਰਾਸ਼ੀ ਵੀ ਬਰਾਮਦ ਕੀਤੀ ਹੈ।

# ਕਬਾੜ ਦੇ ਗੋਦਾਮ 'ਚ ਲੱਗੀ ਅੱਗ



**ਮਾਨਸਾ (ਰੀਤਵਾਲ)**-ਸਥਾਨਕ ਸ਼ਹਿਰ ਦੇ ਰਾਮ ਬਾਗ ਰੋਡ ਉੱਤੇ ਅਚਾਨਕ ਇੱਕ ਕਬਾੜ ਦੇ ਗੋਦਾਮ ਵਿੱਚ ਅੱਗ ਲੱਗਣ ਦੇ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਅੱਗ ਉੱਤੇ ਫਾਇਰ ਬ੍ਰਿਗੇਡ ਦੀ ਮਦਦ ਨਾਲ ਕਾਬੂ ਪਾ ਲਿਆ ਗਿਆ। ਪੁਲਸ ਨੇ ਕਿਹਾ ਕਿ ਗੋਦਾਮ ਵਿੱਚ ਪਏ ਟਾਇਰ, ਪਲਾਸਟਿਕ ਦਾ ਸਮਾਨ ਅਤੇ ਹੋਰ ਕਬਾੜ ਦਾ ਸਮਾਨ ਸੜ ਕੇ ਸੁਆਹ ਹੋ ਗਿਆ ਹੈ।

# ਸਤਿਨਾਮੁ ਸਰਬ ਕਲਿਆਣ ਟਰੱਸਟ ਨੇ ਗੁਰਮਤਿ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**-ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਸਤਿਨਾਮੁ ਸਰਬ ਕਲਿਆਣ ਟਰੱਸਟ ਵੱਲੋਂ ਗੁਰਮਤਿ ਕੈਂਪ ਲਾਇਆ ਗਿਆ। ਗੁਰਮਤਿ ਕੈਂਪ 'ਚ ਸਤਿਨਾਮੁ ਸਰਬ ਕਲਿਆਣ ਟਰੱਸਟ ਦੇ ਅਧਿਆਪਕ ਜਸਪ੍ਰੀਤ ਕੌਰ ਸਰਨਾ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਨਾਲ-ਨਾਲ ਸਿੱਖ ਇਤਿਹਾਸ ਤੇ ਬਾਣੀ ਤੇ ਬਾਣੇ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ। ਛੋਟੇ-ਛੋਟੇ ਬੱਚਿਆਂ ਨੂੰ ਦਸ ਗੁਰੂ ਸਾਹਿਬਾਨਾਂ ਬਾਰੇ, ਛੋਟੇ ਸਾਹਿਬਜ਼ਾਦਿਆਂ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਜਾਣੂ ਕਰਾਇਆ। ਇਸ ਮੌਕੇ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੇ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਜਨਰਲ ਸਕੱਤਰ ਹਰਦੇਵ ਸਿੰਘ ਬੌਬੀ ਨੇ ਕਿਹਾ ਕਿ ਅਜਿਹੇ ਕੈਂਪ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਨੌਜਵਾਨ ਪੀੜ੍ਹੀ ਆਪਣੇ ਅਮੀਰ ਵਿਰਸੇ ਤੋਂ ਵਾਂਝੀ ਹੁੰਦੀ ਜਾ ਰਹੀ ਹੈ, ਅਜਿਹੇ ਕੈਂਪਾਂ ਰਾਹੀਂ ਬੱਚੇ ਗੁਰਬਾਣੀ ਨਾਲ ਜੁੜਦੇ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਜ਼ਰੂਰੀ ਰੁਝੇਵਿਆਂ ਦੇ ਨਾਲ-ਨਾਲ ਬੱਚਿਆਂ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਲਈ ਘਰ ਤੋਂ ਸ਼ੁਰੂਆਤ ਕਰਨ ਤਾਂ ਜੁ ਸਿੱਖੀ ਰੂਪੀ ਬੂਟੇ ਦੀਆਂ ਜੜ੍ਹਾਂ ਨੂੰ ਹੋਰ ਮਜਬੂਤ ਕੀਤਾ ਜਾ ਸਕੇ। ਉਨ੍ਹਾਂ ਆਖਿਆ ਕਿ ਪੜ੍ਹਾਈ ਦੇ ਖੇਤਰ 'ਚ ਬੱਚੇ ਪੂਰੀ ਵਾਹ-ਵਾਹ ਖੱਟ ਰਹੇ ਹਨ। ਹੋਰ ਵੀ ਚੰਗਾ ਹੋਵੇਗਾ ਜੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਸਿੱਖੀ ਸਿਧਾਂਤਾਂ ਦਾ ਪੂਰਨ ਗਿਆਨ ਹੋਵੇ। ਉਨ੍ਹਾਂ ਸਤਿਨਾਮੁ ਸਰਬ ਕਲਿਆਣ ਟਰੱਸਟ ਦੇ ਇਸ ਨਿਵੇਕਲੇ ਉਪਰਾਲੇ ਦੀ ਸਲਾਘਾ ਕੀਤੀ ਤੇ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੀ ਪ੍ਰਬੰਧਕ ਕਮੇਟੀ ਨੇ ਅਧਿਆਪਕ ਜਸਪ੍ਰੀਤ ਕੌਰ ਸਰਨਾ ਤੇ ਦਲਜੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਖ਼ਜ਼ਾਨਚੀ ਇੰਦਰਪਾਲ ਸਿੰਘ ਵਛੇਰ, ਸੀਨੀਅਰ ਮੀਤ ਪ੍ਰਧਾਨ ਤਰਲੋਕ ਸਿੰਘ ਸਿਡਾਨਾ, ਚੇਅਰਮੈਨ ਕੁਲਬੀਰ ਸਿੰਘ ਸਰਨਾ, ਰਵਿੰਦਰਪਾਲ ਸਿੰਘ ਮੈਦ, ਗਗਨਦੀਪ ਸਿੰਘ ਸਰਨਾ ਤੇ ਇੰਦਰਪ੍ਰੀਤ ਸਿੰਘ ਵਛੇਰ ਆਦਿ ਹਾਜ਼ਰ ਸਨ।

# ਸ਼ਹੀਦ ਕਿਸਾਨਾਂ ਦੇ ਪਰਵਾਰਾਂ ਨੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪੱਈਆਂਵਾਲਾ ਨੇ ਦੱਸਿਆ ਕਿ ਜਦੋਂ ਦਿੱਲੀ ਕਿਸਾਨੀ ਅੰਦੋਲਨ ਤਿੰਨ ਕਾਲੇ ਕਾਨੂੰਨ ਵਾਪਸ ਕਰਾਉਣ ਉਪਰੰਤ ਮੁਅੱਤਲ ਕੀਤਾ ਗਿਆ ਸੀ ਤਾਂ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ ਵਿੱਚ ਇੱਕ ਅਹਿਮ ਮੰਗ ਦਿੱਲੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਵਾਰਸਾਂ ਨੂੰ ਪੰਜ ਲੱਖ ਰੁਪਏ ਮੁਆਵਜਾ, ਯੋਗਤਾ ਅਨੁਸਾਰ ਸਰਕਾਰੀ ਨੌਕਰੀ ਤੇ ਸ਼ਹੀਦਾਂ ਦੀ ਯਾਦ ਵਿੱਚ ਸਿੰਘੂ ਬਾਰਡਰ ਉੱਪਰ ਯਾਦਗਾਰ ਬਣਾਉਣ ਲਈ ਜਗ੍ਹਾ ਦੇਣਾ ਤੇ ਅੰਦੋਲਨ ਦੌਰਾਨ ਦੇਸ ਭਰ ਵਿੱਚ ਦਰਜ ਹੋਏ ਮੁਕੱਦਮੇ ਰੱਦ ਕਰਨਾ ਮੰਨਿਆ ਗਿਆ ਸੀ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨਾਲ ਕਿਸਾਨ ਜਥੇਬੰਦੀਆਂ ਦੀ 18 ਮਈ 2022 ਨੂੰ ਪਹਿਲੀ ਮੀਟਿੰਗ ਹੋਈ ਸੀ, ਜਿਸ ਵਿੱਚ ਇੱਕ ਅਹਿਮ ਮੰਗ ਦਿੱਲੀ ਕਿਸਾਨ ਅੰਦੋਲਨ ਦੇ ਸਹੀਦ ਕਿਸਾਨਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ ਅਤੇ ਪੰਜ ਲੱਖ ਰੁਪਏ ਮੁਆਵਜ਼ਾ ਦੇਣਾ ਅਤੇ ਤੇਲੰਗਾਨਾ ਸਰਕਾਰ ਵੱਲੋਂ ਐਲਾਨਿਆ ਗਿਆ 3 ਲੱਖ ਰੁਪਏ ਮੁਆਵਜ਼ਾ ਦਬਾਉਣ ਦੀ ਮੰਗ ਨੂੰ ਪੰਜਾਬ ਸਰਕਾਰ ਵੱਲੋਂ ਮੰਨਿਆ ਗਿਆ ਸੀ, ਜਿਸ ਉਪਰੰਤ ਬਾਅਦ ਵਿੱਚ ਹੋਈਆਂ ਮੀਟਿੰਗਾਂ 'ਚ ਵੀ ਇਹ ਮੰਗ ਵਾਰ-ਵਾਰ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਵੱਲੋਂ ਉਠਾਈ ਗਈ ਤੇ ਹਰ ਵਾਰ ਪੰਜਾਬ ਸਰਕਾਰ ਵੱਲੋਂ ਇਹ ਮੰਗ ਮੀਟਿੰਗ ਵਿੱਚ ਤਾਂ ਮੰਨ ਲਈ ਗਈ ਅਤੇ ਬਾਹਰ ਆ ਕੇ ਪ੍ਰੈਸ ਵਿੱਚ ਜਲਦੀ ਹੀ ਮੁਆਵਜਾ ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਵੀ ਕੀਤਾ ਗਿਆ, ਪ੍ਰੰਤੂ ਦੋ-ਢਾਈ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਸਰਕਾਰ ਵੱਲੋਂ ਵਾਅਦਾ ਖਿਲਾਫੀ ਕਰਦੇ ਹੋਏ ਅਤੇ ਟਾਲ ਮਟੋਲ ਦੀ ਨੀਤੀ ਉੱਤੇ ਚੱਲਦੇ ਹੋਏ ਅੱਜ ਤੱਕ ਸਹੀਦਾਂ ਦੇ ਵਾਰਸਾਂ ਨੂੰ ਨਾ ਤਾਂ ਰਹਿੰਦਾ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਨਾ ਹੀ ਸਰਕਾਰੀ ਨੌਕਰੀ ਤੋਂ ਵਾਂਝੇ ਰਹਿੰਦੇ ਸ਼ਹੀਦਾਂ ਦੇ ਵਾਰਸਾਂ ਨੂੰ ਨੌਕਰੀਆਂ ਹੀ ਦਿੱਤੀਆਂ ਗਈਆਂ ਹਨ, ਜਿਸ ਉਪਰੰਤ ਸਰਕਾਰ ਦੀ ਵਾਅਦਾ ਖਿਲਾਫ਼ੀ ਦੇ ਰੋਸ ਵਜੋਂ ਸ਼ਹੀਦਾਂ ਦੇ ਵਾਰਸਾਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਵੀ ਧਰਨਾ ਦਿੱਤਾ ਗਿਆ ਸੀ।

ਬੋਹੜ ਸਿੰਘ ਰੁਪਈਆਂਵਾਲਾ ਨੇ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਮੁਆਵਜ਼ੇ ਤੇ ਨੌਕਰੀ ਤੋਂ ਵਾਂਝੇ ਰਹਿੰਦੇ ਪਰਵਾਰਾਂ ਨੂੰ ਸਰਕਾਰ ਆਪਣੇ ਵਾਅਦੇ ਮੁਤਾਬਕ ਜਲਦੀ ਤੋਂ ਜਲਦੀ ਨੌਕਰੀ ਦੇਵੇ ਅਤੇ ਜਦੋਂ ਤੱਕ ਸਾਰੇ ਸ਼ਹੀਦ ਪਰਵਾਰਾਂ ਨੂੰ ਨੌਕਰੀ ਦੇ ਮੁਆਵਜ਼ਾ ਨਹੀਂ ਮਿਲਦਾ। ਉਸ ਸਮੇਂ ਤੱਕ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਇਸ ਤਰ੍ਹਾਂ ਹੀ ਚੱਟਾਨ ਵਾਂਗ ਖੜੀ ਰਹੇਗੀ।

# 'ਸਰਕਾਰ ਤੁਹਾਡੇ ਦੁਆਰ' ਤਹਿਤ ਹਫ਼ਤੇ 'ਚ ਦੋ ਦਿਨ ਲਾਏ ਜਾਣ ਵਾਲੇ ਕੈਂਪ ਸ਼ਲਾਘਾਯੋਗ : ਦੀਪਕ ਚੇਅਰਮੈਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਵਿਕਾਸ ਕੰਮਾਂ ਤੋਂ ਹਲਕੇ ਦੇ ਲੋਕ ਬਾਗੋ ਬਾਗ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ ਨੇ ਲੋਕ ਸਭਾ ਚੋਣਾਂ ਵਿੱਚ ਪਾਰਟੀ ਲਈ ਮਿਹਨਤ ਕਰਨ ਵਾਲੇ ਆਗੂਆਂ, ਵੋਟਰਾਂ ਅਤੇ ਸਪੋਰਟਰਾਂ ਦਾ ਧੰਨਵਾਦ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੋ ਇਨ੍ਹਾਂ ਲੋਕ ਸਭਾ ਵਿਚ ਜੋ ਫਤਵਾ ਪੰਜਾਬ ਵਾਸੀਆਂ ਨੂੰ ਸਾਨੂੰ ਦਿੱਤਾ ਹੈ, ਅਸੀਂ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ ਅਤੇ ਪੰਜਾਬ ਸਰਕਾਰ ਪਹਿਲਾਂ ਨਾਲੋਂ ਹੋਰ ਵੀ ਤੇਜ਼ੀ ਨਾਲ ਵਿਕਾਸ ਕਾਰਜਾਂ ਵਿਚ ਹਨੇਰੀ ਲਿਆਏਗੀ ਅਤੇ ਵੱਧ ਤੋਂ ਵੱਧ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਰਕੇ ਹੀ ਅੱਜ ਪੰਜਾਬ ਵਿਚ 850 ਤੋਂ ਵੱਧ ਆਮ ਆਦਮੀ ਕਲੀਨਿਕ ਤੇ 120 ਸਕੂਲ ਆਫ਼ ਐਮੀਨੈਂਸ ਖੁੱਲ੍ਹ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਦੋ ਸਾਲ ਦੇ ਕਾਰਜਕਾਲ ਵਿਚ ਸਿਹਤ ਅਤੇ ਸਿੱਖਿਆ ਵਿਚ ਕ੍ਰਾਂਤੀਕਾਰੀ ਕਦਮ ਚੁੱਕੇ ਹਨ। ਕੇਂਦਰ ਸਰਕਾਰ ਨੇ ਅੱਜ ਤੱਕ ਸਿਰਫ਼ ਧਰਮ ਤੇ ਨਫ਼ਰਤ ਦੀ ਰਾਜਨੀਤੀ ਕੀਤੀ ਹੈ, ਕਦੇ ਸਕੂਲਾਂ ਤੇ ਹਸਪਤਾਲਾਂ ਦੀ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਵਿਤਕਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਦੇ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੂੰ ਹਲਕੇ ਦੇ ਲੋਕਾਂ ਨੇ ਜਜ਼ਬਾਤੀ ਹੋ ਕੇ ਵੋਟ ਪਾਈ ਹੈ, ਫਿਰ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਨੇ ਵੱਡੀ ਲੀਡ ਪ੍ਰਾਪਤ ਕਰਦਿਆਂ ਦੂਜੇ ਸਥਾਨ 'ਤੇ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਦੇ ਆਗੂਆਂ, ਵਰਕਰਾਂ ਤੇ ਸਪੋਰਟਰਾਂ ਨੇ ਪਾਰਟੀ ਦੀ ਮਜ਼ਬੂਤੀ ਲਈ ਕੋਈ ਕਸਰ ਬਾਕੀ ਨਹੀਂ ਛੱਡੀ।


## ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ **ਅੰਤਮ ਮਿਤੀ 05.07.2024 ਸਮਾਂ 15:00 ਵਜੇ** ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਨਿਵਿਦਾ ਸੁਰੱਖਿਆ ਪੱਤਰ ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਤੇ ਨਥੀ ਕਰੇਗਾ।

| ਲ. ਨੰ. | ਨਿਵਿਦਾ ਸੰਖਿਆ, ਮਿਤੀ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 76-2024-25-ADEN - JRC | ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਦੇ SCPD-PTKC ਖੇਤਰਾਧਿਕਾਰ ਵਿਚ ਪੈਂਦੇ ਫਾਟਕ ਨੰਬਰ C- 107 ਕਿਮੀ 71/3-4 ਪੇ ਜ਼ਮੀਨਦੋਜ਼ ਮਾਰਗ 5m X 2.5m ਦਾ ਕੰਮ ਕਰਨਾ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 58507757.21 | 60 ਦਿਨ | 08 ਮਹੀਨੇ |
| 2 | 86-2024-25-Sr.DEN-I / FZR | ਸੀਨੀਅਰ ਮੰਡਲ ਇੰਜੀਨੀਅਰ-ਫਸਟ ਦੇ ਖੇਤਰਾਧਿਕਾਰ ਵਿਚ ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਅਤੇ ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਤਹਿਤ ਵਖ-ਵਖ ਸਟੇਸ਼ਨਾਂ ਤੇ 13500 ਘਨ ਮੀਟਰ 65 ਮਿਮੀ ਗੇਜ ਸਟੋਨ ਗਿਟੀ (ਯਾਂਤਰਿਕ ਰੂਪ ਨਾਲ ਟੁਟੀ ਹੋਈ) ਦਾ ਵਿਨਿਰਮਾਣ ਅਤੇ ਸਪਲਾਈ ਕਰਨ ਦਾ ਕੰਮ ਕਰਨਾ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 34883595.00 | 60 ਦਿਨ | 06 ਮਹੀਨੇ |

ਨੋਟ 1. ਨਿਵਿਦਾ ਪਾਉਣ ਤੋਂ ਪਹਿਲੇ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। ਨਿਵਿਦਾ ਸੂਚਨਾ ਪੱਤਰ ਨੰ.:770-W/169/WA-1/FZR-76-2024-25-ADEN-JRC & 86-2024-25-Sr.DEN-I/FZR 1783/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


### ਵਿਸ਼ਵ ਖੂਨਦਾਨ ਦਿਵਸ 'ਚ ਲੋਕ ਆਪਣਾ ਯੋਗਦਾਨ ਪਾਉਣ : ਡਾ. ਸੰਚਾਰੀ ਦੱਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਡਾ. ਸੰਚਾਰੀ ਦੱਤ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ (ਡਬਲਿਯੂ.ਐਚ.ਓ.) ਵੱਲੋਂ ਹਰੇਕ ਸਾਲ 14 ਜੂਨ ਨੂੰ ਵਿਸ਼ਵ ਖੂਨਦਾਨ ਦਿਵਸ ਮਨਾਇਆ ਜਾਂਦਾ ਹੈ, ਜਿਸ ਵਿੱਚ ਲੋਕ ਆਪਣਾ ਯੋਗਦਾਨ ਜ਼ਰੂਰ ਪਾਉਣ। ਉਨ੍ਹਾ ਦੱਸਿਆ ਕਿ ਸਮਰਾਲਾ ਸਿਵਲ ਹਸਪਤਾਲ ਵਿੱਚ ਜੋ ਬਲੱਡ ਬੈਂਕ ਹੈ, ਉਸ ਵਿੱਚ ਲੋਕ ਆ ਕੇ ਆਪਣਾ ਖੂਨ ਦਾਨ ਕਰਨ ਤਾਂ ਜੋ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਨ। ਡਾ. ਸੰਚਾਰੀ ਦੱਤ ਨੇ ਦੱਸਿਆ ਕਿ ਵਿਸ਼ਵ ਖੂਨਦਾਨ ਦਿਵਸ 'ਤੇ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ ਤੇ ਇਸ ਵਾਰ ਦਾ ਥੀਮ 'ਥੈਂਕਿਯੂ ਬਲੱਡ ਡੋਨਰ' ਹੈ। ਉਨ੍ਹਾ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਖੂਨ ਜਿੱਥੇ ਕਈਆਂ ਨੂੰ ਜੀਵਨ ਦਾਨ ਦਿੰਦਾ ਹੈ, ਉੱਥੇ ਇਸ ਦੇ ਕਈ ਸਰੀਰਕ ਫਾਇਦੇ ਵੀ ਹਨ, ਕਿਉਂਕਿ ਖੂਨ ਦਾਨ ਦੇਣ ਨਾਲ ਦਿਲ ਸਿਹਤਮੰਦ ਰਹਿੰਦਾ ਹੈ, ਕੈਂਸਰ ਦਾ ਖਤਰਾ ਘਟਦਾ ਹੈ, ਨਵੇਂ ਖੂਨ ਦੇ ਸੈੱਲਾਂ ਦਾ ਗਠਨ ਹੁੰਦਾ ਹੈ, ਸਰੀਰ ਫਿੱਟ ਰਹਿੰਦਾ ਹੈ ਤੇ ਭਾਰ ਵੀ ਘਟਦਾ ਹੈ। ਡਾ. ਸੰਚਾਰੀ ਦੱਤ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਿਸ਼ਵ ਖੂਨਦਾਨ ਦਿਵਸ 'ਤੇ ਆਪਣਾ ਖੂਨਦਾਨ ਕਰਨ ਲਈ ਅੱਗੇ ਜ਼ਰੂਰ ਆਉਣ।

# ਪੁਲਸ ਵੱਲੋਂ ਜ਼ਿਲ੍ਹੇ 'ਚ ਸਫਲ ਸਰਚ ਅਪ੍ਰੇਸ਼ਨ, 12 ਗ੍ਰਿਫ਼ਤਾਰ

### ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ



ਮੋਗਾ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ 'ਚ ਸ਼ੱਕੀ ਘਰਾਂ ਦੀ ਤਲਾਸ਼ੀ ਲੈਂਦੇ ਹੋਏ ਪੁਲਸ ਅਧਿਕਾਰੀ।

**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਵੇਕ ਸ਼ੀਲ ਸੋਨੀ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਗਾ ਪੁਲਸ ਵੱਲੋਂ ਜ਼ਿਲ੍ਹੇ ਵਿੱਚ ਕਾਰਡਨ ਤੇ ਸਰਚ ਅਪ੍ਰੇਸ਼ਨ (ਕੈਸੋ) ਬਾਲ ਕ੍ਰਿਸ਼ਨ ਸਿੰਗਲਾ ਐਸ ਪੀ (ਜਾਂਚ) ਮੋਗਾ ਦੀ ਅਗਵਾਈ ਵਿੱਚ ਕੀਤਾ ਗਿਆ।

ਇਸ ਮੁਹਿੰਮ ਦਾ ਮਕਸਦ ਸਮਾਜ ਵਿਰੋਧੀ ਤੱਤਾਂ ਤੇ ਨਸ਼ਾ ਤਸਕਰਾਂ ਖਿਲਾਫ਼ ਲੜਾਈ ਨੂੰ ਤੇਜ਼ ਕਰਨਾ ਹੈ ਅਤੇ ਨੱਥ ਪਾਉਣਾ ਹੈ। ਇਹ ਕਾਰਵਾਈ ਸੀਨੀਅਰ ਪੁਲਸ ਅਧਿਕਾਰੀਆਂ ਦੀ ਅਗਵਾਈ ਵਿੱਚ ਯੋਜਨਾ ਬੱਧ ਤੇ ਸਫਲ ਤੌਰ 'ਤੇ ਕੀਤੀ ਗਈ ਅਤੇ ਇਸ ਵਿੱਚ ਬਹੁਤ ਸਾਰੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ। ਇਸ ਮੁਹਿੰਮ ਦੌਰਾਨ 1 ਐੱਸ ਪੀ, 4 ਡੀ ਐੱਸ ਪੀ, 13 ਐੱਸ.ਐਚ.ਓ. ਅਤੇ 135 ਹੋਰ ਰੈਂਕ ਦੇ ਪੁਲਸ ਕਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਵਿੱਚ ਨਿਯੁਕਤ ਕੀਤੇ ਗਏ। ਉਨ੍ਹਾ ਕਿਹਾ ਕਿ ਇਹ ਟੀਮਾਂ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਇੱਕੋ ਸਮੇਂ ਕਾਰਵਾਈ ਕਰ ਰਹੀਆਂ ਸਨ। ਇਹ ਮੁਹਿੰਮ ਮੋਗਾ ਪੁਲਸ ਦੀ ਲੋਕਾਂ ਦੀ ਸੁਰੱਖਿਆ ਤੇ ਸੁਹਿਰਦੀ ਲਈ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੋਗਾ ਪੁਲਸ ਇਸ ਤਰ੍ਹਾਂ ਦੀਆਂ ਮੁਹਿੰਮਾਂ ਨੂੰ ਜਾਰੀ ਰੱਖੇਗੀ ਤਾਂ ਜੋ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਿਆ ਜਾ ਸਕੇ ਅਤੇ ਸਮਾਜ ਨੂੰ ਨਸ਼ਿਆਂ ਤੇ ਅਪਰਾਧਕਰਤਾਵਾਂ ਤੋਂ ਬਚਾਇਆ ਜਾ ਸਕੇ। ਉਨ੍ਹਾ ਦੱਸਿਆ ਕਿ ਇਸ ਮੁਹਿੰਮ ਦੌਰਾਨ 10 ਮੁਕੱਦਮੇ ਦਰਜ ਕਰਕੇ 12 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ। ਇਨ੍ਹਾਂ ਕੋਲੋਂ 10 ਕਿੱਲੋ ਭੁੱਕੀ, 40 ਗ੍ਰਾਮ ਹੈਰੋਇਨ, 160 ਨਸ਼ੀਲੀਆਂ ਗੋਲੀਆਂ, 40 ਲੀਟਰ ਲਾਹਣ (ਗੈਰ-ਕਾਨੂੰਨੀ ਸ਼ਰਾਬ), 20 ਬੋਤਲਾਂ ਗੈਰ-ਕਾਨੂੰਨੀ ਸ਼ਰਾਬ ਤੇ ਦੋ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ। ਉਨ੍ਹਾ ਦੱਸਿਆ ਕਿ ਅੱਜ ਦੀ ਮੁਹਿੰਮ ਦੌਰਾਨ ਮਿਲੀਆਂ ਹੋਰ ਉਪਲਬਧੀਆਂ ਤਹਿਤ 11 ਵਿਅਕਤੀਆਂ ਨੂੰ ਰੋਕ ਕੇ ਜਾਂਚ ਕੀਤੀ ਗਈ। 45 ਗੱਡੀਆਂ ਚੈੱਕ ਕੀਤੀਆਂ ਗਈਆਂ, ਜਦਕਿ 1 ਗੱਡੀ ਜ਼ਬਤ ਕੀਤੀ ਗਈ।

ਉਨ੍ਹਾ ਕਿਹਾ ਕਿ ਮੋਗਾ ਪੁਲਸ ਜਨਤਾ ਨੂੰ ਅਪੀਲ ਕਰਦੀ ਹੈ ਕਿ ਉਹ ਕੋਈ ਵੀ ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰਨ ਤਾਂ ਜੋ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

# ਘਰ 'ਚੋਂ ਦਿਨ-ਦਿਹਾੜੇ ਗਹਿਣੇ ਚੋਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸ਼ਹਿਰ ਦੀ ਸੰਘਣੀ ਆਬਾਦੀ ਗੁਰੂ ਨਾਨਕ ਮੁਹੱਲਾ ਵਿੱਚ ਦਿਨ-ਦਿਹਾੜੇ ਘਰ 'ਚੋਂ ਸੋਨੇ ਦੇ ਗਹਿਣੇ ਚੋਰੀ ਹੋ ਗਏ ਤੇ ਹੈਰਾਨੀ ਦੀ ਗੱਲ ਤਾਂ ਇਹ ਰਹੀ ਕਿ ਮਕਾਨ ਮਾਲਕ ਘਰ ਵਿੱਚ ਹੀ ਮੌਜੂਦ ਸਨ, ਪਰ ਚੋਰਾਂ ਨੇ ਬੜੇ ਸ਼ਾਤਿਰ ਢੰਗ ਨਾਲ ਘਟਨਾ ਨੂੰ ਅੰਜ਼ਾਮ ਦਿੱਤਾ ਕਿ ਉਨ੍ਹਾਂ ਨੂੰ ਪਤਾ ਨਹੀਂ ਲੱਗਾ। ਮਕਾਨ ਮਾਲਕਣ ਅਰਜਿੰਦਰ ਕੌਰ ਖੁਰਾਣਾ ਨੇ ਦੱਸਿਆ ਕਿ ਉਹ ਤੇ ਉਸ ਦਾ ਪਤੀ ਘਰ ਦੇ ਪਿੱਛੇ ਵਿਹੜੇ ਵਿੱਚ ਘਰੇਲੂ ਕੰਮਕਾਰ ਕਰ ਰਹੇ ਸਨ ਕਿ ਅੱਗੋਂ ਦਰਵਾਜ਼ਾ ਤੋੜ ਕੇ ਚੋਰ ਕਮਰੇ ਵਿੱਚ ਆਏ, ਜਿਨ੍ਹਾਂ ਨੇ ਅਲਮਾਰੀ ਦੇ ਤਾਲ਼ੇ ਤੋੜ ਕੇ ਅਲਮਾਰੀ ਵਿੱਚ ਪਏ ਸੋਨੇ ਦੇ ਗਹਿਣੇ, ਜਿਸ 'ਚ 4 ਅੰਗੂਠੀਆਂ, ਇੱਕ ਟਾਪਸ ਜੋੜੀ ਤੇ ਇੱਕ ਕੜਾ ਚੋਰੀ ਕਰ ਲਿਆ। ਚੋਰਾਂ ਨੇ ਕਮਰੇ ਵਿੱਚ ਪਏ ਹੋਰ ਸਾਮਾਨ ਦੀ ਵੀ ਫਰੋਲਾ-ਫ਼ਰਾਲੀ ਕੀਤੀ, ਪਰ ਉਹ ਕੇਵਲ ਸੋਨੇ ਦੇ ਗਹਿਣੇ ਹੀ ਚੋਰੀ ਕਰਕੇ ਲੈ ਗਏ। ਮਕਾਨ ਮਾਲਕ ਜਦੋਂ ਕੰਮ ਨਿਪਟਾ ਕੇ ਆਪਣੇ ਕਮਰੇ ਵਿੱਚ ਆਏ ਤਾਂ ਉਨ੍ਹਾਂ ਦੇਖਿਆ ਕਿ ਤਾਲ਼ੇ ਟੁੱਟੇ ਪਏ ਸਨ ਅਤੇ ਸਾਰਾ ਸਾਮਾਨ ਖਿਲਰਿਆ ਪਿਆ ਸੀ। ਇਸ ਚੋਰੀ ਦੀ ਘਟਨਾ ਸੰਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ, ਪਰ ਦਿਨ-ਦਿਹਾੜੇ ਘਣੀ ਅਬਾਦੀ ਤੇ ਮਕਾਨ ਮਾਲਕਾਂ ਦੀ ਮੌਜੂਦਗੀ ਵਿੱਚ ਚੋਰੀ ਦੀ ਘਟਨਾ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ।


**YES BANK**

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

**ਰੂਲ-8 (1) ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਯੈਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸੱਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈਸੱਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ : ਬੀ ਟੀ ਐੱਲ ਇੰਟਰਨੈਸ਼ਨਲ ਰਾਹੀਂ ਇਸ ਦੇ ਭਾਈਵਾਲਾਂ ਸ੍ਰੀ ਸੁੱਚਾ ਸਿੰਘ ਅਤੇ ਸ੍ਰੀ ਅਮੀਤੋਜ ਸਿੰਘ ਮਲਹੋਤਰਾ 2255/ਬੀ. ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ-141002 (ਕਰਜ਼ਦਾਰ/ਰਹਿਣਕਾਰ) (2) ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਮਿਲਖਾ ਸਿੰਘ ਮਕਾਨ ਨੰ. 1213 ਐੱਚ ਆਈ ਜੀ, ਸੈਕਟਰ-40, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010, ਨਾਲ ਹੀ : 2255/ਬੀ ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ-141002 (ਗਰੰਟਰ) (3) ਸ੍ਰੀ ਅਮੀਤੋਜ ਸਿੰਘ ਮਲਹੋਤਰਾ ਪੁੱਤਰ ਸ੍ਰੀ ਹਰਿੰਦਰ ਪਾਲ ਸਿੰਘ ਮਕਾਨ ਨੰ. 41/9, ਆਤਮ ਨਗਰ, ਮਿਲਰ ਗੰਜ, ਲੁਧਿਆਣਾ, ਪੰਜਾਬ-141010, ਨਾਲ ਹੀ : 2255/ਬੀ, ਗਲੀ ਨੰ. 11, ਜਨਤਾ ਨਗਰ, ਲੁਧਿਆਣਾ, ਪੰਜਾਬ-141002 (ਗਰੰਟਰ) ਨੂੰ 12.09.2022 ਤੋਂ ਬਕਾਇਆ ਰਕਮ ਰੁਪਏ 2,52,85, 147.46/- (ਦੋ ਕਰੋੜ ਬਵੰਜਾ ਲੱਖ ਪਚਾਸੀ ਹਜ਼ਾਰ ਇੱਕ ਸੌ ਸੰਤਾਲੀ ਰੁਪਏ ਅਤੇ ਸਿਆਲੀ ਪੈਸੇ ਕੇਵਲ) ਸਮੇਤ ਇਸ ਉਪਰ 12 ਜੂਨ 2024 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ 19 ਸਤੰਬਰ 2022 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਮੁਕੰਮਲ ਬਕਾਇਆ ਅਦਾ ਕਰਨ 'ਚ ਅਸਫਲ ਰਹੇ ਹਨ, ਕਰਜ਼ਦਾਰ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ 12 ਜੂਨ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਯੈਸ ਬੈਂਕ ਲਿਮਟਿਡ ਦੀ 12.09.2022 ਨੂੰ ਬਕਾਇਆ ਰਕਮ ਰੁਪਏ 2,52,85, 147.46/- (ਦੋ ਕਰੋੜ ਬਵੰਜਾ ਲੱਖ ਪਚਾਸੀ ਹਜ਼ਾਰ ਇੱਕ ਸੌ ਸੰਤਾਲੀ ਰੁਪਏ ਅਤੇ ਸਿਆਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਹੱਦਾਂ | ਰਹਿਣਕਾਰ |
|---|---|---|
| ਫੈਕਟਰੀ ਜਾਇਦਾਦ ਰਕਬਾ 3720 ਵਰਗ ਗਜ਼ (06 ਕੇ-03 ਐੱਮ) ਖਸਰਾ ਨੰ. 69//15/2, 16/1/1, 16/1/2, 16/1/3, 25/2/1, 25/2/2, 70/11/1, ਖਾਤਾ ਨੰ. 454/469, ਜਮ੍ਹਾਂਬੰਦੀ ਸਾਲ 2011-12 ਵਾਕਿਆ ਪਿੰਡ ਢੰਡਾਰੀ ਕਲਾਂ, ਹੱਦਬਸਤ ਨੰ. 241, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। | ਪੂਰਬ : ਹਰਜੀਤ ਕੌਰ ਬਾਹੀ 341'8"<br>ਪੱਛਮ : ਨੀਰਜ ਬਾਹੀ 341'8"<br>ਉੱਤਰ : ਰਸਤਾ 22' ਚੌੜਾ ਬਾਹੀ 98'<br>ਦੱਖਣ : ਬਲਵਿੰਦਰ ਸਿੰਘ ਬਾਹੀ 98' | ਬੀ ਟੀ ਐੱਲ ਇੰਟਰਨੈਸ਼ਨਲ |

ਮਿਤੀ : 12.06.2024
ਸਥਾਨ : ਲੁਧਿਆਣਾ

ਵਾਸਤੇ ਯੈਸ ਬੈਂਕ ਲਿਮਟਿਡ
ਸ੍ਰੀ ਅਜੈ ਰਾਣਾ, ਅਧਿਕਾਰਤ ਅਫਸਰ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਫਲੀਆਂਵਾਲਾ 'ਚ ਚੋਰਾਂ ਦੇ ਹੌਸਲੇ ਬੁਲੰਦ, ਘਰ 'ਚੋਂ ਗਹਿਣੇ ਤੇ ਨਗਦੀ ਚੋਰੀ

## ਨਸ਼ੇ ਦੀ ਤੋਟ ਪੂਰੀ ਕਰਨ ਲਈ ਆਏ ਦਿਨ ਚੋਰੀਆਂ ਨੂੰ ਦੇ ਰਹੇ ਅੰਜਾਮ

**ਜਲਾਲਾਬਾਦ (ਜੀਤ ਕੁਮਾਰ)**-ਨੇੜਲੇ ਪਿੰਡ ਚੱਕ ਅਰਾਈਆਂਵਾਲਾ (ਫਲੀਆਂਵਾਲਾ) ਵਿਖੇ ਚੋਰੀ ਦੀਆਂ ਵਾਰਦਾਤਾਂ ਹੋਣ ਦਾ ਸਿਲਸਿਲਾ ਜਾਰੀ ਹੈ, ਇਸੇ ਤਰ੍ਹਾਂ ਹੀ ਬੀਤੇ ਦਿਨ ਚੋਰ ਇੱਕ ਘਰ ਵਿੱਚ ਧਾਵਾ ਬੋਲਦਿਆਂ ਸੋਨੇ ਤੇ ਚਾਂਦੀ ਦੇ ਗਹਿਣੇ ਚੋਰੀ ਕਰਕੇ ਲੈ ਗਏ। ਇਸ ਸਬੰਧੀ ਪੀੜਤ ਪਰਿਵਾਰ ਵੱਲੋਂ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੂੰ ਲਿਖਤੀ ਰੂਪ ਵਿੱਚ ਦਰਖਾਸਤ ਵੀ ਦਿੱਤੀ ਗਈ ਹੈ, ਜਿਸ ਵਿੱਚ ਅਮਰਜੀਤ ਕੌਰ ਪਤਨੀ ਜਰਨੈਲ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਚੱਕ ਅਰਾਈਆਂਵਾਲਾ (ਫਲੀਆਂਵਾਲਾ) ਨੇ ਦੱਸਿਆ ਕਿ ਬੀਤੇ ਦਿਨ 11 ਜੂਨ 2024 ਦੀ ਰਾਤ ਨੂੰ ਉਹ ਪਰਿਵਾਰ ਸਮੇਤ ਰੋਟੀ ਪਾਣੀ ਖਾ ਕੇ ਸੌਂ ਗਏ। ਕਮਰੇ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ ਤੇ ਅਸੀਂ ਬਾਹਰ ਵਿਹੜੇ ਵਿੱਚ ਸੁੱਤੇ ਪਏ ਸੀ ਅਤੇ ਸਵੇਰੇ ਕਰੀਬ 3 ਵਜੇ ਖੜਾਕਾ ਸੁਣ ਕੇ ਉਹ ਉੱਠੀ ਅਤੇ ਵੇਖਿਆ ਕਿ ਵਿਹੜੇ ਵਿੱਚ ਲਾਇਟ ਜਗ ਰਹੀ ਸੀ ਅਤੇ 4-5 ਵਿਅਕਤੀ ਦਿਖਾਈ ਦਿੱਤੇ, ਜੋ ਪੌੜੀ 'ਤੇ ਚੜ੍ਹ ਗਏ, ਜਿਨ੍ਹਾਂ ਦਾ ਪਿੱਛਾ ਕੀਤਾ ਗਿਆ ਪਰ ਉਹ ਵਿਅਕਤੀ ਕਮਰਿਆਂ ਦੀਆਂ ਛੱਤਾਂ ਤੋਂ ਦੀ ਭਜ ਗਏ। ਇਸ ਦੇ ਬਾਅਦ ਪੀੜਤ ਔਰਤ ਨੇ ਆਪਣੇ ਕਮਰੇ ਅੰਦਰ ਪਈ ਅਲਮਾਰੀ ਨੂੰ ਵੇਖਿਆ ਤਾਂ ਅਲਮਾਰੀ ਦਾ ਜਿੰਦਰਾ ਖੁੱਲ੍ਹਾ ਹੋਇਆ ਸੀ, ਜਿਸ ਵਿੱਚੋਂ ਸੋਨੇ ਦਾ ਇੱਕ ਹਾਰ, ਸੋਨੇ ਦੀਆਂ 2 ਮੁੰਦਰੀਆ, ਸੋਨੇ ਦੇ ਦੋ ਜੋੜੇ ਟੌਪਸ, ਚਾਂਦੀ ਦੇ ਕੰਗਣ ਇਕ ਜੋੜਾ, ਚਾਂਦੀ ਦੀ ਇਕ ਚੈਨ, 2 ਜੋੜੇ ਪਜੇਬਾਂ ਤੇ 10 ਹਜ਼ਾਰ ਰੁਪਏ ਨਗਦੀ ਚੋਰੀ ਕਰਕੇ ਲੈ ਗਏ। ਪੀੜਤ ਔਰਤ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੱਸਿਆ ਕਿ ਉਹ ਸਾਹਮਣੇ ਆਉਣ 'ਤੇ ਚੋਰੀ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਪਹਿਚਾਣ ਲਵੇਗੀ। ਇਸ ਲਈ ਮੇਰੀ ਮੰਗ ਹੈ ਕਿ ਚੋਰੀ ਹੋਇਆ ਸਾਮਾਨ ਬਰਾਮਦ ਕਰਵਾਇਆ ਜਾਵੇ ਤੇ ਇਸ ਚੋਰੀ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਵਰਣਨਯੋਗ ਹੈ ਕਿ ਪਿੰਡ ਫਲੀਆਂਵਾਲਾ ਵਿਖੇ ਆਏ ਦਿਨ ਚੋਰੀ ਦੀਆਂ ਵਾਰਦਾਤਾਂ ਹੋਣ ਦਾ ਸਿਲਸਿਲਾ ਚੱਲ ਰਿਹਾ ਹੈ, ਰਾਤ ਵੇਲੇ ਘਰਾਂ ਵਿੱਚੋਂ ਮੋਬਾਇਲ, ਸਿਲੰਡਰ ਤੇ ਹੋਰ ਸਾਮਾਨ ਚੋਰੀ ਹੋਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ, ਉਥੇ ਹੀ ਚਿੱਟੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਇਹ ਵਿਅਕਤੀ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ, ਅਜਿਹੇ ਹਾਲਾਤਾਂ ਵਿੱਚ ਪਿੰਡ ਵਾਸੀਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਲਗਾਤਾਰ ਵਧ ਰਹੀਆਂ ਚੋਰੀਆਂ 'ਤੇ ਠੱਲ੍ਹ ਪਾਉਣ ਲਈ ਸਖਤੀ ਨਾਲ ਨਿਪਟਿਆ ਜਾਵੇ।


ਫਲੀਆਂਵਾਲਾ ਵਿਖੇ ਹੋਈ ਚੋਰੀ ਬਾਰੇ ਜਾਣਕਾਰੀ ਦਿੰਦਾ ਪੀੜਤ ਵਿਅਕਤੀ।

# ਨੀਟ 'ਚ ਹੋਈ ਧਾਂਦਲੀ ਦੀ ਉੱਚ-ਪੱਧਰੀ ਜਾਂਚ ਕਰਾਈ ਜਾਵੇ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਮੈਡੀਕਲ ਕੋਰਸਾਂ ਦੇ ਦਾਖਲੇ (ਨੀਟ) ਵਿੱਚ ਹੋਈ ਧਾਂਦਲੀ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਨੇ ਇਸ ਬਾਰੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਮੈਡੀਕਲ ਵਰਗੇ ਉੱਚ ਸਿੱਖਿਆ ਦੇ ਕੋਰਸ ਵਿੱਚ ਦਾਖਲੇ ਸਬੰਧੀ ਲਈ ਨੀਟ ਦੀ ਪ੍ਰੀਖਿਆ ਵਿੱਚ ਧਾਂਦਲੀ ਹੋਣਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪੇਪਰਾਂ ਦਾ ਲੀਕ ਹੋਣਾ ਤੇ ਪੇਪਰਾਂ ਦਾ ਫਟ ਜਾਣਾ ਇਹ ਬਹੁਤ ਹੀ ਡੂੰਘੀ ਸਾਜ਼ਿਸ਼ ਦਾ ਨਤੀਜਾ ਹਨ ਤੇ ਇਸ ਪਿੱਛੇ ਇੰਜ ਜਾਪਦਾ ਹੈ ਕਿ ਕਈ ਉੱਚ ਪੱਧਰੀ ਅਹੁਦੇ 'ਤੇ ਬੈਠੇ ਲੋਕਾਂ ਦੀ ਸ਼ਮੂਲੀਅਤ ਹੋ ਸਕਦੀ ਹੈ। ਇਸ ਕਿਸਮ ਦੇ ਐਂਟਰੈਂਸ ਇਮਤਿਹਾਨਾਂ ਲਈ ਬੱਚਿਆਂ ਨੂੰ ਲੱਖਾਂ ਰੁਪਏ ਖਰਚ ਕਰਕੇ ਕੋਚਿੰਗ ਸੈਂਟਰਾਂ ਤੋਂ ਵਿੱਦਿਆ ਲੈਣੀ ਪੈ ਰਹੀ ਹੈ, ਜਿਸ ਕਰਕੇ ਘੱਟ ਆਮਦਨ ਵਾਲੇ ਪਰਿਵਾਰਾਂ ਤੋਂ ਆਏ ਬੱਚੇ ਇਨ੍ਹਾਂ ਕੋਰਸਾਂ ਵਿੱਚ ਨਹੀਂ ਜਾ ਸਕਦੇ, ਕਿਉਂਕਿ ਉਹ ਇਨ੍ਹਾਂ ਕੋਚਿੰਗ ਸੈਂਟਰ ਤੋਂ ਲੱਖਾਂ ਰੁਪਏ ਦੀ ਫੀਸ ਦੇ ਕੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ। ਪਿਛਲੇ ਸਮੇਂ ਵਿੱਚ ਪੇਂਡੂ ਖੇਤਰ ਵਿੱਚੋਂ ਆਉਣ ਵਾਲੇ ਬੱਚਿਆਂ ਦੀ ਗਿਣਤੀ ਘਟੀ ਹੈ, ਇਸੇ ਤਰ੍ਹਾਂ ਸਰਕਾਰੀ ਸਕੂਲਾਂ ਵਿੱਚੋਂ ਆਉਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵੀ ਫਰਕ ਪਿਆ ਹੈ, ਜੋ ਘਟ ਰਹੀ ਹੈ। ਇੰਗਲਿਸ਼ ਮੀਡੀਅਮ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਨੀਟ ਉਨ੍ਹਾਂ ਗੁਣਾਂ ਦੀ ਪਰਖ ਨਹੀਂ ਕਰਦਾ, ਜੋ ਡਾਕਟਰ ਕੋਲ ਹੋਣੇ ਚਾਹੀਦੇ ਹਨ, ਜਿਵੇਂ ਕਿ ਦਇਆ, ਮਨੁੱਖਤਾ ਦੀ ਸੇਵਾ ਕਰਨ ਲਈ ਹਮਦਰਦੀ ਤੇ ਜਨੂੰਨ ਅਤੇ ਅੰਤ ਵਿੱਚ ਇੱਕ ਸਿੰਗਲ ਟੈਸਟ ਸਹੀ ਮਾਪਦੰਡ ਨਹੀਂ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਮੈਡੀਕਲ ਤੇ ਹੋਰ ਉੱਚ ਪੱਧਰੀ ਕੋਰਸਾਂ ਵਿੱਚ ਦਾਖਲਿਆਂ ਦੀ ਸੰਪੂਰਨ ਪ੍ਰਕਿਰਿਆ ਨੂੰ ਰਿਵਿਊ ਕੀਤਾ ਜਾਏ। ਉਸ 'ਤੇ ਨਜ਼ਰਸਾਨੀ ਕਰਕੇ ਇਨ੍ਹਾਂ ਨੂੰ ਸੁਚਾਰੂ ਬਣਾਇਆ ਜਾਏ ਤੇ ਇਸ ਵਿੱਚ ਵਿਦਿਆਰਥੀ ਜਥੇਬੰਦੀਆਂ, ਅਧਿਆਪਕ ਜਥੇਬੰਦੀਆਂ ਤੇ ਹੋਰ ਅਕਾਦਮਿਕ ਲੋਕਾਂ ਦੀ ਰਾਏ ਲੈ ਕੇ ਤੈਅ ਕੀਤਾ ਜਾਏ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਕਾਮਰੇਡ ਡੀ ਪੀ ਮੌੜ, ਚਮਕੌਰ ਸਿੰਘ, ਐੱਮ ਐੱਸ ਭਾਟੀਆ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ, ਰਜਿੰਦਰ ਪਾਲ ਸਿੰਘ ਔਲਖ, ਵਿਜੇ ਕੁਮਾਰ ਸ਼ਾਮਲ ਸਨ।

# ਮਿੱਡ ਡੇ ਮੀਲ ਵਰਕਰਾਂ ਦਾ ਭੱਤਾ ਦੁੱਗਣਾ ਕਰਨ ਦੀ ਮੰਗ

## ਯੂਨੀਅਨ ਨੇ ਹੱਕੀ ਮੰਗਾਂ ਨੂੰ ਯਾਦ ਕਰਵਾਇਆ



**ਸਮਰਾਲਾ (ਸੁਰਜੀਤ ਸਿੰਘ)**-ਮਿੱਡ ਡੇ ਮੀਲ ਵਰਕਰ ਯੂਨੀਅਨ ਪੰਜਾਬ ਲੁਧਿਆਣਾ ਇਕਾਈ ਕੁਹਾੜਾ ਦੀ ਮੀਟਿੰਗ ਸੂਬਾ ਆਗੂ ਪ੍ਰਵੀਨ ਕੁਮਾਰੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਲੁਧਿਆਣਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਲੀਲ੍ਹ, ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ, ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ, ਰਜਿੰਦਰ ਜੰਡਿਆਲੀ ਤੋਂ ਇਲਾਵਾ ਵੱਡੀ ਗਿਣਤੀ ਮਿੱਡ ਡੇ ਮੀਲ ਵਰਕਰਾਂ ਨੇ ਭਾਗ ਲਿਆ।ਇਸ ਮੌਕੇ ਆਗੂਆਂ ਨੇ ਕਿਹਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਸੱਤਾ ਹਾਸਲ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ।ਇਸ ਦੌਰਾਨ ਉਨ੍ਹਾਂ ਆਪਣੀਆਂ ਮੰਗਾਂ ਨੂੰ ਯਾਦ ਕਰਵਾਉਣ ਲਈ ਮੀਟਿੰਗ ਕੀਤੀ ਤਾਂ ਜੋ ਭਗਵੰਤ ਮਾਨ ਸਰਕਾਰ ਵੱਲੋਂ ਦੁੱਗਣੀ ਤਨਖਾਹ ਦੇ ਕੀਤੇ ਗਏ ਆਪਣੇ ਵਾਅਦੇ ਨੂੰ ਯਾਦ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜਥੇਬੰਦੀ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ਼ ਤੇ ਹੱਕੀ ਮੰਗਾਂ ਵੱਲ ਸਰਕਾਰ ਨੇ ਕਈ ਮੀਟਿੰਗਾਂ ਕਰਨ ਦੇ ਬਾਵਜੂਦ ਕੋਈ ਵੀ ਹੱਲ ਨਹੀਂ ਕੀਤਾ।ਇਸ ਮੌਕੇ ਦਵਿੰਦਰ ਕੌਰ, ਮਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਪਿੰਕੀ ਰਾਣੀ ਤੇ ਜਸਵੰਤ ਕੌਰ ਨੇ ਕਿਹਾ ਕਿ ਮਿੱਡ ਡੇ ਮੀਲ ਵਰਕਰ ਨੂੰ ਘੱਟੋ ਘੱਟ ਉਜ਼ਰਤ ਕਾਨੂੰਨ ਦਾਇਰੇ ਅੰਦਰ ਲਿਆ ਕੇ ਬਣਦੀ ਤਨਖਾਹ ਦਿੱਤੀ ਜਾਵੇ ਤੇ ਮਿਡਲ ਪਾਸ ਵਰਕਰ ਨੂੰ ਸਕੂਲਾਂ ਅੰਦਰ ਖਾਲੀ ਪਈਆਂ ਦਰਜਾ ਚਾਰ ਤੇ ਸਫ਼ਾਈ ਸੇਵਕਾਂ ਦੀਆਂ ਪੋਸਟਾਂ ਉੱਪਰ ਨਿਯੁਕਤ ਕੀਤਾ ਜਾਵੇ।ਇਸੇ ਤਰ੍ਹਾਂ ਵਰਕਰਾਂ ਨੂੰ ਪ੍ਰਸੂਤਾ ਛੁੱਟੀ ਤਨਖਾਹ ਸਮੇਤ ਦਿੱਤੀ ਜਾਵੇ।ਉਨ੍ਹਾ ਕਿਹਾ ਕਿ ਵਰਕਰਾਂ ਦਾ ਪੰਜ ਲੱਖ ਦਾ ਜੀਵਨ ਬੀਮਾ ਤੇ ਵਰਕਰ ਦੀ ਮੌਤ ਹੋਣ ਉਪਰੰਤ ਉਸ ਦੇ ਪਰਿਵਾਰ ਵਿੱਚੋਂ ਦੁਬਾਰਾ ਭਰਤੀ ਕੀਤੀ ਜਾਵੇ।ਵਰਕਰਾਂ ਨੂੰ ਕਿਸੇ ਬਿਮਾਰੀ ਮੌਕੇ ਜਾਂ ਕਿਸੇ ਦੁਰਘਟਨਾ ਵਿੱਚ ਜ਼ਖ਼ਮੀ ਹੋਣ 'ਤੇ ਸਰਕਾਰੀ ਖਰਚੇ ਉੱਪਰ ਇਲਾਜ ਦੀ ਸਹੂਲਤ ਦਿੱਤੀ ਜਾਵੇ।ਸਾਲ ਵਿੱਚ ਦੋ ਵਾਰ ਵਰਦੀ ਦਿੱਤੀ ਜਾਵੇ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇਵੇਗੀ ਤਾਂ ਜਥੇਬੰਦੀ ਆਉਣ ਵਾਲੇ ਸਮੇਂ ਮਜਬੂਰਨ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

## ਕਾਤਰਾਂ

### ਜੈਦ ਪੱਤੀ ਦੇ ਵਾਸੀ ਪਾਣੀ ਦੀ ਸਪਲਾਈ ਸ਼ੁਰੂ ਨਾ ਹੋਣ ਕਾਰਨ ਔਖੇ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਥਾਨਕ ਜੈਦ ਪੱਤੀ ਦੇ ਵਾਟਰ ਵਰਕਸ ਦੀ ਸਪਲਾਈ ਦੇ ਮਾੜੇ ਹਾਲ ਨੂੰ ਵੇਖਦੇ ਹੋਏ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਅਮਨ ਅਰੋੜਾ ਨੇ ਨਵੇਂ ਟਿਊਬਵੈੱਲ ਦਾ ਨੀਂਹ ਪੱਥਰ ਰੱਖਿਆ ਸੀ, ਜਿਸ ਉਪਰੰਟ ਟਿਊਬਵੈੱਲ ਲੱਗ ਚੁੱਕਾ ਹੈ, ਪਰ ਟਿਊਬਵੈੱਲ ਦਾ ਸਾਮਾਨ ਅਜੇ ਤੱਕ ਨਹੀਂ ਪੁੱਜਿਆ।ਵਾਟਰ ਵਰਕਸ ਦੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਟਿਊਬਵੈੱਲ ਲਈ ਲੋੜੀਂਦਾ ਸਾਮਾਨ ਭੇਜੇਗੀ ਤਾਂ ਟਿਊਬਵੈੱਲ ਚੱਲੇਗਾ, ਜਿਸ ਤੋਂ ਬਾਅਦ ਹੀ ਪਾਣੀ ਦੀ ਸਪਲਾਈ ਚੱਲ ਸਕੇਗੀ।ਲੋਕਾਂ ਨੇ ਮੰਗ ਕੀਤੀ ਕਿ ਨਵੇਂ ਲੱਗੇ ਟਿਊਬਵੈੱਲ ਦਾ ਸਾਮਾਨ ਜਲਦ ਭੇਜਿਆ ਜਾਵੇ ਤਾਂ ਜੋ ਪਾਣੀ ਦੀ ਸਪਲਾਈ ਬਹਾਲ ਹੋ ਸਕੇ।

### ਕੇਂਦਰੀ ਜੇਲ੍ਹ 'ਚੋਂ ਮੋਬਾਈਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚੋਂ ਤਲਾਸ਼ੀ ਦੌਰਾਨ ਇੱਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਹਵਾਲਾਤੀ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਇੱਕ ਪੱਤਰ ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 12 ਜੂਨ 2024 ਨੂੰ ਕਰੀਬ 3.50 ਪੀਐੱਮ 'ਤੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਬੈਰਕ ਨੰਬਰ 10 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਪ੍ਰਦੀਪ ਸਿੰਘ ਕੋਲੋਂ 1 ਮੋਬਾਇਲ ਫੋਨ ਸੈਮਸੰਗ ਕੀਪੈਡ ਸਮੇਤ ਸਿਮ ਕਾਰਡ ਬਰਾਮਦ ਹੋਇਆ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਛੇਵੇਂ ਪਾਤਸ਼ਾਹ ਦੇ ਯਾਦਗਾਰੀ ਸਮਾਗਮ ਅੱਜ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਉਪ ਮੁਖੀ ਤੇ ਗੁਰਦੁਆਰਾ ਨਿਰਮਲਸਰ ਸਾਹਿਬ ਤਿਲੋਕੇਵਾਲਾ ਦੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਕਿਹਾ ਕਿ ਬ੍ਰਹਮ ਗਿਆਨੀ ਸੰਤ ਬਾਬਾ ਮੋਹਨ ਸਿੰਘ ਮਤਵਾਲਾ ਦੀ ਚਲਾਈ ਮਰਿਆਦਾ ਅਨੁਸਾਰ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਦਾ ਅਵਤਾਰ ਦਿਹਾੜਾ 14 ਜੂਨ ਨੂੰ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੀ ਖੁਸ਼ੀ ਤੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬ੍ਰਹਮ ਗਿਆਨੀ ਸੰਤ ਬਾਬਾ ਮੋਹਨ ਸਿੰਘ ਮਤਵਾਲਾ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਹਿੱਤ ਦੇਸ਼ ਵਿਦੇਸ਼ ਤੋਂ ਸੰਗਤਾਂ ਗੁਰਦੁਆਰਾ ਨਿਰਮਲਸਰ ਸਾਹਿਬ ਵਿਖੇ ਪੁੱਜਦੀਆਂ ਹਨ। ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਇਸ ਸਮਾਗਮ ਵਿੱਚ ਇਲਾਕੇ ਦੇ ਰਾਗੀ, ਢਾਡੀ ਤੇ ਕਵੀਸ਼ਰਾਂ ਸਮੇਤ ਪ੍ਰਮੁੱਖ ਸਮਾਜਿਕ ਤੇ ਧਾਰਮਿਕ ਹਸਤੀਆਂ ਸ਼ਿਰਕਤ ਕਰਨਗੀਆਂ।

### ਕੁੱਟਮਾਰ ਕਰਕੇ ਨਕਦੀ ਖੋਹਣ ਵਾਲਾ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਦਰੀਏ ਕੇ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ 30 ਹਜ਼ਾਰ ਰੁਪਏ ਖੋਹਣ ਵਾਲੇ ਇੱਕ ਵਿਅਕਤੀ ਨੂੰ ਥਾਣਾ ਮਮਦੋਟ ਪੁਲਸ ਨੇ ਗ੍ਰਿਫਤਾਰ ਕਰਕੇ 8 ਖਿਲਾਫ 379-ਬੀ, 323, 341, 506, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਸਵੰਤ ਰਾਏ ਪੁੱਤਰ ਬਹਾਲੀ ਰਾਮ ਵਾਸੀ ਪਿੰਡ ਬੇਟੂ ਕਦੀਮ ਨੇ ਦੱਸਿਆ ਕਿ ਉਹ ਟਰੈਕਟਰ ਅਰਜਨ 605 ਨੰਬਰ ਪੀਬੀ 13 ਐੱਨ 9188 ਸਮੇਤ ਟਰਾਲੀ ਨਾਲ ਗੋਲੂ ਕਾ ਮੋੜ ਕੇ. ਬੀ. ਭੱਠਾ 'ਤੇ ਮਿੱਟੀ ਸੁੱਟਣ ਦੇ ਕੰਮ 'ਤੇ ਲੱਗਿਆ ਹੋਇਆ ਹੈ। ਉਹ ਆਪਣੇ ਟਰੈਕਟਰ ਟਰਾਲੀ 'ਤੇ ਮਿੱਟੀ ਲੱਦ ਕੇ ਪਿੰਡ ਬੇਟੂ ਕਦੀਮ ਜਾ ਰਿਹਾ ਸੀ ਤਾਂ ਦੋਸ਼ੀਆਨ ਫਲਕ ਸਿੰਘ ਪੁੱਤਰ ਜਗੀਰ ਸਿੰਘ, ਗੁਰਦੀਪ ਸਿੰਘ ਪੁੱਤਰ ਫਲਕ ਸਿੰਘ, ਚੰਨਣ ਸਿੰਘ ਪੁੱਤਰ ਫਲਕ ਸਿੰਘ ਵਾਸੀਅਨ ਚੱਕ ਖੁੰਦਰ, ਬਗੀਚਾ ਸਿੰਘ, ਸੁਖਦੇਵ ਸਿੰਘ ਪੁੱਤਰ ਬਗੀਚਾ ਸਿੰਘ ਵਾਸੀਅਨ ਬਾੜੀਆ ਥਾਣਾ ਸਦਰ ਜਲਾਲਾਬਾਦ ਤੇ 2-3 ਅਣਪਛਾਤੇ ਵਿਅਕਤੀਆਂ ਨੇ ਰਸਤੇ ਵਿੱਚ ਰੋਕ ਕੇ ਉਸ ਦੇ ਸੱਟਾਂ ਮਾਰੀਆਂ ਤੇ ਉਸ ਦੀ ਜੇਬ ਵਿੱਚੋਂ 30 ਹਜ਼ਾਰ ਰੁਪਏ ਝਪਟ ਮਾਰ ਕੇ ਖੋਹ ਲਏ ਤੇ ਉਕਤ ਟਰੈਕਟਰ ਸਮੇਤ ਟਰਾਲੀ ਭਜਾ ਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੇ ਫਲਕ ਸਿੰਘ ਨੂੰ ਗ੍ਰਿਫਤਾਰ ਕਰਕੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਾਂਗਰਸ ਦੀ ਹੂੰਝਾ ਫੇਰ ਜਿੱਤ ਨੇ ਵਿਰੋਧੀਆਂ ਦੇ ਭੁਲੇਖੇ ਦੂਰ ਕੀਤੇ : ਕਾਕਾ ਰਣਦੀਪ ਸਿੰਘ



**ਨਾਭਾ (ਵਰਿੰਦਰ ਵਰਮਾ)**-ਸੇਵਾ ਭਵਨ ਵਿਖੇ ਰਿਜ਼ਰਵ ਹਲਕਾ ਨਾਭਾ ਦੇ ਕਾਂਗਰਸੀ ਵਰਕਰਾਂ ਦੀ ਭਰਵੀਂ ਇਕੱਤਰਤਾ ਸਾਬਕਾ ਖੇਤੀਬਾੜੀ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਦੀ ਅਗਵਾਈ 'ਚ ਹੋਈ, ਜਿਸ 'ਚ ਵੱਡੀ ਗਿਣਤੀ 'ਚ ਕਾਂਗਰਸੀ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਕਾਂਗਰਸੀ ਵਰਕਰਾਂ ਨੂੰ ਪਟਿਆਲਾ ਲੋਕ ਸਭਾ ਸੀਟ ਜਿੱਤਣ ਦੀ ਵਧਾਈ ਦਿੰਦਿਆਂ ਕਾਕਾ ਰਣਦੀਪ ਸਿੰਘ ਨੇ ਕਿਹਾ ਕਿ ਇਹ ਜਿੱਤ ਪਾਰਟੀ ਵਰਕਰਾਂ ਦੀ ਹੈ ਕਿਉਂ ਜੋ ਵਰਕਰਾਂ ਨੇ ਦਿਨ-ਰਾਤ ਇੱਕ ਕਰਕੇ ਡਾਕਟਰ ਧਰਮਵੀਰ ਗਾਂਧੀ ਨੂੰ ਪਟਿਆਲਾ ਤੋਂ ਜਿੱਤ ਦਿਵਾਈ ਹੈ। 'ਆਪ' 'ਤੇ ਤਨਜ਼ ਕੱਸਦਿਆਂ ਕਾਕਾ ਰਣਦੀਪ ਸਿੰਘ ਨੇ ਕਿਹਾ ਕਿ 13-0 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲੀ ਪਾਰਟੀ ਤਿੰਨ ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ ਹੈ, ਕਿਉਂਕਿ ਪੰਜਾਬ ਸਰਕਾਰ ਦੇ ਪਿਛਲੇ ਕਰੀਬ ਢਾਈ ਸਾਲਾਂ ਦੇ ਕੰਮ ਕਾਰ ਨੂੰ ਸੂਬੇ ਦੇ ਲੋਕਾਂ ਨੇ ਨਕਾਰ ਦਿੱਤਾ ਹੈ।ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਜਲਦੀ ਹੀ ਨਾਭਾ 'ਚ ਵੱਡਾ ਇਕੱਠ ਕਰਕੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੂੰ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸੇ ਸਾਲ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਉਹ ਤਿਆਰ ਬਰ ਤਿਆਰ ਰਹਿਣ ਤਾਂ ਜੁ ਆਗਾਮੀ ਚੋਣਾਂ 'ਚ ਵੀ ਕਾਂਗਰਸ ਪਾਰਟੀ ਨੂੰ ਵੱਡੀ ਜਿੱਤ ਮਿਲ ਸਕੇ।ਕਾਕਾ ਰਣਦੀਪ ਨੇ ਕਿਹਾ ਕਿ ਲੋਕ ਸਭਾ ਚੋਣਾਂ ਚ ਕਾਂਗਰਸ ਦੀ ਹੂੰਝਾ ਫੇਰ ਜਿੱਤ ਨੇ ਵਿਰੋਧੀਆਂ ਦੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ।ਪੰਜਾਬ 'ਚ ਖਾਦ ਦੇ ਸੈਂਪਲ ਫੇਲ ਹੋਣ ਨੂੰ ਲੈ ਕੇ ਸਾ: ਖੇਤੀਬਾੜੀ ਮੰਤਰੀ ਰਣਦੀਪ ਨਾਭਾ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਉਹ ਨਕਲੀ ਖਾਦ ਤਿਆਰ ਕਰਨ ਵਾਲੀਆਂ ਕੰਪਨੀਆਂ 'ਤੇ ਪਰਚਾ ਦਰਜ ਕਰਕੇ ਇਸਦੀ ਨਿਰਪੱਖਤਾ ਨਾਲ ਜਾਂਚ ਕਰਾਏ ਤਾਂ ਜੁ ਦੇਸ਼ ਦੇ ਅੰਨਦਾਤਾ ਕਿਸਾਨ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਖਿਲਵਾੜ ਨਾ ਹੋ ਸਕੇ।

ਕੇਂਦਰ ਸਰਕਾਰ 'ਚ ਰਾਜ ਮੰਤਰੀ ਬਣੇ ਰਵਨੀਤ ਸਿੰਘ ਬਿੱਟੂ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਨੂੰ ਹੁਣ ਆਪਣੇ ਵੱਲੋਂ ਦਿੱਤੇ ਗਏ ਬਿਆਨ ਦੇ ਤਹਿਤ ਹੀ ਪੰਜਾਬ ਅਤੇ ਕੇਂਦਰ ਸਰਕਾਰ ਵਿਚਕਾਰ ਪੁਲ ਦਾ ਕੰਮ ਕਰਕੇ ਪੰਜਾਬ ਦੇ ਮਸਲਿਆਂ ਨੂੰ ਕੇਂਦਰ ਸਰਕਾਰ ਤੋਂ ਪਹਿਲ ਦੇ ਅਧਾਰ 'ਤੇ ਹੱਲ ਕਰਾਉਣ ਦੇ ਨਾਲ-ਨਾਲ ਪੰਜਾਬ ਲਈ ਵੱਧ ਤੋਂ ਵੱਧ ਫੰਡ ਲਿਆ ਕੇ ਸੂਬੇ ਦੇ ਵਿਕਾਸ ਕਾਰਜਾਂ ਨੂੰ ਅੱਗੇ ਤੋਰਨਾ ਚਾਹੀਦਾ ਹੈ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗਿਆਨ ਅੰਜਨ ਸਮਰ ਕੈਂਪ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਸ਼ੁਰੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫਿਰੋਜ਼ਪੁਰ ਮੋਗਾ ਜ਼ੋਨ ਦੇ ਖੇਤਰ ਫਿਰੋਜ਼ਪੁਰ ਵੱਲੋਂ ਫਿਰੋਜ਼ਪੁਰ ਸ਼ਹਿਰ ਦੇ ਗੁਰਦੁਆਰਾ ਸਿੰਘ ਸਭਾ ਅਕਾਲਗੜ੍ਹ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਚੜ੍ਹਦੀ ਕਲਾ ਨਾਲ ਗਿਆਨ ਅੰਜਨ ਸਮਰ ਕੈਂਪ ਦੀ ਸ਼ੁਰੂਆਤ ਕੀਤੀ ਗਈ।ਕੈਂਪ ਦੇ ਪਹਿਲੇ ਤੇ ਦੂਜੇ ਦਿਨ ਲਗਭਗ 150 ਵਿਦਿਆਰਥੀਆਂ ਨੇ ਹਾਜ਼ਰੀ ਭਰੀ।ਕੈਂਪ ਦੀ ਸ਼ੁਰੂਆਤ ਬੱਚਿਆਂ ਦੁਆਰਾ ਕੀਰਤਨ ਦੁਆਰਾ ਕੀਤੀ ਗਈ।ਵੀਰ ਇੰਦਰਪਾਲ ਸਿੰਘ, ਇੰਦਰਜੀਤ ਸਿੰਘ ਤੇ ਸਰਬਜੀਤ ਸਿੰਘ ਨੇ ਬੱਚਿਆਂ ਤੋਂ ਅਭਿਆਸ ਪੁਸਤਕ ਤਹਿਤ ਸਵਾਲ ਜਵਾਬ ਕੀਤੇ ਗਏ।ਵੀਰ ਰਵੀ ਇੰਦਰ ਸਿੰਘ ਸਟੇਟ ਐਵਾਰਡੀ ਅਧਿਆਪਕ ਨੇ ਬੱਚਿਆਂ ਨੂੰ ਚਿੱਤਰਕਲਾ ਦੇ ਗੁਰ ਦੱਸੇ।ਇਸ ਤੋਂ ਬਾਅਦ ਵਿਦਿਆਰਥੀਆਂ ਦਾ ਡਰਾਇੰਗ ਤੇ ਪੇਂਟਿੰਗ ਦਾ ਮੁਕਾਬਲਾ ਕਰਵਾਇਆ, ਜਿਸ ਵਿੱਚੋਂ ਜੂਨੀਅਰ ਤੇ ਸੀਨੀਅਰ ਵਰਗ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਦੂਜੇ ਦਿਨ ਪੰਜਾਬੀ ਮਾਂ ਬੋਲੀ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਕੈਂਪ ਦੇ ਅਗਲੇ ਪੜਾਅ ਵਿੱਚ ਬੱਚਿਆਂ ਨੂੰ ਖੇਡਾਂ ਤੇ ਹੋਰ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਹਰੇਕ ਜੇਤੂ ਵਿਦਿਆਰਥੀ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇੱਥੇ ਜ਼ਿਕਰਯੋਗ ਹੈ ਕਿ ਇਸ ਕੈਂਪ ਵਿੱਚ ਫਿਰੋਜ਼ਪੁਰ ਸ਼ਹਿਰ ਦੇ ਵੱਖ-ਵੱਖ ਭਾਗਾਂ ਤੇ ਕਈ ਪਿੰਡਾਂ ਤੋਂ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਵਿਦਿਆਰਥੀ ਬਹੁਤ ਹੀ ਉਤਸੁਕਤਾ ਨਾਲ ਕੈਂਪ ਦੀ ਉਡੀਕ ਕਰ ਰਹੇ ਸਨ ਅਤੇ ਅੱਜ ਪਹਿਲੇ ਦਿਨ ਹੀ ਭਰਵੀਂ ਸ਼ਮੂਲੀਅਤ ਵਿਦਿਆਰਥੀਆਂ ਦੁਆਰਾ ਕੀਤੀ ਗਈ।ਬੱਚਿਆਂ ਦੀ ਰਿਫਰੈਸ਼ਨਟ ਦਾ ਪ੍ਰਬੰਧ ਭਾਈ ਸਾਹਿਬ ਭਾਈ ਸਤਵੰਤ ਸਿੰਘ ਜੀ ਦੁਆਰਾ ਕਰਵਾਇਆ ਗਿਆ।ਇਸ ਮੌਕੇ ਮਨਪ੍ਰੀਤ ਸਿੰਘ, ਸੁਖਬਾਜ ਸਿੰਘ, ਇੰਦਰਜੀਤ ਸਿੰਘ, ਸਰਬਜੀਤ ਸਿੰਘ ਭਾਵੜਾ, ਇੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਅਜਮੇਰ ਸਿੰਘ, ਭੈਣ ਹਰਪ੍ਰੀਤ ਕੌਰ, ਕਿਰਪਾ ਸ਼ਰਮਾ, ਅਨਮੋਲ ਸਿੰਘ, ਆਸਾ ਸਿੰਘ, ਵੰਸ਼ਦੀਪ, ਹਰਮੀਤ ਸਿੰਘ, ਹਾਜ਼ਰ ਸਨ।ਇਸ ਕੈਂਪ ਨੂੰ ਸਫਲ ਬਣਾਉਣ ਲਈ ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਕੌਰ, ਮੋਨਿਕਾ ਕੌਰ, ਮਾਨ ਸਿੰਘ, ਬੀਰਪਾਲ ਸਿੰਘ, ਰਜਿੰਦਰ ਸਿੰਘ, ਨਰਿੰਦਰ ਪਾਲ ਸਿੰਘ ਵਿਸ਼ੇਸ਼ ਯੋਗਦਾਨ ਰਿਹਾ।

# 22 ਲੱਖ ਦੀ ਸਾਇਬਰ ਠੱਗੀ ਦਾ ਸ਼ਿਕਾਰ ਹੋਇਆ ਐਲਨਾਬਾਦ ਨਿਵਾਸੀ

## ਸਿਰਸਾ ਪੁਲਸ ਦੀ ਜਨ ਚੇਤਨਾ ਮੁਹਿੰਮ 'ਤੇ ਅਮਲ ਨਾ ਕਰਨ ਕਰਕੇ ਹੁੰਦੀਆਂ ਹਨ ਧੋਖੇਬਾਜ਼ੀਆਂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਕਸਬਾ ਐਲਨਾਬਾਦ ਦੇ ਵਿਹਾਰ ਕਲੋਨੀ ਵਸਨੀਕ ਸੁਖਦੇਵ ਸ਼ਰਮਾ ਵੱਲੋਂ ਸਾਈਬਰ ਪੁਲਸ ਸਟੇਸ਼ਨ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇਕ ਸਾਈਬਰ ਠੱਗ ਵੱਲੋਂ ਪੂੰਜੀ ਨਿਵੇਸ਼ ਦੇ ਨਾਂ 'ਤੇ ਉਸ ਨਾਲ 22 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ।ਸਾਈਬਰ ਥਾਣਾ ਪੁਲਸ ਨੇ ਪੀੜਤ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਸ ਕੋਲ ਦਿੱਤੀ ਸ਼ਿਕਾਇਤ ਵਿੱਚ ਸੁਖਦੇਵ ਸ਼ਰਮਾ ਦਾ ਕਹਿਣਾ ਸੀ ਕਿ ਉਸ ਦੇ ਫੇਸਬੁੱਕ ਅਕਾਊਂਟ 'ਤੇ ਨਿਵੇਸ਼ ਨਾਲ ਸਬੰਧਤ ਇੱਕ ਇਸ਼ਤਿਹਾਰ ਚੱਲ ਰਿਹਾ ਸੀ। ਜਦੋਂ ਉਸ ਨੇ ਇਸਤੇ ਕਲਿੱਕ ਕੀਤਾ ਤਾਂ ਉਸ ਨੂੰ ਡੀ 1 ਜੈਨਸ ਹੈਂਡਰਸਨ ਨਾਮਕ ਇੱਕ ਵਟਸਐਪ ਸਮੂਹ ਵਿੱਚ ਸ਼ਾਮਲ ਕੀਤਾ ਗਿਆ।ਇਸ ਗਰੁੱਪ ਵਿੱਚ ਸ਼ੇਅਰ ਆਈਪੀਓ ਟਰੇਡਿੰਗ ਨਾਲ ਸਬੰਧਤ ਚਰਚਾ ਚੱਲ ਰਹੀ ਸੀ ਤੇ ਗਰੁੱਪ ਵਿੱਚ ਐੱਮ ਐੱਸ ਨਤਾਸ਼ਾ ਦੇ ਨਾਮ ਉੱਤੇ ਇੱਕ ਨੰਬਰ ਦਿੱਤਾ ਗਿਆ ਸੀ।ਫਿਰ ਜਦੋਂ ਉਸ ਨੇ ਕਲਿੱਕ ਕੀਤਾ ਤਾਂ ਨਤਾਸ਼ਾ ਨੇ ਉਸ ਨੂੰ ਲਿੰਕ ਭੇਜਿਆ ਅਤੇ ਉਸ ਨੂੰ ਦੋ ਹੋਰ ਵਟਸਐਪ ਗਰੁੱਪਾਂ ਵਿੱਚ ਸ਼ਾਮਲ ਕੀਤਾ।ਨਤਾਸ਼ਾ ਨੇ ਉਸ ਨੂੰ ਸੀ ਡੀ ਪ੍ਰਿਓ ਐਪ ਡਾਊਨਲੋਡ ਕਰਨ ਲਈ ਕਿਹਾ, ਜਿਸ 'ਤੇ ਉਸ ਨੇ ਆਪਣੇ ਪੈਸੇ ਵੱਖ-ਵੱਖ ਬੈਂਕਾਂ ਵਿੱਚੋਂ 21.95 ਲੱਖ ਰੁਪਏ ਟਰਾਂਸਫਰ ਕੀਤੇ ਗਏ। ਸੁਖਦੇਵ ਸ਼ਰਮਾ ਦਾ ਕਹਿਣਾ ਹੈ ਕਿ ਉਸ ਦੇ ਖਾਤੇ ਵਿੱਚੋਂ ਕੁੱਲ 21 ਲੱਖ 95 ਹਜ਼ਾਰ ਰੁਪਏ ਟਰਾਂਸਫਰ ਕੀਤੇ ਗਏ। ਇਸ ਤੋਂ ਬਾਅਦ ਉਸ ਨੂੰ ਗਰੁੱਪ ਛੱਡਣ ਦੇ ਨਿਰਦੇਸ਼ ਦਿੰਦੇ ਕਿਹਾ ਗਿਆ ਕਿ ਜੇਕਰ ਤੁਸੀਂ ਗਰੁੱਪ ਨੂੰ ਡਿਲੀਟ ਕਰਦੇ ਹੋ ਤਾਂ ਤੁਹਾਡਾ ਵਨ ਟਾਈਮ ਪੇਮੈਂਟ ਹੋ ਜਾਵੇਗਾ, ਪਰ ਕੁਝ ਦਿਨਾਂ ਬਾਅਦ ਸੁਖਦੇਵ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ।ਪੁਲਸ ਦੇ ਜਾਂਚ ਅਧਿਕਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਅਫ਼ਸਰ ਕਲੋਨੀ ਦੀਆਂ ਸਮੱਸਿਆਵਾਂ ਸੰਬੰਧੀ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ



**ਸੰਗਰੂਰ (ਪ੍ਰਵੀਨ ਸਿੰਘ)**-ਅਫ਼ਸਰ ਕਲੋਨੀ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਸੰਬੰਧੀ ਇੱਕ ਵਫਦ ਨਗਰ ਕੌਂਸਲ ਸੰਗਰੂਰ ਦੇ ਪ੍ਰਸ਼ਾਸਕ ਮਾਣਯੋਗ ਐੱਸ ਡੀ ਐੱਮ ਸੰਗਰੂਰ ਚਰਨਜੋਤ ਸਿੰਘ ਵਾਲੀਆ ਨੂੰ ਮਿਲਿਆ।ਵਫ਼ਦ, ਜਿਸ ਵਿੱਚ ਮਾਸਟਰ ਪਰਮਵੇਦ, ਜਸਵੀਰ ਸਿੰਘ ਮਾਨ, ਰਣਦੀਪ ਰਾਓ, ਮਾਸਟਰ ਸੁਖਵੀਰ ਸਿੰਘ, ਲੈਕਚਰਾਰ ਕ੍ਰਿਸ਼ਨ ਸਿੰਘ ਐਡਵੋਕੇਟ ਖੇਮ ਚੰਦ ਰਾਓ, ਜਸਪਾਲ ਸਿੰਘ, ਰਮੇਸ਼ ਚੰਦ ਸ਼ਾਮਲ ਸਨ, ਨੇ ਐੱਸ ਡੀ ਐੱਮ ਨੂੰ ਮੰਗ ਪੱਤਰ ਦਿੰਦਿਆਂ ਦੱਸਿਆ ਕਿ ਅਫ਼ਸਰ ਕਲੋਨੀ ਦੀ ਗਲੀਆਂ ਸੀਵਰੇਜ ਪੈਣ ਕਾਰਨ ਬਹੁਤ ਮਾੜੀ ਹਾਲਤ ਵਿੱਚ ਹਨ।ਚੋਣਾਂ ਤੋਂ ਪਹਿਲਾਂ ਅਫ਼ਸਰ ਕਲੋਨੀ ਦੀਆਂ ਕੁੱਝ ਗਲੀਆਂ ਨੂੰ ਪੱਕੀਆਂ ਕਰਨ ਦਾ ਕੰਮ ਸ਼ੁਰੂ ਹੋਇਆ ਸੀ, ਜਿਹੜਾ ਕੀੜੀ ਦੀ ਚਾਲ ਚੱਲ ਰਿਹਾ ਹੈ, ਇਸ ਕਲੋਨੀ ਦਾ ਮੱਧ ਮਾਰਗ ਮੁੱਖ ਹੈ, ਉਥੇ ਕੰਮ ਸ਼ੁਰੂ ਕਰਕੇ ਬੰਦ ਪਿਆ ਹੈ, ਵਰਖਾ ਰੁੱਤ ਸਿਰ 'ਤੇ ਮੂੰਹ ਅੱਡੀ ਖੜੀ ਹੈ, ਠੇਕੇਦਾਰ ਨੂੰ ਇੰਟਰਲੌਕ ਲਾਉਣ ਦੇ ਕੰਮ ਨੂੰ ਤੇਜ਼ ਕਰਨ ਦੀ ਹਦਾਇਤ ਕੀਤੀ ਜਾਵੇ ਤਾਂ ਜੋ ਵਰਖਾ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਮੱਧ ਮਾਰਗ ਸਮੇਤ ਸਾਰੀਆਂ ਗਲੀਆਂ ਪੱਕੀਆਂ ਹੋ ਜਾਣ, ਬਣ ਰਹੀਆਂ ਹੌਦੀਆਂ ਨੂੰ ਢਕਿਆ ਜਾਵੇ, ਨੰਗੀਆਂ ਹੌਦੀਆਂ ਵਿੱਚ ਮੋਮੀ ਲਿਫਾਫੇ, ਮਿੱਟੀ ਜਾਂ ਕਤੂਰੇ ਵਗੈਰਾ ਡਿਗ ਸਕਦੇ ਹਨ, ਜਿਸ ਕਰਕੇ ਪਾਣੀ ਰੁਕ ਸਕਦਾ ਹੈ।ਸਾਰੀਆਂ ਗਲੀਆਂ ਵਿੱਚ ਲਾਈਟਾਂ ਦਾ ਢੁੱਕਵਾਂ ਪ੍ਰਬੰਧ ਕਰਨ, ਗਲੀਆਂ ਦੀ ਸਫਾਈ ਲਈ ਸਫ਼ਾਈ ਸੇਵਕ ਭੇਜਣ ਤੇ ਬਰਸਾਤੀ ਨਾਲੇ ਦੀ ਫੌਰੀ ਸਫਾਈ ਤੇ ਢੁੱਕਵੇਂ ਸਮੇਂ ਫੋਗਿੰਗ ਕਰਨ ਦੀ ਮੰਗ ਵੀ ਰੱਖੀ। ਮਾਣਯੋਗ ਐੱਸ ਡੀ ਐੱਮ ਸੰਗਰੂਰ ਨੇ ਫ਼ੋਨ ਕਰਕੇ ਈ ਓ ਸੰਗਰੂਰ ਮੋਹਿਤ ਸ਼ਰਮਾ ਨੂੰ ਕੰਮ ਛੇਤੀ ਕਰਵਾਉਣ ਲਈ ਕਿਹਾ ਤਾਂ ਜੋ ਕਲੋਨੀ ਵਾਸੀਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਝਲਣੀ ਪਵੇ।ਉਨ੍ਹਾਂ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਮੰਗਾਂ ਦੀ ਪੂਰਤੀ ਲਈ ਉਹ ਈ ਓ ਸੰਗਰੂਰ ਨੂੰ ਲਿਖਤੀ ਹਦਾਇਤ ਵੀ ਕਰਨਗੇ।

# 20 ਗ੍ਰਾਮ ਹੈਰੋਇਨ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 20 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਕਿਲ੍ਹੇ ਵਾਲਾ ਚੌਕ ਪਾਸ ਪੁੱਜੇ ਤਾਂ ਇਕ ਨੌਜਵਾਨ ਸੁਨੀਲ ਕੁਮਾਰ ਸੋਨੂੰ ਪੁੱਤਰ ਸੁਰਿੰਦਰ ਕੁਮਾਰ ਵਾਸੀ ਗਲੀ ਨੰਬਰ 5 ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਾਵਧਾਨੀਆਂ ਰੱਖਣ ਨਾਲ ਮਲੇਰੀਏ ਤੋਂ ਬਚਿਆ ਜਾ ਸਕਦੈ : ਸਿਵਲ ਸਰਜਨ

## ਸਿਹਤ ਵਿਭਾਗ ਵੱਲੋਂ ਮਲੇਰੀਆ ਜਾਗਰੂਕਤਾ ਕੈਂਪ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਫਤਿਹਗੜ੍ਹ ਸਾਹਿਬ ਵੱਲੋਂ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਬਸੀ ਪਠਾਣਾਂ ਦੇ ਸਲੱਮ ਏਰੀਏ ਵਿੱਚ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਇਸ ਜਾਗਰੂਕਤਾ ਕੈਂਪ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਕੁਝ ਸਾਵਧਾਨੀਆਂ ਰੱਖਣ ਨਾਲ ਮਲੇਰੀਏ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾ ਦੱਸਿਆ ਕਿ ਮਲੇਰੀਆ, ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਜਾਂ ਰਾਤ ਨੂੰ ਕੱਟਦਾ ਹੈ। ਉਨ੍ਹਾਂ ਮਲੇਰੀਏ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਕਿ ਇਸ ਦੇ ਮੁੱਖ ਲੱਛਣ ਤੇਜ਼ ਬੁਖਾਰ, ਸਿਰ ਦਰਦ, ਕਾਂਬਾ ਲੱਗਣਾ, ਥਕਾਵਟ, ਕਮਜ਼ੋਰੀ ਤੇ ਪਸੀਨਾ ਆਉਣਾ ਆਦਿ ਹੁੰਦੇ ਹਨ।ਉਨ੍ਹਾ ਦੱਸਿਆ ਕਿ ਇਸ ਬਿਮਾਰੀ ਤੋਂ ਬਚਣ ਦਾ ਇੱਕੋ ਇੱਕ ਉਪਾਅ ਆਪਣੇ ਆਲੇ ਦੁਆਲੇ ਮੱਛਰ ਪੈਦਾ ਕਰਨ ਵਾਲੀਆਂ ਥਾਵਾਂ ਨੂੰ ਖਤਮ ਕੀਤਾ ਜਾਵੇ, ਪਾਣੀ ਨਾ ਖੜਨ ਦਿੱਤਾ ਜਾਵੇ, ਪਾਣੀ ਖੜਨ ਵਾਲੇ ਟੋਇਆਂ ਨੂੰ ਮਿੱਟੀ ਨਾਲ ਭਰ ਦਿੱਤਾ ਜਾਵੇ, ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਾਏ ਜਾਣ, ਰਾਤ ਨੂੰ ਸੌਣ ਵਾਲੇ ਮੱਛਰ ਭਜਾਉਣ ਵਾਲੀਆਂ ਕਰੀਮਾਂ, ਮੱਛਰ ਭੁਜਾਊ ਜੰਤਰਾਂ ਤੇ ਜਾਲੀਦਾਰ ਦਰਵਾਜ਼ਿਆਂ ਆਦਿ ਦੀ ਵਰਤੋਂ ਕੀਤੀ ਜਾਵੇ। ਜ਼ਿਲ੍ਹਾ ਐਪੀਡਿਮੋਲੋਜਿਸਟ ਡਾਕਟਰ ਗੁਰਪ੍ਰੀਤ ਕੌਰ ਨੇ ਇਸ ਮੌਕੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੁਖਾਰ ਹੋਣ ਦੀ ਸੂਰਤ ਵਿੱਚ ਨਜ਼ਦੀਕੀ ਸਿਹਤ ਸੰਸਥਾ ਵਿੱਚ ਜਾ ਕੇ ਖੂਨ ਦੀ ਜਾਂਚ ਕਰਾਉਣੀ ਚਾਹੀਦੀ ਹੈ। ਸਰਕਾਰੀ ਹਸਪਤਾਲਾਂ ਵਿੱਚ ਮਲੇਰੀਆ ਦੀ ਜਾਂਚ ਤੇ ਇਲਾਜ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਮਾਈਗਰੇਟੀ ਆਬਾਦੀ ਦਾ ਸਰਵੇ ਕੀਤਾ ਗਿਆ ਤੇ ਬੁਖਾਰ ਦੇ ਮਰੀਜ਼ਾਂ ਦੀਆਂ ਬਲੱਡ ਸਲਾਈਡਾਂ ਬਣਾ ਕੇ ਆਰ.ਡੀ.ਟੀ. ਕਿੱਟਾਂ ਰਾਹੀਂ ਮੌਕੇ 'ਤੇ ਜਾਂਚ ਕੀਤੀ ਗਈ ਅਤੇ ਸਾਰਿਆਂ ਨੂੰ ਜਾਗਰੂਕਤਾ ਸਮੱਗਰੀ ਵੀ ਵੰਡੀ ਗਈ ਤਾਂ ਜੋ ਮਲੇਰੀਆ ਦੀ ਰੋਕਥਾਮ ਕੀਤੀ ਜਾ ਸਕੇ।ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਸੱਤਿਆਪਾਲ, ਮਲਟੀਪਰਪਜ਼ ਹੈਲਥ ਵਰਕਰ ਬਲਜੀਤ ਸਿੰਘ, ਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੌਦਾਗਰ ਸਿੰਘ ਤੇ ਜਸਪਾਲ ਸਿੰਘ ਹਾਜ਼ਰ ਸਨ।

# ਸਟੱਡੀ ਸਰਕਲ ਵੱਲੋਂ ਗੁਰੂ ਨਾਨਕ ਮੋਦੀਖਾਨੇ ਦੀ ਸ਼ੁਰੂਆਤ ਭਲਕੇ

## ਕੋਈ ਵੀ ਸਾਮਾਨ ਕੇਵਲ 13 ਰੁਪਏ 'ਚ ਮਿਲੇਗਾ



**ਸੰਗਰੂਰ (ਪ੍ਰਵੀਨ ਸਿੰਘ)**-ਪ੍ਰਸਿੱਧ ਸਮਾਜ ਸੇਵੀ ਤੇ ਅੰਤਰਰਾਸ਼ਟਰੀ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੰਗਰੂਰ ਜ਼ੋਨ ਵੱਲੋਂ ਸੇਵਾ ਕਾਰਜਾਂ ਦੀ ਲੜੀ ਵਿੱਚ ਇੱਕ ਹੋਰ ਸੇਵਾ ਕਾਰਜ 'ਗੁਰੂ ਨਾਨਕ ਮੋਦੀਖਾਨੇ' ਦੀ ਸ਼ੁਰੂਆਤ ਭਲਕੇ ਤੋਂ ਕੀਤੀ ਜਾ ਰਹੀ ਹੈ।ਸਥਾਨਕ ਬੱਡਰੁਖਾਂ ਰੋਡ ਸਥਿਤ ਜ਼ੋਨਲ ਦਫ਼ਤਰ ਵਿਖੇ ਹੋ ਰਹੀ ਇਸ ਸੇਵਾ ਦੀ ਆਰੰਭਤਾ 15 ਜੂਨ ਨੂੰ ਹੋ ਰਹੀ ਹੈ।ਉਦਘਾਟਨੀ ਸਮਾਗਮ ਬਾਰੇ ਲਾਭ ਸਿੰਘ ਡਿਪਟੀ ਚੀਫ਼ ਆਰਗੇਨਾਈਜ਼ਰ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਸਕੱਤਰ ਦੀ ਨਿਗਰਾਨੀ ਹੇਠ ਹੋਈ ਤਿਆਰੀ ਮੀਟਿੰਗ ਵਿੱਚ ਜ਼ੋਨਲ ਸਕੱਤਰ ਕੁਲਵੰਤ ਸਿੰਘ ਨਾਗਰੀ ਨੇ ਦੱਸਿਆ ਕਿ ਇਸ ਮੌਕੇ ਸੰਤ ਬਾਬਾ ਬਲਜੀਤ ਸਿੰਘ ਫੱਕਰ, ਭਾਈ ਮਲਕੀਤ ਸਿੰਘ ਚੰਗਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ, ਜਸਵਿੰਦਰ ਸਿੰਘ ਪ੍ਰਿੰਸ ਮੁਖੀ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ, ਇੰਜ. ਸਰੂਪ ਸਿੰਘ, ਗੁਰਿੰਦਰ ਸਿੰਘ ਗੁਜਰਾਲ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚ ਰਹੇ ਹਨ।ਇਸ ਸੇਵਾ ਕਾਰਜ ਦੇ ਕੋਆਰਡੀਨੇਟਰ ਅਜਮੇਰ ਸਿੰਘ ਫਤਿਹਗੜ੍ਹ ਛੰਨਾ ਨੇ ਦੱਸਿਆ ਕਿ ਇਸ ਮੋਦੀਖਾਨੇ ਦੇ ਖੁੱਲ੍ਹਣ ਦਾ ਸਮਾਂ ਸ਼ਾਮ 4 ਵਜੇ ਤੋਂ 6 ਵਜੇ ਤੱਕ ਹੋਵੇਗਾ, ਜਿਸ ਵਿੱਚ ਫਿਲਹਾਲ ਲੋੜਵੰਦ ਤੇ ਗਰੀਬ ਬੇਸਹਾਰਿਆਂ ਵਾਸਤੇ ਕੱਪੜੇ ਦੇਣ ਦੀ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ।ਕੋਈ ਵੀ ਲੋੜਵੰਦ ਕੇਵਲ 13/- ਰੁਪਏ ਪ੍ਰਤੀ ਨਗ ਲੈ ਸਕਦਾ ਹੈ।ਇਸ ਮੌਕੇ ਪ੍ਰੋ. ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ ਖੇਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ ਅਤੇ ਡਾ. ਦਰਸ਼ਨ ਸਿੰਘ, ਨਛੱਤਰ ਸਿੰਘ ਜੱਸੀ ਹਾਜ਼ਰ ਸਨ।

# ਸੀਨੀਆਰਤਾ ਸੂਚੀ 'ਚੋਂ ਆਪਣਾ ਨਾਂਅ ਲੱਭਣਾ ਅਧਿਆਪਕਾਂ ਲਈ ਬਣਿਆ ਸਿਰਦਰਦੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਐਸ.ਐਸ.ਏ. ਦੀ ਵੈੱਬਸਾਈਟ ਤੇ ਬਾਰਡਰ ਏਰੀਆ ਸਮੇਤ ਮਾਸਟਰ ਕਾਡਰ ਦੀ ਜਿਹੜੀ ਸੀਨੀਆਰਤਾ ਸੂਚੀ ਅਪਲੋਡ ਕੀਤੀ ਗਈ ਹੈ, ਉਸਦੀ ਡਰਾਫਟਿੰਗ ਨਾ-ਪੜ੍ਹਨਯੋਗ ਹੋਣ ਕਰਕੇ ਅਧਿਆਪਕਾਂ ਨੂੰ ਸੂਚੀ 'ਚੋਂ ਆਪਣਾ ਨਾਂਅ ਲੱਭਣ ਵਿੱਚ ਅਨੇਕਾਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।ਡੈਮੋਕ੍ਰੇਟਿਕ ਟੀਚਰ ਫਰੰਟ ਦੇ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਬੀਤੀ 29 ਮਈ ਨੂੰ ਸਕੂਲ ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਤਿੰਨ ਮੁੱਖ ਭਾਗਾਂ ਵਿੱਚ ਅਪਲੋਡ ਕੀਤੀ ਗਈ ਹੈ।ਹਰ ਭਾਗ ਦੇ ਅੱਗੇ ਪੰਜ ਜਾਂ ਛੇ ਉਪ-ਭਾਗ ਬਣਾਏ ਗਏ ਹਨ।ਇਸ ਤਰ੍ਹਾਂ ਸਾਰੀ ਸੀਨੀਆਰਤਾ ਸੂਚੀ ਦੇ ਕੁੱਲ 17 ਉਪ ਭਾਗ ਤਿਆਰ ਕਰਕੇ ਐਸ.ਐਸ.ਏ ਦੀ ਵੈੱਬਸਾਈਟ ਤੇ ਅਪਲੋਡ ਕੀਤੇ ਗਏ ਹਨ।ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਤੇ ਜਥੇਬੰਦਕ ਸਕੱਤਰ ਪਵਨ ਕੁਮਾਰ ਨੇ ਕਿਹਾ ਆਮ ਅਧਿਆਪਕ ਪਹਿਲਾਂ ਤਾਂ ਸਾਰੇ ਦੇ ਸਾਰੇ ਉਪਭਾਗਾਂ ਨੂੰ ਡਾਊਨਲੋਡ ਕਰਨ 'ਤੇ ਆਪਣਾ ਸਮਾਂ ਖ਼ਰਾਬ ਕਰਦਾ ਹੈ ਅਤੇ ਅਖ਼ੀਰ ਵਿੱਚ ਜਦੋਂ ਆਪਣਾ ਨਾਂਅ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਦੀ ਸਾਰੀ ਕੋਸ਼ਿਸ਼ ਬੇਕਾਰ ਹੋ ਜਾਂਦੀ ਹੈ ਕਿਉਂਕਿ ਸੂਚੀ ਨਾ ਪੜ੍ਹਨਯੋਗ ਹੋਣ ਕਰਕੇ ਇਸ ਵਿੱਚੋਂ ਆਪਣਾ ਨਾਮ ਲੱਭਣਾ ਬਹੁਤ ਔਖਾ ਹੈ। ਆਪਣੀ ਜਨਮ ਮਿਤੀ ਅਤੇ ਸਕੂਲ ਦੇ ਨਾਮ ਤੇ ਵੀ ਸੂਚੀ ਵਿਚੋਂ ਅਧਿਆਪਕਾਂ ਨੂੰ ਆਪਣਾ ਨਾਂਅ ਨਹੀਂ ਲੱਭ ਰਿਹਾ।ਜਦੋਂ ਫਾਈਲ ਨੂੰ ਜ਼ੂਮ ਕੀਤਾ ਜਾਂਦਾ ਹੈ ਤਾਂ ਅੱਖਰ ਫਟ ਜਾਂਦੇ ਹਨ ਤਾਂ ਇਹ ਫਾਈਲ ਬਿਲਕੁਲ ਵੀ ਪੜ੍ਹਨਯੋਗ ਨਹੀਂ ਰਹਿੰਦੀ।ਇਸ ਤੋਂ ਵੀ ਅੱਗੇ ਭਾਗ ਪਹਿਲੇ ਦੇ ਉਪਭਾਗ ਇੱਕ ਦਾ ਆਖਰੀ ਪੰਨਾ ਨੰਬਰ 250 ਉਲਟਾ ਹੀ ਅਪਲੋਡ ਕਰ ਦਿੱਤਾ ਗਿਆ, ਜਿਸ ਤੋਂ ਸਪੱਸ਼ਟ ਹੈ ਕਿ ਸੂਚੀ ਤਿਆਰ ਤੇ ਅਪਲੋਡ ਕਰਨ ਵਾਲੇ ਕਰਮਚਾਰੀਆਂ ਨੇ ਵੱਲੋਂ ਕਿੰਨੀ ਅਣਗਹਿਲੀ ਵਰਤੀ ਹੈ।ਵਿਭਾਗ ਦੀ ਇਸ ਕੁਤਾਹੀ ਕਾਰਨ ਸਮੁੱਚੇ ਅਧਿਆਪਕ ਵਰਗ ਵਿੱਚ ਹਾਹਾਕਾਰ ਮੱਚੀ ਹੋਈ ਹੈ।ਵਿੱਤ ਸਕੱਤਰ ਯਾਦਵਿੰਦਰ ਪਾਲ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਘਟੀਆ ਪੱਧਰ ਦੀ ਸੂਚੀ ਅਪਲੋਡ ਕਰਕੇ ਵਿਭਾਗ ਦੇ ਜ਼ਿੰਮੇਵਾਰ ਅਧਿਕਾਰੀਆਂ ਨੇ ਸਿਰਫ਼ ਖਾਨਾਪੂਰਤੀ ਹੀ ਕੀਤੀ ਹੈ।

ਆਗੂਆਂ ਨੇ ਸਿੱਖਿਆ ਅਧਿਕਾਰੀਆਂ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਪਲੋਡ ਕੀਤੀਆਂ ਗਈਆਂ ਪੀ.ਡੀ.ਐਫ. ਫਾਈਲਾਂ ਘੱਟੋ ਘੱਟ ਸ਼ੁੱਧ, ਸਾਫ਼ ਤੇ ਪੜ੍ਹਨਯੋਗ ਹੋਣੀਆਂ ਚਾਹੀਦੀਆਂ ਹਨ।ਇਸ ਲਈ ਇਹ ਫਾਈਲਾਂ ਵੈੱਬਸਾਈਟ ਤੋਂ ਹਟਾ ਕੇ ਸ਼ੁੱਧ ਤੇ ਸਪਸ਼ਟ ਲਿਖਤ (ਕੰਪਿਊਟਰ ਟਾਈਪਿੰਗ) ਵਾਲੀ ਸੂਚੀ ਵਿੱਚ ਅਪਲੋਡ ਕੀਤੀਆਂ ਜਾਣ।ਉਨ੍ਹਾਂ ਮੰਗ ਕੀਤੀ ਕਿ ਸੀਨੀਆਰਤਾ ਸੂਚੀ ਸਿਰਫ਼ ਇੱਕੋ-ਇੱਕ ਪੀ.ਡੀ.ਐਫ. ਫਾਈਲ ਵਿਚ ਹੀ ਅਪਲੋਡ ਕੀਤੀ ਜਾਵੇ।ਉਨ੍ਹਾਂ ਅਫ਼ਸੋਸ ਜ਼ਾਹਰ ਕੀਤਾ ਕਿ ਸੂਚੀ ਤਿਆਰ ਕਰਨ ਸਮੇਂ ਸਬੰਧਤ ਅਧਿਕਾਰੀਆਂ ਵੱਲੋਂ ਅਣਗਹਿਲੀ ਕੀਤੀ ਗਈ ਹੈ, ਜਿਸ ਕਾਰਨ ਅਧਿਆਪਕ ਵਰਗ ਵਿੱਚ ਰੋਸ ਪਾਇਆ ਜਾ ਰਿਹਾ ਹੈ।

# ਧਰਤੀ ਹੇਠਲੇ ਪਾਣੀ ਨੂੰ ਬਚਾਉਣ 'ਚ ਭੂਮਿਕਾ ਅਦਾ ਕਰੇਗਾ ਨਹਿਰੀ ਪਾਣੀ ਪ੍ਰੋਜੈਕਟ : ਰੁਪਿੰਦਰ ਹੈਪੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜਦੋਂ ਤੋਂ ਸੂਬੇ ਅੰਦਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਕਿਸਾਨਾਂ ਦੇ ਹਿੱਤਾਂ ਵਿੱਚ ਇਤਿਹਾਸਕ ਫ਼ੈਸਲੇ ਲਏ ਜਾ ਰਹੇ ਹਨ ਤੇ ਹੁਣ ਸਰਕਾਰ ਵੱਲੋਂ ਖੇਤੀਬਾੜੀ ਲਈ ਨਹਿਰੀ ਪਾਣੀ ਮੁਹੱਈਆ ਕਰਾਉਣ ਦੀ ਯੋਜਨਾ ਇੱਕ ਅਜਿਹੀ ਅਹਿਮ ਯੋਜਨਾ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸੰਘੋਲ ਵਿਖੇ ਆਯੋਜਤ ਕੀਤੇ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਤੇ ਪ੍ਰਦਰਸ਼ਨੀਆਂ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨੀ ਨੂੰ ਹੋਰ ਖੁਸ਼ਹਾਲ ਬਣਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਖੇਤੀ ਲਈ ਨਿਰਵਿਘਨ ਬਿਜਲੀ ਸਪਲਾਈ, ਖਾਲਾਂ, ਨਾਲਿਆਂ ਤੇ ਸੂਇਆਂ ਰਾਹੀਂ ਨਹਿਰੀ ਪਾਣੀ ਦੇਣਾ ਆਦਿ ਪ੍ਰਮੁੱਖ ਹਨ।

ਵਿਧਾਇਕ ਨੇ ਕਿਹਾ ਕਿ ਪੌਣ, ਪਾਣੀ ਤੇ ਜ਼ਮੀਨ ਕੁਦਰਤ ਦੇ ਉਹ ਅਨਮੋਲ ਕੁਦਰਤੀ ਸਰੋਤ ਹਨ, ਜਿਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਸਾਡੇ ਧਾਰਮਿਕ ਗ੍ਰੰਥਾਂ ਵਿੱਚ ਪੌਣ, ਪਾਣੀ ਤੇ ਧਰਤੀ ਨੂੰ ਉਚਤਮ ਦਰਜਾ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਬਚਾਉਣਾ ਸਾਡੀ ਸਾਰਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਤੇ ਬੇਲੋੜੀਆਂ ਮੋਟਰਾਂ ਚਲਾਉਣ ਤੋਂ ਗੁਰੇਜ਼ ਕਰਨ।ਉਨ੍ਹਾਂ ਕਿਸਾਨਾਂ ਨੂੰ ਖੇਤੀਬਾੜੀ ਦੇ ਸਹਾਇਕ ਧੰਦੇ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ।ਵਿਧਾਇਕ ਹੈਪੀ ਨੇ ਕਿਸਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦਿਨੋ-ਦਿਨ ਵਧ ਰਹੇ ਵਾਤਾਵਰਣ ਪ੍ਰਦੂਸ਼ਣ ਗੰਭੀਰ ਸਮੱਸਿਆ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ ਅਤੇ ਸਾਡੀ ਇਹ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਵਾਤਾਵਰਣ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਅੱਗੇ ਆ ਕੇ ਲੋਕ ਲਹਿਰ ਸ਼ੁਰੂ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸਾਡੇ ਬੱਚੇ ਖੇਤੀਬਾੜੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ, ਜਿਸ ਨੂੰ ਰੋਕਣ ਲਈ ਜਿਥੇ ਸਰਕਾਰ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਖੇਤੀ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ। ਉਨ੍ਹਾਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਕੂਲ ਪੱਧਰ ਤੇ ਵਿਦਿਆਰਥੀਆਂ ਨੂੰ ਖੇਤੀ ਬਾਰੇ ਜਾਗਰੂਕ ਕਰਨ ਲਈ ਪ੍ਰੋਗਰਾਮ ਉਲੀਕੇ ਜਾਣ ਤਾਂ ਜੁ ਖੇਤੀ ਨੂੰ ਹੋਰ ਵਧੇਰੇ ਮਜਬੂਤ ਕੀਤਾ ਜਾ ਸਕੇ।ਉਨ੍ਹਾਂ ਇਹ ਐਲਾਨ ਕੀਤਾ ਕਿ ਬਸੀ ਪਠਾਣਾ ਤੇ ਖਮਾਣੋਂ ਵਿਖੇ ਬਲਾਕ ਖੇਤੀਬਾੜੀ ਦਫ਼ਤਰ ਛੇਤੀ ਹੀ ਬਣਾਏ ਜਾਣਗੇ।ਸਮਾਗਮ ਵਿੱਚ ਵਾਤਾਵਰਣ ਨੂੰ ਬਚਾਉਣ 'ਚ ਅਹਿਮ ਯੋਗਦਾਨ ਪਾਉਣ ਵਾਲੇ 39 ਅਗਾਂਹਵਧੂ ਕਿਸਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਵਿਧਾਇਕ ਹੈਪੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਲਾਈਆਂ ਪ੍ਰਦਰਸ਼ਨੀਆਂ ਦਾ ਜਾਇਜ਼ਾ ਵੀ ਲਿਆ।ਐੱਸ ਡੀ ਐਮ ਖਮਾਣੋਂ ਸ੍ਰੀਮਤੀ ਮਨਰੀਤ ਰਾਣਾ ਨੇ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਤੇ ਹੋਰ ਖਾਦਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਵਰਤੋਂ ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

# ਸਵੀਡਨ ਦਾ ਜਾਲ੍ਹੀ ਵੀਜ਼ਾ ਤੇ ਟਿਕਟ ਦੇ ਕੇ ਮਾਰੀ 10 ਲੱਖ ਦੀ ਠੱਗੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਵਿਖੇ ਨੌਜਵਾਨ ਨੂੰ ਵਿਦੇਸ਼ ਸਵੀਡਨ ਭੇਜਣ ਦਾ ਜਾਲ੍ਹੀ ਵੀਜ਼ਾ ਤੇ ਜਾਲ੍ਹੀ ਟਿਕਟ ਦੇ ਕੇ ਉਸ ਨਾਲ 3 ਲੋਕਾਂ ਵੱਲੋਂ 10 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਸਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਉਕਤ ਤਿੰਨ ਲੋਕਾਂ ਖਿਲਾਫ 420, 465, 467, 468, 471, 120-ਬੀ ਆਈਪੀਸੀ 13 ਪੰਜਾਬ ਪਰਵੈਨਸ਼ਨ ਆਫ ਹੁਮੈਨ ਸਮੱਗਲਿੰਗ ਐਕਟ 2012 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਉੱਪ-ਕਪਤਾਨ ਪੁਲਸ (ਦਿਹਾਤੀ) ਰਾਜੇਸ਼ ਕੁਮਾਰ ਨੇ ਦੱਸਿਆ ਕਿ ਦਰਖਾਸਤ ਨੰਬਰ 2714 ਸਪੈਸ਼ਲ ਪੀਸੀ ਰਾਹੀਂ ਲਵਪ੍ਰੀਤ ਸਿੰਘ ਪੁੱਤਰ ਸ਼ਿਵਜੀਤ ਸਿੰਘ ਵਾਸੀ ਪਿੰਡ ਹਰਾਜ ਨੇ ਦੱਸਿਆ ਕਿ ਦੋਸ਼ੀਆਨ ਡਾ. ਗੁਰਕੀਰਤ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਹਰਗੋਬਿੰਦ ਨਗਰ ਪਟਿਆਲਾ, ਹਰਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਲੰਗ ਭਾਦਸੋਂ ਰੋਡ ਪਟਿਆਲਾ ਤੇ ਏਜੰਟ ਗੁਰਦੀਪ ਸਿੰਘ ਵਾਸੀ ਹਿਸਾਰ ਦਾ ਪਟਿਆਲਾ ਵਿਖੇ ਸ੍ਰੀ ਤੇਗ ਕੰਨਸਲਟੈਂਨਸ ਇਮੀਗ੍ਰੇਸ਼ਨ ਸੈਂਟਰ ਹੈ, ਜਿਨ੍ਹਾਂ ਨੇ ਉਸ ਨੂੰ ਵਿਦੇਸ਼ ਸਵੀਡਨ ਭੇਜਣ ਦਾ ਜਾਲ੍ਹੀ ਵੀਜ਼ਾ ਤੇ ਜਾਲ੍ਹੀ ਟਿਕਟਾਂ ਦੇ ਕੇ ਉਸ ਨਾਲ 10 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਜਾਂਚਕਰਤਾ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਜਲੰਧਰ ਪੱਛਮੀ ਜ਼ਿਮਨੀ ਚੋਣ

# ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਸਿਆਸੀ ਪਾਰਟੀਆਂ ਨਾਲ ਮੀਟਿੰਗ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਵਿਧਾਨ ਸਭਾ ਹਲਕਾ 34-ਜਲੰਧਰ ਪੱਛਮੀ (ਅ.ਜ.) ਦੀ ਜਿਮਨੀ ਚੋਣ ਦੇ ਮੱਦੇਨਜ਼ਰ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਮੇਜਰ ਡਾ. ਅਮਿਤ ਮਹਾਜਨ ਨੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਲਖਵਿੰਦਰ ਸਿੰਘ ਰੰਧਾਵਾ, ਰਿਟਰਨਿੰਗ ਅਫ਼ਸਰ ਅਲਕਾ ਕਾਲੀਆ ਸਮੇਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਜਲੰਧਰ ਪੱਛਮੀ ਹਲਕੇ ਦੀ ਜਿਮਨੀ ਚੋਣ ਆਜ਼ਾਦ, ਨਿਰਪੱਖ ਤੇ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਦੱਸਿਆ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਲਈ ਗਜ਼ਟ ਨੋਟੀਫਿਕੇਸ਼ਨ 14 ਜੂਨ ਨੂੰ ਜਾਰੀ ਕੀਤਾ ਜਾਵੇਗਾ ਅਤੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖਰੀ ਮਿਤੀ 21 ਜੂਨ ਹੈ।ਨਾਮਜ਼ਦਗੀ ਪੱਤਰਾਂ ਦੀ ਪੜਤਾਲ 24 ਜੂਨ ਨੂੰ ਕੀਤੀ ਜਾਵੇਗੀ।ਜਦਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 26 ਜੂਨ ਹੈ।ਉਨ੍ਹਾਂ ਅੱਗੇ ਦੱਸਿਆ ਕਿ ਜਿਮਨੀ ਚੋਣ ਲਈ ਵੋਟਾਂ 10 ਜੁਲਾਈ ਨੂੰ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਜਿਮਨੀ ਚੋਣ ਲਈ ਜਲੰਧਰ ਪੱਛਮੀ ਹਲਕੇ ਵਿੱਚ ਚੋਣ ਜ਼ਾਬਤਾ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ ਅਤੇ 15 ਜੁਲਾਈ ਤੱਕ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।ਉਨ੍ਹਾਂ ਅੱਗੇ ਦੱਸਿਆ ਕਿ ਉਮੀਦਵਾਰਾਂ ਤੋਂ ਨਾਮਜ਼ਦਗੀ ਪੱਤਰ ਸਥਾਨਕ ਪੁੱਡਾ ਦਫ਼ਤਰ ਦੀ ਜ਼ਮੀਨੀ ਮੰਜ਼ਿਲ 'ਤੇ ਸਥਿਤ ਏ.ਸੀ.ਏ. ਦਫ਼ਤਰ ਵਿੱਚ ਪ੍ਰਾਪਤ ਕੀਤੇ ਜਾਣਗੇ।ਵਧੀਕ ਡਿਪਟੀ ਕਮਿਸ਼ਨਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਜਾਬਤੇ ਦੀਆਂ ਹਦਾਇਤਾਂ/ਨਿਯਮਾਂ ਤੋਂ ਜਾਣੂ ਕਰਵਾਉਂਦਿਆਂ ਜਿਮਨੀ ਚੋਣ ਸਫ਼ਲਤਾਪੂਰਵਕ ਸਿਰੇ ਚਾੜ੍ਹਨ ਲਈ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਜਿਮਨੀ ਚੋਣ ਦੌਰਾਨ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਨੂੰ ਰੈਲੀਆਂ/ ਮੀਟਿੰਗਾਂ/ਜਲੂਸ, ਲਾਊਡ ਸਪੀਕਰਾਂ ਆਦਿ ਦੀ ਵਰਤੋਂ ਲਈ ਪ੍ਰਵਾਨਗੀ ਲੈਣਾ ਜ਼ਰੂਰੀ ਹੈ। ਬਿਨਾਂ ਮਨਜ਼ੂਰੀ ਦੇ ਕੋਈ ਵੀ ਸਿਆਸੀ ਇਕੱਠ/ਰੈਲੀ, ਲਾਊਡਸਪੀਕਰ ਆਦਿ ਦੀ ਵਰਤੋਂ ਕਰਨ 'ਤੇ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਵਾਨਗੀਆਂ ਵਿੱਚ ਜਿਮਨੀ ਚੋਣ ਦੌਰਾਨ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਰੈਲੀਆਂ, ਸਮਾਗਮਾਂ, ਚੋਣ ਦਫ਼ਤਰ ਸਥਾਪਤ ਕਰਨ, ਮੀਟਿੰਗਾਂ ਕਰਨ, ਲਾਊਡ ਸਪੀਕਰਾਂ, ਵਾਹਨਾਂ, ਵੀਡੀਓ ਵੈਨਾਂ, ਹੈਲੀਕਾਪਟਰਾਂ ਦੀ ਵਰਤੋਂ ਆਦਿ ਸੰਬੰਧੀ ਮਨਜ਼ੂਰੀਆਂ ਸ਼ਾਮਲ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਜ਼ਮੀਨੀ ਮੰਜ਼ਿਲ 'ਤੇ ਕਮਰਾ ਨੰ. 22 ਵਿੱਚ 'ਪ੍ਰਵਾਨਗੀ ਸੈੱਲ' ਸਥਾਪਤ ਕਰਨ ਤੋਂ ਇਲਾਵਾ ਵਿਧਾਨ ਸਭਾ ਹਲਕਾ ਪੱਧਰ 'ਤੇ ਸਥਾਨਕ ਖਾਲਸਾ ਕਾਲਜ ਫਾਰ ਵੂਮੈਨ ਕੈਂਟ ਰੋਡ ਦੇ ਕਾਊਂਸਲਿੰਗ ਰੂਮ ਵਿੱਚ ਪ੍ਰਵਾਨਗੀ ਸੈੱਲ ਬਣਾਇਆ ਗਿਆ ਹੈ, ਜਿਥੇ ਸਿਆਸੀ ਪਾਰਟੀਆਂ ਅਤੇ ਉਮੀਦਵਾਰ ਪ੍ਰਵਾਨਗੀਆਂ ਲਈ ਅਪਲਾਈ ਕਰ ਸਕਦੇ ਹਨ । ਉਨ੍ਹਾਂ ਅੱਗੇ ਦੱਸਿਆ ਕਿ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਲਈ ਆਪਣੀ ਚੋਣ ਮੁਹਿੰਮ ਲਈ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਰਾਹੀਂ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ ਸਬੰਧੀ ਸਮੱਗਰੀ ਦੀ ਪ੍ਰੀ ਸਰਟੀਫਿਕੇਸ਼ਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 14-ਏ ਵਿਖੇ ਸਥਾਪਤ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਅਤੇ ਮੌਨੀਟਰਿੰਗ ਕਮੇਟੀ ਤੋਂ ਕਰਵਾਉਣੀ ਲਾਜ਼ਮੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਵਾਨਗੀ ਲਈ ਆਨਲਾਈਨ ਅਤੇ ਆਫਲਾਈਨ ਅਰਜ਼ੀਆਂ ਕ੍ਰਮਵਾਰ 48 ਘੰਟੇ ਅਤੇ 24 ਘੰਟੇ ਤੋਂ ਪਹਿਲਾਂ ਜਮ੍ਹਾ ਕਰਵਾਉਣੀਆਂ ਜ਼ਰੂਰੀ ਹਨ।। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਨੇ ਉਮੀਦਵਾਰਾਂ ਵੱਲੋਂ ਚੋਣ ਖਰਚੇ ਦੀ ਸੀਮਾ 40 ਲੱਖ ਰੁਪਏ ਤੱਕ ਨਿਰਧਾਰਿਤ ਕੀਤੀ ਹੈ। ਇਸ ਤੋਂ ਇਲਾਵਾ ਨਫ਼ਰਤੀ ਭਾਸ਼ਣ/ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ/ਭ੍ਰਿਸ਼ਟ ਕਾਰਵਾਈਆਂ ਆਦਿ ਖਿਲਾਫ਼ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਚੋਣ ਪ੍ਰਚਾਰ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਨਾ ਕਰਨ ਦੀ ਅਪੀਲ ਵੀ ਕੀਤੀ। । ਮੀਟਿੰਗ ਵਿੱਚ ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ ।

# ਭਾਰਤੀ ਫੌਜ 'ਚ ਲੈਫਟੀਨੈਂਟ ਬਣੇ ਆਦਿਤੀਆ ਬਰਮੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੰਡੀਅਨ ਮਿਲਟਰੀ ਅਕੈਡਮੀ ਦੇਹਰਾਦੂਨ ਤੋਂ ਪਾਸ ਆਊਟ ਹੋ ਕੇ ਭਾਰਤੀ ਫੌਜ ਵਿੱਚ ਲੈਫਟੀਨੈਂਟ ਬਣੇ ਹੁਸ਼ਿਆਰਪੁਰ ਦੇ ਮੁਹੱਲਾ ਹੀਰਾ ਕਲੋਨੀ ਨਜ਼ਦੀਕ ਸੁਖਦੇਵ ਨਗਰ ਦੇ ਸਰਬਜੀਤ ਸਿੰਘ ਬਰਮੀ ਅਤੇ ਅੰਜੂ ਡੋਗਰਾ ਬਰਮੀ ਦੇ ਹੋਣਹਾਰ ਪੁੱਤਰ ਆਦਿਤੀਆ ਬਰਮੀ ਦਾ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਦੇ ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੀ ਅਗਵਾਈ ਹੇਠ ਸਨਮਾਨਤ ਕੀਤਾ ਗਿਆ। ਇਸ ਮੌਕੇ ਅਰਗੇਨਾਈਜ਼ੇਸ਼ਨ ਵੱਲੋਂ ਗੁਰਦੇਵ ਸਿੰਘ ਪਵਾਰ ਜਨਰਲ ਸਕੱਤਰ ਇੰਡੀਆ, ਗੁਰਬਿੰਦਰ ਸਿੰਘ ਪਲਾਹਾ ਪ੍ਰੈਸ ਸਕੱਤਰ ਇੰਡੀਆ, ਜਗਦੀਪ ਸਿੰਘ ਸੀਹਰਾ ਮੀਤ ਪ੍ਰਧਾਨ ਇੰਡੀਆ, ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ, ਜਸਵੰਤ ਸਿੰਘ ਭੋਗਲ ਵਾਈਸ ਚੇਅਰਮੈਨ ਪੰਜਾਬ ਵੀ ਹਾਜ਼ਰ ਸਨ। ਇਸ ਮੌਕੇ ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ ਨੇ ਕਿਹਾ ਕਿ ਸਰਬਜੀਤ ਸਿੰਘ ਬਰਮੀ ਅਤੇ ਅੰਜੂ ਡੋਗਰਾ ਬਰਮੀ ਦੇ ਹੋਣਹਾਰ ਪੁੱਤਰ ਆਦਿਤੀਆ ਬਰਮੀ ਦੀ ਇਸ ਮਹਾਨ ਪ੍ਰਾਪਤੀ ਨਾਲ ਰਾਮਗੜ੍ਹੀਆ ਕੌਮ ਦੀ ਸ਼ਾਨ ਨੂੰ ਚਾਰ ਚੰਨ ਲੱਗੇ ਹਨ। ਇਸ ਨੌਜਵਾਨ ਨੇ ਸਖ਼ਤ ਮਿਹਨਤ ਨਾਲ ਉੱਚਾ ਮੁਕਾਮ ਹਾਸਲ ਕਰਕੇ ਦੇਸ਼ ਦੇ ਹੋਰਨਾਂ ਨੌਜਵਾਨਾਂ ਨੂੰ ਰਾਹ ਦਿਖਾਇਆ ਹੈ ਕਿ ਦੇਸ਼ ਵਿੱਚ ਰਹਿ ਕੇ ਵੀ ਸਖ਼ਤ ਮਿਹਨਤ ਦੇ ਬਲਬੂਤੇ ਆਪਣਾ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ ਜਾ ਸਕਦਾ ਹੈ। ਇਸ ਮੌਕੇ ਅਦਿਤੀਆ ਦੇ ਮਾਤਾ ਪਿਤਾ ਅਤੇ ਇੰਡੀਅਨ ਏਅਰ ਫੋਰਸ ਲਈ ਤਿਆਰੀ ਕਰ ਰਹੀ ਛੋਟੀ ਭੈਣ ਸਮ੍ਰਿਧੀ ਬਰਮੀ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਅਦਿਤੀਆ ਦੇ ਭੂਆ ਅੰਜਨਾ, ਫੁਫੜ ਦਵਿੰਦਰ ਸਿੰਘ, ਪੰਡਿਤ ਅਮਰਨਾਥ ਵੀ ਹਾਜ਼ਰ ਸਨ।

# 4070 ਤੋਂ ਵੱਧ ਹਨੇਰੀ ਜ਼ਿੰਦਗੀ ਜੀਅ ਰਹੇ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕੀਤੀ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟ ਸੁਸਾਇਟੀ ਦੀ ਵਿਸ਼ੇਸ਼ ਬੈਠਕ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਸ੍ਰੀ ਵੈਸ਼ਨੋ ਧਾਮ ਮੰਦਰ, ਭਰਵਾਈਂ ਰੋਡ, ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿੱਚ ਜੇ.ਬੀ.ਬ਼ਹਿਲ ਚੇਅਰਮੈਨ ਅਤੇ ਹਿਮਾਂਸ਼ੂ ਭਨੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬੈਠਕ ਦੌਰਾਨ ਹਰਕ੍ਰਿਤੀ ਭਨੋਟ ਜੋ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਲਪੁਰ ਤੋਂ ਰਿਟਾਇਰਡ ਹਨ, ਨੇ ਰੋਟਰੀ ਆਈ ਬੈਂਕ ਦੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਬੇਟੇ ਹਿਮਾਂਸ਼ੂ ਭਨੋਟ ਦੁਆਰਾ 20,000 ਰੁਪਏ ਦੀ ਦਾਨ ਰਾਸ਼ੀ ਦਾ ਚੈਕ ਭੇਟ ਕੀਤਾ।ਇਸ ਮੌਕੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਅਤੇ ਚੇਅਰਮੈਨ ਜੇ.ਬੀ.ਬ਼ਹਿਲ ਨੇ ਦਾਨ ਰਾਸ਼ੀ ਪ੍ਰਾਪਤ ਕਰਦੇ ਹੋਏ ਉਨ੍ਹਾਂ ਨੂੰ ਨੇਤਰਦਾਨ ਅਤੇ ਮਰਨ ਤੋਂ ਬਾਅਦ ਨੇਤਰਦਾਨ ਕਰਨ ਦੀ ਪ੍ਰਕਿਰਿਆ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਸੁਸਾਇਟੀ ਵਲੋਂ ਹੁਣ ਤਕ 4070 ਤੋਂ ਵੱਧ ਕੋਰਨੀਆ ਬਲਾਇੰਡਨੈਸ ਲੋਕਾਂ ਨੂੰ ਇਕ-ਇਕ ਅੱਖ ਪਾ ਕੇ ਰੋਸ਼ਨੀ ਪ੍ਰਦਾਨ ਕੀਤੀ ਜਾ ਚੁੱਕੀ ਹੈ ਕਿਉਂਕਿ ਇਕ ਵਿਅਕਤੀ ਦੁਆਰਾ ਦਾਨ ਕੀਤੀਆਂ ਗਈਆਂ ਅੱਖਾਂ ਨਾਲ ਦੋ ਲੋਕਾਂ ਦੀਆਂ ਹਨੇਰੀਆਂ ਜ਼ਿੰਦਗੀਆਂ ਨੂੰ ਰੌਸ਼ਨ ਕੀਤਾ ਜਾਂਦਾ ਹੈ ਅਤੇ ਅਰੋੜਾ ਨੇ ਦੱਸਿਆ ਕਿ ਨੇਤਰਦਾਨੀ ਪਰਵਾਰ ਨੂੰ ਸੁਸਾਇਟੀ ਵਲੋਂ ਉਨ੍ਹਾਂ ਦੇ ਭੋਗ ਅਤੇ ਕਿਰਿਆ 'ਤੇ ਸਨਮਾਨਤ ਵੀ ਕੀਤਾ ਜਾਂਦਾ ਹੈ ਤਾਂ ਕਿ ਦੂਜੇ ਲੋਕਾਂ ਨੂੰ ਵੀ ਨੇਤਰਦਾਨ ਸੰਬੰਧੀ ਪ੍ਰੇਰਨਾ ਮਿਲ ਸਕੇ।ਇਸ ਮੌਕੇ ਦਾਨ ਰਾਸ਼ੀ ਭੇਟ ਕਰਦੇ ਹੋਏ ਹਿਮਾਂਸ਼ੂ ਭਨੋਟ ਨੇ ਸੁਸਾਇਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅੰਨ੍ਹੇਪਣ ਨਾਲ ਜੂਝ ਰਹੇ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰਨ ਦੇ ਲਈ ਸੁਸਾਇਟੀ ਦੇ ਮੈਂਬਰ ਬਿਨਾਂ ਕਿਸੇ ਲਾਲਚ ਦੇ ਸੇਵਾ ਕਾਰਜਾਂ ਵਿੱਚ ਲੱਗੇ ਹੋਏ ਹਨ ਜਿਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ, ਘੱਟ ਹੈ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਉਹ ਇਸ ਨੇਕ ਕਾਰਜ ਦੇ ਲਈ ਸੁਸਾਇਟੀ ਨੂੰ ਪੂਰਨ ਸਹਿਯੋਗ ਪ੍ਰਦਾਨ ਕਰਦੇ ਰਹਿਣਗੇ। ਇਸ ਮੌਕੇ ਮੀਨਾ ਭਨੋਟ, ਕੁਲਦੀਪ ਰਾਏ ਗੁਪਤਾ, ਵੀਨਾ ਚੋਪੜਾ, ਰਵੀ ਓਹਰੀ, ਤਮੰਨਾ ਬਾਬੂ ਅਤੇ ਹੋਰ ਮੌਜੂਦ ਸਨ।

# ਭਾਜਪਾ ਦੀ ਸਰਕਾਰ ਬਣਨ 'ਤੇ ਆਦਮਪੁਰ 'ਚ ਲੱਡੂ ਵੰਡੇ

**ਆਦਮਪੁਰ (ਪਰਮਜੀਤ ਸਿੰਘ)**:-ਭਾਰਤੀ ਜਨਤਾ ਪਾਰਟੀ ਮੰਡਲ ਆਦਮਪੁਰ ਵਲੋਂ ਮੰਡਲ ਪ੍ਰਧਾਨ ਰਾਜੀਵ ਸਿੰਗਲਾ ਦੀ ਅਗਵਾਈ ਹੇਠ



ਇਕ ਵਾਰ ਫਿਰ ਮੋਦੀ ਸਰਕਾਰ ਵੱਲੋਂ ਕਾਰਜਭਾਰ ਸ਼ੁਰੂ ਕਰਨ ਤੇ ਲੱਡੂ ਵੰਡ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਇਸ ਸੰਬੰਧੀ ਮੋਦੀ ਸਰਕਾਰ ਦੇ ਗਠਨ ਤੇ ਸਭਨਾਂ ਨੂੰ ਵਧਾਈ ਦਿੰਦਿਆਂ ਰਾਜੀਵ ਸਿੰਗਲਾ, ਮਹਿਲਾ ਮੋਰਚਾ ਜ਼ਿਲ੍ਹਾ ਪ੍ਰਧਾਨ ਰੁਬਿਤਾ ਨੇ ਕਿਹਾ ਕਿ ਦੇਸ਼ ਅੰਦਰ ਲੋਕਾਂ ਨੇ ਤੀਜੀ ਵਾਰ ਨਰਿੰਦਰ ਮੋਦੀ ਦੀਆਂ ਵਿਕਾਸ ਅਤੇ ਦੇਸ਼ ਨੂੰ ਅਗਾਂਹ ਵਧਾਉਣ ਦੀਆਂ ਨੀਤੀਆਂ ਤੇ ਮੋਹਰ ਲਗਾਈ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਤੀਜੇ ਕਾਰਜਕਾਲ ਦੀ ਸ਼ੁਰੂਆਤ ਕਰਦਿਆਂ ਹੀ ਗਰੀਬ ਤੇ ਜਰੂਰਤ ਮੰਦ ਲੋਕਾਂ ਦੇ ਘਰ ਦੇ ਸੁਪਨੇ ਨੂੰ ਸਾਕਾਰ ਕਰਦਿਆਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਦੇਸ਼ ਵਿੱਚ ਤਿੰਨ (3) ਕਰੋੜ ਹੋਰ ਲੋਕਾਂ ਨੂੰ ਘਰ ਬਣਾ ਕੇ ਦੇਣ ਦੀ ਸ਼ੁਰੂਆਤ ਕਰ ਦਿੱਤੀਆਂ ਹੈ ਉਨ੍ਹਾਂ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਮੰਤਰੀ ਮੰਡਲ ਅੰਦਰ ਪੰਜਾਬ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਵਿੱਚ ਰੱਖਦਿਆਂ ਰਵਨੀਤ ਸਿੰਘ ਬਿੱਟੂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨ 'ਤੇ ਵੀ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਹੁਣ ਬਿੱਟੂ ਵੀ ਕੇਂਦਰ ਵਿੱਚ ਪੰਜਾਬ ਦੀਆਂ ਸਮਸਿਆਵਾਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਸਰਕਾਰ ਸਾਹਮਣੇ ਰੱਖਦਿਆਂ ਪੰਜਾਬ ਨੂੰ ਹਰ ਖੇਤਰ ਅੰਦਰ ਅੱਗੇ ਵਧਾਉਣ ਵਿਚ ਪੂਰਾ ਯੋਗਦਾਨ ਪਾਉਣਗੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਰੀਸ਼ ਚੰਦਰ, ਮਹਿਲਾ ਮੋਰਚਾ ਮੰਡਲ ਪ੍ਰਧਾਨ ਪੂਨਮ, ਯੂਥ ਆਗੂ ਹਨੀ ਭੱਟੀ, ਨਰਿੰਦਰ ਕੁੱਕੂ, ਦਿਨੇਸ਼ ਗਾਂਧੀ,ਅਮਿਤ ਭੱਲਾ, ਵਰਿੰਦਰ ਕੁਮਾਰ, ਸਿਮਰਨ,ਦਿਨਕ ਸਿੰਗਲਾ, ਪਰਮਜੀਤ ਕੌਰ ਅਤੇ ਹੋਰ ਹਾਜ਼ਰ ਸਨ।

# ਰਿਆਤ-ਬਾਹਰਾ 'ਵਰਸਿਟੀ 'ਚ ਰਿਸਰਚ ਤੇ ਇਨੋਵੇਸ਼ਨ 'ਤੇ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ



**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਸਾਇੰਸਿਜ਼ ਵੱਲੋਂ ਰਿਸਰਚ ਅਤੇ ਇਨੋਵੇਸ਼ਨ 'ਤੇ ਆਯੋਜਿਤ ਦੋ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਬੁੱਧਵਾਰ ਇੱਥੇ ਸਮਾਪਨ ਹੋ ਗਿਆ,ਜਿਸ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਯੂ ਐਸ ਐਸ ਦੇ ਡੀਨ ਪ੍ਰੋ ਮਨੋਜ ਬਾਲੀ ਨੇ ਸਾਰੇ ਭਾਗੀਦਾਰਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਐਫ ਡੀ ਪੀ ਦੀ ਮਹੱਤਤਾ ਨੂੰ ਉਜਾਗਰ ਕੀਤਾ।ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਅੱਜ ਦੇ ਸਮਾਜ ਵਿੱਚ ਆਈ.ਪੀ.ਆਰ. ਦੀ ਲੋੜ ਬਾਰੇ ਦੱਸਿਆ। ਉਨ੍ਹਾਂ ਫੈਕਲਟੀ ਨੂੰ ਰਿਸਰਚ ਅਤੇ ਇਨੋਵੇਸ਼ਨ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਪਹਿਲੇ ਦਿਨ ਪ੍ਰੋ ਰਮਨ ਨੇ ਆਈ.ਪੀ.ਆਰ.-ਪੇਟੈਂਟ ਫਾਈਲਿੰਗ 'ਤੇ ਮਾਹਰ ਭਾਸ਼ਣ ਦਿੱਤਾ, ਜਿਨ੍ਹਾਂ ਨੇ ਭਾਗੀਦਾਰਾਂ ਨੂੰ ਬੌਧਿਕ ਵਿਸ਼ੇਸ਼ਤਾਵਾਂ ਦੀਆਂ ਕਿਸਮਾਂ ਅਤੇ ਪੇਟੈਂਟ ਫਾਈਲ ਕਰਨ ਦੀ ਵਿਸਤ੍ਰਿਤ ਪ੍ਰਕਿਰਿਆ ਬਾਰੇ ਚਾਨਣਾ ਪਾਇਆ। ਡਾ. ਜਸਗੁਰਪ੍ਰੀਤ ਨੇ ਪ੍ਰਭਾਵਸ਼ਾਲੀ ਹੱਥ-ਲਿਖਤ ਤਿਆਰ ਕਰਨ ਦੇ ਵੱਖ-ਵੱਖ ਪੜਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਖੋਜ ਲੇਖ ਪ੍ਰਕਾਸ਼ਿਤ ਕਰਵਾਉਣ ਲਈ ਸੁਝਾਅ ਸਾਂਝੇ ਕੀਤੇ। ਪ੍ਰੋਗਰਾਮ ਦੇ ਦੂਜੇ ਦਿਨ ਪ੍ਰੋਫੈਸਰ ਸਿਮਰਜੀਤ ਕੌਰ ਨੇ ਨੈਤਿਕ ਮੁੱਦਿਆਂ 'ਤੇ ਭਾਸ਼ਣ ਦਿੱਤਾ। ਉਨ੍ਹਾਂ ਖੋਜ, ਸਾਹਿਤਕ ਚੋਰੀ ਅਤੇ ਬੇਲੋੜੇ ਪ੍ਰਕਾਸ਼ਨਾਂ ਵਿੱਚ ਨੈਤਿਕ ਨਿਯਮਾਂ ਬਾਰੇ ਚਰਚਾ ਕੀਤੀ।ਇਸ ਦੌਰਾਨ ਪ੍ਰੋਫੈਸਰ ਐਮ ਐਸ ਮਹਿਤਾ ਨੇ ਖੋਜ ਪੱਤਰ ਲਿਖਣ ਲਈ ਲੇਟੈਕਸ ਦੀ ਵਰਤੋਂ ਦਾ ਪ੍ਰਦਰਸ਼ਨ ਕੀਤਾ।ਇਹ ਐਫ.ਡੀ.ਪੀ. ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ।

# ਲਾਇਨ ਜੁਗਲ ਬਵੇਜਾ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਬਣੇ



**ਫਗਵਾੜਾ (ਰਮਨ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਇਲੈਵਨ ਸਟਾਰ ਸਟੇਟਸ ਪ੍ਰਾਪਤ ਸੌ ਫੀਸਦੀ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਦੀ ਨਵੀਂ ਟੀਮ ਦੇ ਗਠਨ ਸਬੰਧੀ ਮੀਟਿੰਗ ਸਥਾਨਕ ਬੰਗਾ ਰੋਡ ਸਥਿਤ ਹੋਟਲ ਮਿਰੈਕਲ ਵਿਖੇ ਹੋਈ। ਮੀਟਿੰਗ ਦੌਰਾਨ ਲਾਇਨ ਜੁਗਲ ਬਵੇਜਾ ਨੂੰ ਸਾਲ 2024-25 ਲਈ ਸਰਬਸੰਮਤੀ ਨਾਲ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਦੇ ਨਾਂਅ ਦਾ ਪ੍ਰਸਤਾਵ ਲਾਇਨ ਆਸ਼ੂ ਮਾਰਕੰਡਾ ਨੇ ਰੱਖਿਆ। ਇਸ ਦੌਰਾਨ ਲਾਇਨ ਜਸਵੀਰ ਮਾਹੀ ਨੂੰ ਕਲੱਬ ਦਾ ਸਕੱਤਰ, ਲਾਇਨ ਸੁਮਿਤ ਭੰਡਾਰੀ ਨੂੰ ਖਜ਼ਾਨਚੀ ਅਤੇ ਲਾਇਨ ਵਿਪਨ ਠਾਕੁਰ ਨੂੰ ਪੀ.ਆਰ.ਓ. ਐਲਾਨਿਆ ਗਿਆ। ਸਮੂਹ ਕਲੱਬ ਮੈਂਬਰਾਂ ਵੱਲੋਂ ਲਾਇਨ ਜੁਗਲ ਬਵੇਜਾ ਅਤੇ ਉਨ੍ਹਾਂ ਦੀ ਟੀਮ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਨਵ-ਨਿਯੁਕਤ ਪ੍ਰਧਾਨ ਲਾਇਨ ਜੁਗਲ ਬਵੇਜਾ ਨੇ ਸਮੂਹ ਕਲੱਬ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੀ ਟੀਮ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਅਗਲੇ ਇੱਕ ਸਾਲ ਵਿੱਚ ਸਮਾਜ ਸੇਵਾ ਦੇ ਬਹੁਤ ਸਾਰੇ ਪ੍ਰੋਜੈਕਟ ਕਰਨਗੇ। ਇਸ ਦੌਰਾਨ ਡਿਸਟ੍ਰਿਕਟ ਚੇਅਰਮੈਨ ਲਾਇਨ ਅਤੁਲ ਜੈਨ ਅਤੇ ਜ਼ੋਨ ਚੇਅਰਮੈਨ ਸੁਨੀਲ ਢੀਂਗਰਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਲਾਇਨ ਜੁਗਲ ਬਵੇਜਾ ਕਲੱਬ ਦੇ ਸਥਾਈ ਪ੍ਰੋਜੈਕਟਾਂ ਤੋਂ ਇਲਾਵਾ ਸਮਾਜ ਵਿੱਚ ਜਾਗਰੂਕਤਾ ਲਿਆਉਣ ਲਈ ਪ੍ਰੋਜੈਕਟਾਂ 'ਤੇ ਵੀ ਕੰਮ ਕਰਨਗੇ। ਲਾਇਨ ਆਸ਼ੂ ਮਾਰਕੰਡਾ ਨੇ ਨਵੀਂ ਟੀਮ ਨੂੰ ਭਰੋਸਾ ਦਿੱਤਾ ਕਿ ਕਲੱਬ ਦੇ ਸਾਰੇ ਮੈਂਬਰ ਉਨ੍ਹਾਂ ਨੂੰ ਆਪਣਾ ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਚਾਰਟਰ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ, ਲਾਇਨ ਤੇਜਿੰਦਰ ਬਾਵਾ, ਲਾਇਨ ਅਸ਼ੋਕ ਵਧਵਾ, ਲਾਇਨ ਬੱਬੂ ਮਨੀਲਾ, ਲਾਇਨ ਨਵੀਨ ਵਧਵਾ, ਲਾਇਨ ਓਮ, ਲਾਇਨ ਦਿਨੇਸ਼ ਖਰਬੰਦਾ, ਲਾਇਨ ਦੀਪਕ ਸੇਠੀ, ਲਾਇਨ ਪੁਨੀਤ ਸੇਠੀ, ਲਾਇਨ ਸੰਜੀਵ ਲਾਂਬਾ, ਲਾਇਨ ਪਵਨ ਚਾਵਲਾ, ਲਾਇਨ ਵਿਜੇ ਅਰੋੜਾ, ਲਾਇਨ ਅਜੇ ਕੁਮਾਰ, ਲਾਇਨ ਸੰਜੇ ਤ੍ਰੇਹਨ ਆਦਿ ਹਾਜ਼ਰ ਸਨ।

# ਕਰਨੈਲ ਸਿੰਘ ਪੀਰ ਮੁਹੰਮਦ ਦਾ ਹੀਥਰੋ ਏਅਰਪੋਰਟ ਪਹੁੰਚਣ 'ਤੇ ਨਿੱਘਾ ਸਵਾਗਤ



**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ )**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਾਰਟੀ ਦੇ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਦਾ ਲੰਡਨ ਪਹੁੰਚਣ 'ਤੇ ਹੀਥਰੋ ਏਅਰਪੋਰਟ 'ਤੇ ਨਿੱਘਾ ਸਵਾਗਤ ਕਰਦਿਆਂ ਸਿੱਖ ਪ੍ਰਚਾਰਕ ਡਾ. ਗੁਰਦੀਪ ਸਿੰਘ ਜੰਗਬੀਰ ਨੇ ਕਿਹਾ ਹੈ ਕਿ ਕਰਨੈਲ ਸਿੰਘ ਪੀਰ ਮੁਹੰਮਦ ਆਪਣੇ ਹਫਤੇ ਭਰ ਦੇ ਦੌਰੇ ਦੌਰਾਨ ਇੰਗਲੈਂਡ ਦੀਆ ਪਾਰਲੀਮੈਂਟ ਚੋਣਾਂ ਵਿੱਚ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਦੇ ਹੱਕ ਵਿੱਚ ਸਲੋਹ ਸਮੈਦਿਕ ਬਰਮਿੰਘਮ ਲੈਸਟਰ ਡਰਬੀ ਅਤੇ ਕੁੱਝ ਹੋਰ ਥਾਵਾਂ 'ਤੇ ਜਾਣਗੇ । ਕਰਨੈਲ ਸਿੰਘ ਪੀਰਮੁਹੰਮਦ ਜਨਰਲ ਸਕੱਤਰ ਅਤੇ ਬੁਲਾਰਾ ਸ਼੍ਰੋਮਣੀ ਅਕਾਲੀ ਦਲ ਦਾ ਕੁੱਝ ਅਹਿਮ ਧਾਰਮਿਕ ਸਮਾਗਮਾਂ ਵਿੱਚ ਵਿਸ਼ੇਸ਼ ਸਨਮਾਨ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ । ਇਸੇ ਦੌਰਾਨ ਉਹ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਅਤੇ ਵੈਸਟ ਮਨਿਸਟਰ ਪਾਰਲੀਮੈਂਟ ਅਤੇ ਸਕਾਟਲੈਂਡ ਵਿਖੇ ਵੀ ਜਾਣਗੇ।ਕਰਨੈਲ ਸਿੰਘ ਪੀਰਮੁਹੰਮਦ ਦਾ ਹੀਥਰੋ ਏਅਰਪੋਰਟ 'ਤੇ ਸਵਾਗਤ ਕਰਨ ਸਮੇਂ ਜਗਤਾਰ ਸਿੰਘ ਬਰਮਿੰਘਮ, ਰਕੇਸ਼ ਸਿੱਧੂ, ਲਾਡੀ ਭੁੱਲਰ, ਜੀਵਨਜੋਤ ਸਿੰਘ ਸਮੇਤ ਪਤਵੰਤੇ ਹਾਜ਼ਰ ਸਨ ।

# ਕਮਿਸ਼ਨਰੇਟ ਪੁਲਸ ਨੇ ਬਲਾਤਕਾਰ/ਪੋਕਸੋ ਐਕਟ ਕੇਸ ਵਿੱਚ ਲੋੜੀਂਦੇ ਮੁੱਖ ਮੁਲਜ਼ਮ ਨੂੰ ਕੀਤਾ ਕਾਬੂ



**ਜਲੰਧਰ (ਸ਼ੈਲੀ ਐਲਬਰਟ)**-ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਦਿਆਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਬਲਾਤਕਾਰ/ਪੋਕਸੋ ਐਕਟ ਦੇ ਕੇਸਾਂ ਵਿੱਚ ਲੋੜੀਂਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਇੱਕ ਸ਼ਿਕਾਇਤ ਦੇ ਅਧਾਰ 'ਤੇ ਐਫ.ਆਈ.ਆਰ ਨੰਬਰ 92 ਮਿਤੀ 07-06-2024 ਅਧੀਨ 376(2) ਆਈ.ਪੀ.ਸੀ., 6 ਪੋਕਸੋ ਐਕਟ ਆਯੂਸ਼ ਕੁਮਾਰ ਪੁੱਤਰ ਪੱਪੂ ਪ੍ਰਸਾਦ ਵਾਸੀ ਨੰਬਰ 381 ਗਲੀ ਨੰ: 7 ਨਿਊ ਸ਼ਹੀਦ ਬਾਬੂ ਲਾਭ ਸਿੰਘ ਨਗਰ ਨੇੜੇ ਮਾਤਾ ਗੁਜਰੀ ਖਾਲਸਾ ਸਕੂਲ, ਬਸਤੀ ਬਾਵਾ ਖੇਲ ਦੇ ਖਿਲਾਫ ਥਾਣਾ ਬਸਤੀ ਬਾਵਾ ਖੇਲ ਵਿਖੇ ਦਰਜ ਕੀਤੀ ਸੀ ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਦੋਸ਼ੀ ਨੂੰ ਫੜਨ ਲਈ ਪੁਲਸ ਦੀਆਂ ਟੀਮਾਂ ਗਠਿਤ ਕੀਤੀਆਂ ਗਈਆਂ ਸਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮ ਆਯੂਸ਼ ਨੂੰ ਗ੍ਰਿਫ਼ਤਾਰ ਕਰਨ ਲਈ ਥਾਣਾ ਬਸਤੀ ਬਾਵਾ ਖੇਲ ਦੀ ਵਿਸ਼ੇਸ਼ ਟੀਮ ਬਣਾਈ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪੁਲਸ ਪਾਰਟੀ ਨੇ 11 ਜੂਨ ਨੂੰ ਐਚ.ਨੰਬਰ 381 ਗਲੀ ਨੰ: 7 ਨਿਊ ਸ਼ਹੀਦ ਬਾਬੂ ਲਾਭ ਸਿੰਘ ਨਗਰ ਨੇੜੇ ਮਾਤਾ ਗੁਜਰੀ ਖ਼ਾਲਸਾ ਸਕੂਲ, ਬਸਤੀ ਬਾਵਾ ਖੇਲ ਤੋਂ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ। ਸਵਪਨ ਸ਼ਰਮਾ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।ਪੁਲਸ ਕਮਿਸ਼ਨਰ ਨੇ ਕਿਹਾ ਕਿ ਅਜੇ ਤੱਕ ਦੋਸ਼ੀ ਦਾ ਕੋਈ ਵੀ ਅਪਰਾਧਕ ਇਤਿਹਾਸ ਨਹੀਂ ਲੱਭਿਆ।

# ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਈ-ਵਾਈ ਇੰਡੀਆ ਨਾਲ ਸਾਂਝੇਦਾਰੀ 'ਚ ਟੈਕ ਐੱਮ ਬੀ ਏ ਦੀ ਕੀਤੀ ਸ਼ੁਰੂਆਤ




**ਜਲੰਧਰ (ਸ਼ੈਲੀ ਐਲਬਰਟ)**:- ਡਿਜੀਟਲ ਯੁੱਗ ਵਿੱਚ ਸਫਲ ਹੋਣ ਲਈ ਭਵਿੱਖ ਦੇ ਨੇਤਾਵਾਂ ਨੂੰ ਹੁਨਰਾਂ ਨਾਲ ਲੈਸ ਕਰਨ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਇੱਕ ਨਵੀਨਤਾਕਾਰੀ ਟੈਕ ਐਮ ਬੀ ਏ ਪ੍ਰੋਗਰਾਮ ਦੀ ਪੇਸ਼ਕਸ਼ ਕਰਦੇ ਹੋਏ ਵਿਸ਼ਵ ਪ੍ਰਸਿੱਧ ਪੇਸ਼ੇਵਰ ਸੇਵਾਵਾਂ ਫਰਮ ਈ ਵਾਈ ਇੰਡੀਆ ਨਾਲ ਨਾਲੇਜ ਪਾਟਨਰ ਦੇ ਤੌਰ 'ਤੇ ਸਾਂਝੇਦਾਰੀ ਕੀਤੀ ਹੈ। ਅਜਿਹੇ ਐਮ ਬੀ ਏ (ਮੈਨੇਜਮੈਂਟ ਟੈਕਨਾਲੋਜੀ) ਦਾ ਉਦੇਸ਼ ਵਪਾਰਕ ਰਣਨੀਤੀ ਅਤੇ ਤਕਨੀਕੀ ਨਵੀਨਤਾ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ। ਤਕਨੀਕੀ ਐਮ ਬੀ ਏ ਪਾਠਕ੍ਰਮ ਨੂੰ ਰਣਨੀਤਕ ਵਪਾਰਕ ਸੂਝ ਨਾਲ ਉੱਨਤ ਤਕਨੀਕੀ ਹੁਨਰਾਂ ਨੂੰ ਮਿਲਾਉਣ ਲਈ ਧਿਆਨ ਨਾਲ ਤਿਆਰ ਕੀਤਾ ਗਿਆ ਹੈ। ਵਿਦਿਆਰਥੀ ਡੇਟਾ ਵਿਸ਼ਲੇਸ਼ਣ, ਅੰਕੜਾ ਮਾਡਲਿੰਗ, ਮਸ਼ੀਨ ਸਿਖਲਾਈ, ਡੇਟਾਬੇਸ ਪ੍ਰਬੰਧਨ, ਵੱਡੇ ਡੇਟਾ, ਅਤੇ ਕਲਾਉਡ ਕੰਪਿਊਟਿੰਗ ਵਿੱਚ ਮੁਹਾਰਤ ਹਾਸਲ ਕਰਨਗੇ, ਜਿਸ ਨਾਲ ਉਹ ਸੂਚਿਤ ਫੈਸਲੇ ਲੈਣ ਲਈ ਡੇਟਾ-ਸੰਚਾਲਿਤ ਸੂਝ ਦਾ ਲਾਭ ਉਠਾਉਣ ਦੇ ਯੋਗ ਹੋਣਗੇ।ਮਿੱਤਲ ਸਕੂਲ ਆਫ਼ ਬਿਜ਼ਨਸ ਦੇ ਸੀਨੀਅਰ ਡੀਨ ਡਾ. ਰਾਜੇਸ਼ ਵਰਮਾ ਨੇ ਕਿਹਾ, ਪ੍ਰੋਗਰਾਮ ਲੀਡਰਸ਼ਿਪ ਅਤੇ ਰਣਨੀਤਕ ਸੋਚ 'ਤੇ ਕੇਂਦਰਿਤ ਹੈ। ਵਿਦਿਆਰਥੀ ਨਾ ਸਿਰਫ਼ ਪਾਇਥਨ ਅਤੇ ਆਰ ਵਰਗੀਆਂ ਪ੍ਰੋਗ੍ਰਾਮਿੰਗ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰਨਗੇ, ਸਗੋਂ ਡੇਟਾ ਵਿਜ਼ੂਅਲਾਈਜ਼ੇਸ਼ਨ, ਵੱਡੇ ਡੇਟਾ ਅਤੇ ਸੂਚਨਾ ਸੁਰੱਖਿਆ ਵਰਗੇ ਤਕਨਾਲੋਜੀ ਹੁਨਰਾਂ ਵਿੱਚ ਵੀ ਸਮਝ ਪ੍ਰਾਪਤ ਕਰਨਗੇ। ਪ੍ਰੋਗਰਾਮ ਦੀ ਇੱਕ ਵਿਸ਼ੇਸ਼ ਵਿਸ਼ੇਸ਼ਤਾ ਗਲੋਬਲ ਵਪਾਰਕ ਕੇਂਦਰਾਂ ਜਿਵੇਂ ਕਿ ਸਿੰਗਾਪੁਰ ਜਾਂ ਦੁਬਈ ਦੀ ਅੰਤਰਰਾਸ਼ਟਰੀ ਯਾਤਰਾ ਹੈ, ਜੋ ਕਿ ਵਿਦਿਆਰਥੀਆਂ ਨੂੰ ਵੰਨ-ਸੁਵੰਨੇ ਵਪਾਰ ਅਤੇ ਤਕਨਾਲੋਜੀ ਈਕੋਸਿਸਟਮ ਵਿੱਚ ਅਨਮੋਲ ਗਲੋਬਲ ਐਕਸਪੋਜ਼ਰ ਅਤੇ ਸਮਝ ਪ੍ਰਦਾਨ ਕਰਦੀ ਹੈ।ਐਲ ਪੀ ਯੂ ਵਿਖੇ ਟੈਕ ਐਮ ਬੀ ਏ ਪ੍ਰੋਗਰਾਮ ਦੇ ਗ੍ਰੈਜੂਏਟ ਕਈ ਤਰ੍ਹਾਂ ਦੇ ਕਰੀਅਰ ਦੇ ਮੌਕਿਆਂ ਦੀ ਉਮੀਦ ਕਰ ਸਕਦੇ ਹਨ, ਜਿਸ ਵਿੱਚ ਟੈਕਨਾਲੋਜੀ ਸਲਾਹਕਾਰ, ਉਤਪਾਦ ਪ੍ਰਬੰਧਕ, ਡੇਟਾ ਐਨਾਲਿਸਟ, ਆਈ ਟੀ ਪ੍ਰੋਜੈਕਟ ਮੈਨੇਜਰ ਅਤੇ ਬਿਜ਼ਨਸ ਡਿਵੈਲਪਮੈਂਟ ਮੈਨੇਜਰ ਵਰਗੀਆਂ ਭੂਮਿਕਾਵਾਂ ਸ਼ਾਮਲ ਹਨ। ਉਹ ਟੀ ਸੀ ਐਸ, ਇੰਫੋਸਿਸ, ਵਿਪ੍ਰੋ, ਈ ਵਾਈ ਅਤੇ ਮਾਈਕਰੋਸਾਫਟ ਵਰਗੀਆਂ ਪ੍ਰਮੁੱਖ ਕੰਪਨੀਆਂ ਨਾਲ ਕੰਮ ਕਰ ਸਕਣਗੇ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਉਸ ਉਪਰੰਤ ਕਾਲਜ ਦੇ ਗੇਟ ਉਪਰ ਸੰਗਤਾਂ ਨੂੰ ਸੇਵਾਦਾਰਾਂ ਵੱਲੋਂ ਸਤਿਕਾਰ ਨਾਲ ਠੰਡੇ ਮਿੱਠੇ ਜਲ ਦੀ ਛਬੀਲ ਵਰਤਾਈ ਗਈ । ਇਸ ਦੇ ਨਾਲ ਹੀ ਛੋਲਿਆਂ ਅਤੇ ਕੜਾਹ ਪ੍ਰਸ਼ਾਦਿ ਦਾ ਲੰਗਰ ਵਰਤਾਇਆ ਗਿਆ ਅਤੇ ਸਮੂਹ ਕਾਲਜ ਵਲੋਂ ਪੰਚਮ ਪਾਤਸ਼ਾਹ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਸਮੇਂ ਕਾਲਜ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ , ਪ੍ਰਬੰਧਕ ਕਮੇਟੀ ਦੇ ਮੈਂਬਰਾਨ, ਪ੍ਰਿੰਸੀਪਲ ਡਾ. ਜਸਪਾਲ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਬਹੁਤ ਸ਼ਰਧਾ ਨਾਲ ਸੇਵਾ ਨਿਭਾਈ। ਪ੍ਰਧਾਨ ਗਵਰਨਿੰਗ ਕੌਂਸਲ ਸਰਦਾਰਨੀ ਬਲਬੀਰ ਕੌਰ ਜੀ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਸਿੱਖਿਆਵਾਂ ਸਮਾਜ ਵਿਚ ਸੇਵਾ ਅਤੇ ਕੁਰਬਾਨੀ ਵਰਗੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੀਆਂ ਹਨ ਅਤੇ ਇਹ ਹਰ ਸਮੇਂ ਪ੍ਰਸੰਗਿਕ ਹਨ। ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਕਾਲਜ ਆਪਣੀਆਂ ਰਿਵਾਇਤਾਂ ਨੂੰ ਕਾਇਮ ਰੱਖਦੇ ਹੋਏ ਨੌਜਵਾਨਾਂ ਨੂੰ ਸਿੱਖ ਧਰਮ ਦੀ ਰਹਿਤ ਮਰਿਆਦਾ ਨਾਲ ਜੋੜਨ ਲਈ ਅਤੇ ਗੁਰੂਆਂ ਦੀਆਂ ਲਾਸਾਨੀ ਕੁਰਬਾਨੀਆਂ ਤੋਂ ਜਾਣੂ ਕਰਵਾਉਣ ਲਈ ਅਜਿਹੇ ਸਮਾਗਮ ਉਲੀਕਦਾ ਰਿਹਾ ਹੈ ਅਤੇ ਭੱਵਿਖ ਵਿਚ ਵੀ ਉਲੀਕਦਾ ਰਹੇਗਾ। ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ, ਅਧਿਆਪਕ ਸਹਿਬਾਨ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਨੇ ਮਿਲ ਕੇ ਹਾਜ਼ਰੀ ਭਰੀ ਅਤੇ ਸ਼ਰਧਾ ਭਾਵ ਨਾਲ ਸੇਵਾ ਕੀਤੀ।

# ਰੈੱਡ ਕਰਾਸ ਭਵਨ ਉਸਾਰੀ ਸੰਬੰਧੀ ਕਮੇਟੀ 15 ਦਿਨਾਂ 'ਚ ਦੇਵੇਗੀ ਰਿਪੋਰਟ : ਆਸ਼ਿਕਾ ਜੈਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਰੈੱਡ ਕਰਾਸ ਲੋਕ ਭਲਾਈ ਦੇ ਖੇਤਰ ਵਿੱਚ ਮੰਨੀ ਪ੍ਰਮੰਨੀ ਸੰਸਥਾ ਹੈ ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਤਹਿਤ ਰੈੱਡ ਕਰਾਸ ਭਵਨ ਬਣਾਉਣ ਦਾ ਮਸਲਾ ਕਾਫੀ ਸਮੇਂ ਤੋਂ ਲਟਕ ਰਿਹਾ ਹੈ। ਇਸ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਠੋਸ ਕਦਮ ਚੁੱਕਦਿਆਂ ਜ਼ਿਲ੍ਹਾ ਅਧਿਕਾਰੀਆਂ ਦੀ ਇੱਕ ਕਮੇਟੀ ਬਣਾ ਕੇ ਕਮੇਟੀ ਵੱਲੋਂ ਭਵਨ ਸਬੰਧੀ 15 ਦਿਨਾਂ ਦੇ ਅੰਦਰ ਅੰਦਰ ਰਿਪੋਰਟ ਦਿੱਤੇ ਜਾਣ ਦੇ ਨਿਰਦੇਸ਼ ਦਿੱਤੇ ਹਨ। ਬੁੱਧਵਾਰ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੈਨ ਨੇ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਵੱਲੋਂ ਕੀਤੇ ਜਾਣ ਵਾਲ ਲੋਕ ਭਲਾਈ ਦੇ ਕਾਰਜਾਂ ਤਹਿਤ ਹੀ ਕੁਰਾਲੀ ਵਿਖੇ ਜਲਦ ਹੀ ਜਨ ਔਸ਼ਧੀ ਸਟੋਰ ਖੋਲ੍ਹਿਆ ਜਾ ਰਿਹਾ ਹੈ। ਇਹ ਕਾਰਜ ਸਰਕਾਰੀ ਹਸਪਤਾਲ ਕੁਰਾਲੀ ਦੀ ਹਦੂਦ ਅੰਦਰਲੇ ਇੱਕ ਕਮਰੇ ਦੀ ਮੁਰੰਮਤ ਅਤੇ ਬੁਨਿਆਦੀ ਢਾਂਚਾ ਵਿਕਸਤ ਕਰ ਕੇ ਕਰੀਬ 3 ਲੱਖ ਰੁਪਏ ਦੀ ਲਾਗਤ ਨਾਲ ਇਹ ਸਟੋਰ ਖੋਲ੍ਹਿਆ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਬਹੁਤ ਲਾਭ ਮਿਲੇਗਾ। ਇਸ ਸਟੋਰ ਸੀ.ਸੀ.ਟੀ.ਵੀ. ਕੈਮਰਿਆਂ ਦੀ ਨਿਗਰਾਨੀ ਵਿੱਚ ਹੋਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪਿੰਡਾਂ ਵਿੱਚ ਜਾ ਕੇ ਸਿਹਤ ਜਾਂਚ ਕੈਂਪ ਲਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਾਏ ਜਾਂਦੇ ਹਰ ਕਿਸਮ ਦੇ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਦਿਵਿਆਂਗਾਂ ਨੂੰ ਲੋੜੀਂਦੀ ਸਮੱਗਰੀ ਦੇਣ ਲਈ ਵੀ ਕੈਂਪ ਲਾਏ ਜਾਣਗੇ।

ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਵੱਲੋਂ ਰੈੱਡ ਕਰਾਸ ਦੀਆਂ ਗਤੀਵਿਧੀਆਂ ਵਧਾਉਣ ਬਾਬਤ ਵੀ ਸਲਾਹਵਾਂ ਦਿੱਤੀਆਂ ਗਈਆਂ, ਜਿਨ੍ਹਾਂ ਵਿੱਚ ਰਿਹਾਇਸ਼ੀ ਸੁਸਾਇਟੀਆਂ ਵਿੱਚ ਮੁਫ਼ਤ ਸੀ.ਪੀ.ਆਰ. ਸਿਖਲਾਈ ਦਿੱਤੇ ਜਾਣ ਦਾ ਸੁਝਾਅ ਵੀ ਸ਼ਾਮਲ ਸੀ, ਜਿਸ ਸਬੰਧੀ ਡਿਪਟੀ ਕਮਿਸ਼ਨਰ ਸਮੇਤ ਸਮੂਹ ਅਧਿਕਾਰੀਆਂ ਵੱਲੋਂ ਇਸ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਹਿਤ ਨਿਰਦੇਸ਼ ਜਾਰੀ ਕੀਤੇ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਿਰਾਜ ਐਸ.ਤਿੜਕੇ, ਵਧੀਕ ਡਿਪਟੀ ਕਮਿਸ਼ਨਰ ਪੇਂਡੂ (ਵਿਕਾਸ) ਸੋਨਮ ਚੌਧਰੀ, ਵਧੀਕ ਡਿਪਟੀ ਕਸ਼ਿਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ, ਸਿਵਲ ਸਰਜਨ ਦਵਿੰਦਰ ਕੁਮਾਰ ਪੁਰੀ, ਐਸ.ਡੀ.ਐਮ. (ਮੋਹਾਲੀ) ਦੀਪਾਂਕਰ ਗਰਗ, ਐਸ.ਡੀ.ਐਮ. (ਡੇਰਾਬਸੀ) ਹਿਮਾਂਸ਼ੂ ਗੁਪਤਾ, ਐਸ.ਡੀ.ਐਮ. (ਖਰੜ) ਗੁਰਮੰਦਰ ਸਿੰਘ, ਸਕੱਤਰ ਰੈੱਡ ਕਰਾਸ ਹਰਬੰਸ ਸਿੰਘ ਸਮੇਤ ਸੁਸਾਇਟੀ ਦੇ ਮੈਂਬਰਾਂ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਠੱਕਰਵਾਲ 'ਚ ਸ਼ਹੀਦੀ ਦਿਹਾੜੇ ਮੌਕੇ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**- ਪਿੰਡ ਠੱਕਰਵਾਲ ਵਿਖੇ ਗੁਰਦੁਆਰਾ ਸਿੰਘ ਸਭਾ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਰਘਬੀਰ ਸਿੰਘ ਠੱਕਰਵਾਲ, ਮਾਸਟਰ ਸਰਬਜੀਤ ਸਿੰਘ ਮੰਝ, ਕੈਪਟਨ ਗਿਆਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸਰਬਜੀਤ ਸਿੰਘ ਪਾਰਸ ਹੈਡ ਗ੍ਰੰਥੀ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਥੇਦਾਰ ਰਘਬੀਰ ਸਿੰਘ ਠੱਕਰਵਾਲ, ਮਾਸਟਰ ਸਰਬਜੀਤ ਸਿੰਘ ਮੰਝ, ਕੈਪਟਨ ਗਿਆਨ ਸਿੰਘ, ਨੰਬਰਦਾਰ ਜਸਵਿੰਦਰ ਸਿੰਘ ਸਰਪੰਚ ਠੱਕਰਵਾਲ, ਡਾਕਟਰ ਪਰਮਜੀਤ ਸਿੰਘ, ਕਮਲਜੀਤ ਸਿੰਘ ਫੌਜੀ, ਕੈਪਟਨ ਅਮਨਚੈਨ ਸਿੰਘ, ਕੈਪਟਨ ਬਲਬੀਰ ਸਿੰਘ, ਚਰਨਜੀਤ ਸਿੰਘ ਰਾਜੂ, ਤਰਨਜੀਤ ਸਿੰਘ ਮੰਝ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਲੰਗਰ ਅਤੁੱਟ ਵਰਤਾਏ ਗਏ।

# ਜੰਮੂ-ਕਸ਼ਮੀਰ 'ਚ ਵਧਦੀਆਂ ਅੱਤਵਾਦੀ ਘਟਨਾਵਾਂ ਕਾਰਨ ਅਮਰਨਾਥ ਯਾਤਰੀਆਂ ਦੀ ਸੁਰੱਖਿਆ ਖਤਰੇ 'ਚ : ਅਸ਼ੋਕ ਭਾਟੀਆ




**ਫਗਵਾੜਾ (ਡਾ. ਰਮਨ)**- ਸ੍ਰੀ ਅਮਰਨਾਥ ਯਾਤਰਾ ਤੋਂ ਪਹਿਲਾਂ ਜੰਮੂ-ਕਸ਼ਮੀਰ ਦੇ ਰਿਆਸੀ, ਕਠੂਆ ਅਤੇ ਡੋਡਾ ਵਿੱਚ ਪਿਛਲੇ 60 ਘੰਟਿਆਂ ਦੌਰਾਨ ਅੱਤਵਾਦੀਆਂ ਵੱਲੋਂ ਇੱਕ ਤੋਂ ਬਾਅਦ ਇੱਕ ਅੰਜਾਮ ਦਿੱਤੀਆਂ ਤਿੰਨ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਇਨ੍ਹਾਂ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਬੁੱਧਵਾਰ ਇੱਥੇ ਗੱਲਬਾਤ ਕਰਦਿਆਂ 'ਆਪ' ਦੇ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ, ਜ਼ਿਲ੍ਹਾ ਕੈਸ਼ੀਅਰ ਹਰੀਓਮ ਗੁਪਤਾ ਤੋਂ ਇਲਾਵਾ ਕੁਲਵਿੰਦਰ ਸਿੰਘ ਲੱਡੂ, ਕੈਪਟਨ ਦੀਪਕ ਕੁਮਾਰ ਅਤੇ ਹਰਜੀਤ ਜੋਸ਼ੀ ਆਦਿ ਨੇ ਰਿਆਸੀ 'ਚ ਅੱਤਵਾਦੀਆਂ ਦਾ ਸ਼ਿਕਾਰ ਹੋਏ ਬੱਸ ਸਵਾਰ 9 ਸ਼ਰਧਾਲੂਆਂ ਅਤੇ ਡੋਡਾ ਵਿੱਚ ਸ਼ਹੀਦ ਹੋਏ ਇਕ ਫੌਜੀ ਜਵਾਨ ਪ੍ਰਤੀ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਤਿੰਨਾਂ ਘਟਨਾਵਾਂ ਵਿੱਚ ਜ਼ਖ਼ਮੀ ਹੋਏ 5 ਸੈਨਿਕਾਂ ਸਮੇਤ ਕੁੱਲ 48 ਲੋਕਾਂ ਦੇ ਜਲਦੀ ਠੀਕ ਹੋਣ ਦੀ ਅਰਦਾਸ ਵੀ ਕੀਤੀ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਨਾਜ਼ੁਕ ਸਥਿਤੀ ਵਿੱਚ ਪੂਰੀ ਤਰ੍ਹਾਂ ਭਾਰਤੀ ਫੌਜ ਦੇ ਬਹਾਦਰ ਜਵਾਨਾਂ ਦੇ ਨਾਲ ਹੈ। ਅਸ਼ੋਕ ਭਾਟੀਆ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਇਕ ਤੋਂ ਬਾਅਦ ਇਕ ਅੱਤਵਾਦੀ ਘਟਨਾਵਾਂ ਦੇ ਸਾਹਮਣੇ ਆਉਣ ਨਾਲ ਕੇਂਦਰ ਸਰਕਾਰ ਵਲੋਂ ਸਾਲ 2019 'ਚ ਸੂਬੇ 'ਚੋਂ ਧਾਰਾ 370 ਨੂੰ ਖਤਮ ਕਰਨ ਸਮੇਂ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਸੰਸਦ 'ਚ ਕੀਤੇ ਗਏ ਦਾਅਵੇ ਖੋਖਲੇ ਸਾਬਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕੁਝ ਦਿਨਾਂ ਬਾਅਦ ਸ੍ਰੀ ਅਮਰਨਾਥ ਯਾਤਰਾ ਸ਼ੁਰੂ ਹੋਣ ਵਾਲੀ ਹੈ, ਜਿਸ ਵਿਚ ਹਰ ਸਾਲ ਲੱਖਾਂ ਸ਼ਰਧਾਲੂ ਦੇਸ਼ ਦੁਨੀਆ ਤੋਂ ਜੰਮੂ-ਕਸ਼ਮੀਰ ਆਉਂਦੇ ਹਨ। ਇਹ ਘਟਨਾਵਾਂ ਸ਼ਰਧਾਲੂਆਂ ਅਤੇ ਲੰਗਰ ਸੰਸਥਾਵਾਂ ਦੀ ਸੁਰੱਖਿਆ 'ਤੇ ਵੀ ਸਵਾਲੀਆ ਨਿਸ਼ਾਨ ਖੜ੍ਹੇ ਕਰਦੀਆਂ ਹਨ। ਇਨ੍ਹਾਂ ਘਟਨਾਵਾਂ ਦੇ ਮੱਦੇਨਜ਼ਰ ਸ੍ਰੀ ਅਮਰਨਾਥ ਯਾਤਰਾ 'ਤੇ ਜਾਣ ਦੇ ਚਾਹਵਾਨ ਸ਼ਰਧਾਲੂਆਂ ਅਤੇ ਲੰਗਰ ਸੰਗਠਨਾਂ ਦੇ ਮੈਂਬਰਾਂ ਦਾ ਕੇਂਦਰ ਸਰਕਾਰ ਦੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਖਦਸ਼ਾ ਹੋਣਾ ਸੁਭਾਵਿਕ ਹੈ। 'ਆਪ' ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਪਾਕਿਸਤਾਨ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ ਤਾਂ ਜੋ ਜੰਮੂ-ਕਸ਼ਮੀਰ ਦੇ ਨਾਗਰਿਕਾਂ, ਉਥੇ ਤਾਇਨਾਤ ਫੌਜ ਦੇ ਜਵਾਨਾਂ ਦੇ ਨਾਲ-ਨਾਲ ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਸ੍ਰੀ ਅਮਰਨਾਥ ਯਾਤਰਾ ਲਈ ਪੁਖਤਾ ਬੰਦੋਬਸਤ ਕਰਨ ਅਤੇ ਯਾਤਰਾ ਲਈ ਡਰ-ਮੁਕਤ ਮਾਹੌਲ ਇਜਾਦ ਕਰਨ ਦੀ ਮੰਗ ਵੀ ਕੀਤੀ ਹੈ।

# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਹੋਣਹਾਰ ਵਿਦਿਆਰਥੀਆਂ ਤੇ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ 2023-24 ਸੈਸ਼ਨ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਅਤੇ ਬਾਰ੍ਹਵੀਂ ਕਲਾਸ ਵਿਚੋਂ ਮੈਰਿਟ ਲਿਸਟ ਵਿਚ ਆਏ ਵਿਦਿਆਰਥੀਆਂ ਅਤੇ ਪੰਜਾਬ ਸਕੂਲ ਖੇਡਾਂ ਵਿਚ ਕੁਸ਼ਤੀ ਅਤੇ ਅਥਲੈਟਿਕਸ ਵਿਚ ਸੋਨ ਤਮਗਾ ਪ੍ਰਾਪਤ ਜੇਤੂ ਖਿਡਾਰੀਆਂ ਦਾ ਸਥਾਨਕ ਹੋਟਲ ਕਿੰਗਜ਼ ਰਿਜੈਂਸੀ ਵਿਖੇ ਕਰਵਾਏ ਗਏ ਇਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਰੋਹ ਦੌਰਾਨ 22 ਬੱਚਿਆਂ ਨੂੰ ਸਨਮਾਨ ਪੱਤਰ ਅਤੇ ਦਰਬਾਰ ਸਾਹਿਬ ਦੇ ਮਾਡਲ ਤੋਹਫੇ ਵਜੋਂ ਦਿੱਤੇ ਗਏ। ਇਨਾਂ ਬੱਚਿਆਂ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਾਰ੍ਹਵੀਂ ਕਲਾਸ ਦੇ ਪੰਜ, ਦਸਵੀਂ ਕਲਾਸ ਦੇ ਨੌਂ, ਅੱਠਵੀਂ ਕਲਾਸ ਦੇ ਚਾਰ, ਕੁਸ਼ਤੀ ਅਤੇ ਫੁੱਟਬਾਲ ਅੰਡਰ 17 ਵਰਗ ਤੋਂ ਇਲਾਵਾ ਜ਼ਿਲ੍ਹੇ ਦੀ ਸੀ ਬੀ ਐੱਸ ਈ ਦੀ ਬਾਰ੍ਹਵੀਂ ਅਤੇ ਦਸਵੀਂ ਕਲਾਸ ਚੋਂ ਪਹਿਲੇ ਅਸਥਾਨ 'ਤੇ ਆਏ ਬੱਚੇ ਵੀ ਸ਼ਾਮਲ ਸਨ। ਇਸ ਦੇ ਨਾਲ ਹੀ ਸੰਬੰਧਤ ਸਕੂਲਾਂ ਦੇ ਪ੍ਰਿੰਸੀਪਲ/ਅਧਿਆਪਕ ਸਾਹਿਬਾਨ ਨੂੰ ਵਧੀਆ ਕਾਰਗੁਜ਼ਾਰੀ ਦਿਖਾਉਣ ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਵੀ ਸਨਮਾਨਤ ਕੀਤਾ ਗਿਆ। ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਸੋਸਾਇਟੀ ਜ਼ਿਲ੍ਹੇ ਭਰ ਵਿਚ ਜਿੱਥੇ ਧਾਰਮਿਕ ਸਮਾਗਮਾਂ ਕਰਵਾ ਕੇ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਮਿਸ਼ਨ ਦਾ ਸੰਦੇਸ਼ ਘਰ ਘਰ ਪਹੁੰਚਾਉਣ ਦੇ ਉਪਰਾਲੇ ਕਰ ਰਹੀ ਹੈ, ਉਥੇ ਨੌਜਵਾਨਾਂ ਵਿਚ ਵਧ ਰਹੀਆਂ ਸਮਾਜਿਕ ਬੁਰਾਈਆਂ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਨੂੰ ਅਧਿਆਤਮਕ ਸਿੱਖਿਆ ਦੇ ਨਾਲ ਜੋੜਨ ਦਾ ਯਤਨ ਵੀ ਕਰ ਰਹੀ ਹੈ। ਇਸ ਤੋਂ ਇਲਾਵਾ ਸਿਹਤ, ਵਾਤਾਵਰਣ, ਸਿੱਖਿਆ ਦੇ ਖੇਤਰ ਵਿਚ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਨਿਸ਼ਕਾਮ ਜਾਂ ਬਹੁਤ ਘੱਟ ਰੇਟਾਂ 'ਤੇ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ। ਸੁਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਕਿਹਾ ਕਿ ਉਪਰੋਕਤ ਸੇਵਾਵਾਂ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਹੁਣ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿਚ ਬੱਚਿਆਂ ਨੂੰ ਉਚੇਰੀ ਵਿੱਦਿਆ ਪ੍ਰਾਪਤੀ ਅਤੇ ਉੱਚ ਸਰਕਾਰੀ ਅਹੁਦਿਆਂ 'ਤੇ ਪਹੁੰਚਾਉਣ ਤੱਕ ਉਨ੍ਹਾ ਦੀਆਂ ਜ਼ਰੂਰਤਾਂ 'ਤੇ ਪਹਿਰਾ ਦੇਵੇਗੀ। ਇਸ ਮੌਕੇ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਸੁਸਾਇਟੀ ਵਲੋਂ ਧਾਰਮਿਕ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਜ਼ਿਲ੍ਹਾ ਸਿੱਖਿਆ ਅਫਸਰ ਰਵਿੰਦਰ ਕੌਰ ਵਲੋਂ ਬੱਚਿਆਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਦੇਸ਼ ਵਿਚ ਹੀ ਉਚ ਅਹੁਦਿਆਂ 'ਤੇ ਪਹੁੰਚਣ ਲਈ ਪ੍ਰੇਰਿਤ ਕੀਤਾ ਗਈ। ਤਰਲੋਚਨ ਸਿੰਘ ਸਾਬਕਾ ਮੈਂਬਰ ਐੱਸ ਜੀ ਪੀ ਸੀ, ਸਮਾਜ ਸੇਵੀ ਹਰਦੇਵ ਸਿੰਘ ਕਾਹਮਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਵਿਨੋਦ ਭਾਰਦਵਾਜ ਪ੍ਰਧਾਨ ਆਰੀਆ ਸਮਾਜ ਨਵਾਂਸ਼ਹਿਰ ਵਲੋਂ ਵੀ ਮੈਰਿਟ ਵਿੱਚ ਆਏ ਬੱਚਿਆਂ ਆਪਣੇ ਸੰਬੋਧਨ ਦੌਰਾਨ ਮੁਬਾਰਕਬਾਦ ਅਤੇ ਅਸ਼ੀਰਵਾਦ ਦਿੱਤਾ ਗਿਆ। ਸਮਾਗਮ ਦੇ ਸੰਪੂਰਨਤਾ ਮੌਕੇ ਮੁੱਖ ਮਹਿਮਾਨ ਤਰਸੇਮ ਲਾਲ ਨੇ ਬੱਚਿਆਂ ਲਈ ਸ਼ੁਭਕਾਮਨਾਵਾਂ ਵਿਅਕਤ ਕਰਦੇ ਹੋਏ ਕਿਹਾ ਕਿ ਬੱਚੇ ਆਪਣੀ ਮਿੱਟੀ ਅਤੇ ਆਪਣੀ ਸੰਸਕ੍ਰਿਤੀ ਦਾ ਮੋਹ ਕਦੇ ਨਾ ਤਿਆਗਣ।

# ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਪ੍ਰਸ਼ਾਸਨ ਵੱਲੋਂ ਕਮਰਕੱਸੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਬਰਸਾਤਾਂ ਦੇ ਮੱਦੇਨਜ਼ਰ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਹੜ੍ਹਾਂ ਤੋਂ ਬਚਾਅ ਸਬੰਧੀ ਚੱਲ ਰਹੇ ਕਾਰਜਾਂ ਦੀ ਸਮੀਖਿਆ ਕੀਤੀ ਤੇ ਅਜਿਹੇ ਸਾਰੇ ਕਾਰਜ ਵੇਲੇ ਸਿਰ ਨਿਬੇੜਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਆਖਿਆ ਕਿ ਇਨ੍ਹਾਂ ਕਾਰਜਾਂ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਵਿਚੋਂ ਲੰਘਦੇ ਚੋਅ, ਨਾਲੇ ਤੇ ਡਰੇਨਾਂ ਦੀ ਸਫ਼ਾਈ ਯਕੀਨੀ ਬਣਾਈ ਜਾਵੇ। ਸੜਕਾਂ 'ਤੇ ਆਉਂਦੀਆਂ ਪੁਲੀਆਂ ਜਾਂ ਰੇਲਵੇ ਲਾਈਨਜ਼ ਦੇ ਥੱਲਿਓਂ ਪਾਣੀ ਲੰਘਣ ਲਈ ਬਣਾਏ ਲਾਂਘੇ ਹਰ ਹਾਲ ਸਾਫ਼ ਕੀਤੇ ਜਾਣ ਤੇ ਸੜਕਾਂ ਦੇ ਨਾਲ ਨਾਲ ਬਣੀਆਂ ਡਰੇਨਾਂ ਦੀ ਸਫਾਈ ਕਰ ਕੇ ਉਨ੍ਹਾਂ ਉਤੇ ਢੱਕਣ ਰੱਖੇ ਹੋਣੇ ਯਕੀਨੀ ਬਣਾਏ ਜਾਣ। ਜੈਨ ਨੇ ਉਪ ਮੰਡਲ ਮੈਜਿਸਟਰੇਟਸ ਨੂੰ ਨਿਰਦੇਸ਼ ਦਿੱਤੇ ਕਿ ਬਹੁਮੰਜ਼ਿਲੀ ਰਿਹਾਇਸ਼ੀ ਸੁਸਾਇਟੀਆਂ ਦੀਆਂ ਵੈਲਫੇਅਰ ਐਸੋਸੀਏਸ਼ਨ ਜਾਂ ਸੁਸਾਇਟੀਆਂ ਸਬੰਧੀ ਹੋਰਨਾਂ ਧਿਰਾਂ ਨਾਲ ਰਾਬਤਾ ਕਰ ਕੇ ਅਜਿਹੇ ਪ੍ਰਬੰਧ ਕੀਤੇ ਜਾਣ ਕਿ ਪਾਣੀ ਬਹੁਮੰਜ਼ਿਲੀ ਰਿਹਾਇਸ਼ੀ ਸੁਸਾਇਟੀਆਂ ਦੀਆਂ ਬੇਸਮੈਂਟਾਂ ਵਿੱਚ ਦਾਖਲ ਨਾ ਹੋਵੇ ਜਾਂ ਪੰਪਾਂ ਦਾ ਪ੍ਰਬੰਧ ਕਰ ਕੇ ਰੱਖਿਆ ਜਾਵੇ ਤਾਂ ਜੋ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਾਣੀ ਦਾਖਲ ਹੋਣ ਦੀ ਸੂਰਤ ਵਿੱਚ ਉਸ ਨੂੰ ਬਾਹਰ ਕੱਢਿਆ ਜਾ ਸਕੇ। ਇਸ ਦੇ ਨਾਲ ਨਾਲ ਰੇਲਵੇ ਅੰਡਰ ਪਾਸਾਂ ਵਿੱਚੋਂ ਵੀ ਪਾਣੀ ਦੀ ਬੇਰੋਕ ਨਿਕਾਸੀ ਯਕੀਨੀ ਬਣਾਈ ਜਾਵੇ। ਉਨ੍ਹਾਂ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ-ਪਹਿਲਾਂ ਪੰਪ ਖਰੀਦ ਲਏ ਜਾਣ ਤਾਂ ਜੋ ਲੋੜ ਪੈਣ ਉਤੇ ਕੋਈ ਦਿੱਕਤ ਨਾ ਆਵੇ। ਡਿਪਟੀ ਕਮਿਸ਼ਨਰ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਘੱਗਰ ਸਮੇਤ ਸਾਰੇ ਕੁਦਰਤੀ ਜਲ ਸਰੋਤ ਸਾਧਨਾਂ ਦੇ ਕੰਢੇ ਮਜ਼ਬੂਤ ਕੀਤੇ ਜਾਣ ਦੇ ਕਾਰਜ ਜਲਦ ਤੋਂ ਜਲਦ ਪੂਰੇ ਕੀਤੇ ਜਾਣ ਅਤੇ ਉਨ੍ਹਾਂ ਵਿੱਚੋਂ ਗਾਰ ਕੱਢਣ ਦਾ ਕੰਮ ਵੀ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਉਨ੍ਹਾਂ ਗਮਾਡਾ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਕੁਦਰਤੀ ਜਲ ਸਰੋਤ ਸਾਧਨਾਂ ਦੀ ਸਫਾਈ ਤੇ ਮਜ਼ਬੂਤੀ ਸਬੰਧੀ ਵੀ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਜੈਨ ਨੇ ਉਪ ਮੰਡਲ ਮੈਜਿਸਟਰੇਟਸ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਕਿ ਉਹ ਫੀਲਡ ਵਿੱਚ ਜਾ ਕੇ ਸਾਰੇ ਕਾਰਜਾਂ ਦੀ ਨਜ਼ਰਸਾਨੀ ਕਰਨ। ਉਨ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਥਾਂ ਕੋਈ ਵੀ ਬੋਲਵੈੱਲ ਖੁੱਲ੍ਹਾ ਨਹੀਂ ਹੋਣਾ ਚਾਹੀਦਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪੀ.ਡਬਲਿਊ.ਡੀ. ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੇ ਬਰਮ ਮਜ਼ਬੂਤ ਕੀਤੇ ਜਾਣ ਤਾਂ ਜੋ ਪਾਣੀ ਆਉਣ ਦੀ ਸੂਰਤ ਵਿੱਚ ਸੜਕਾਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਸ਼ਤੀਆਂ, ਜੈਕਟਾਂ ਤੇ ਜੇ ਸੀ ਬੀ ਮਸ਼ੀਨਾਂ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਐਨ.ਡੀ.ਆਰ.ਐਫ. ਅਤੇ ਹੋਮਗਾਰਡਜ਼ ਨਾਲ ਵੀ ਰਾਬਤਾ ਰੱਖਣ ਲਈ ਵੀ ਕਿਹਾ। ਉਨ੍ਹਾਂ ਦੱਸਿਆ ਕਿ ਸੁਖਨਾ ਝੀਲ ਅਤੇ ਕੌਸ਼ੱਲਿਆ ਡੈਮ ਵਿੱਚੋਂ ਸੰਭਾਵੀ ਤੌਰ 'ਤੇ ਪਾਣੀ ਛੱਡੇ ਜਾਣ ਦੀ ਸਥਿਤੀ ਉਤੇ ਲਗਾਤਾਰ ਨਜ਼ਰ ਰੱਖੀ ਜਾਵੇਗੀ ਤਾਂ ਜੋ ਸਮੇਂ ਸਿਰ ਲੋੜੀਂਦੇ ਕਦਮ ਚੁੱਕੇ ਜਾ ਸਕਣ। ਇਸ ਦੇ ਨਾਲ ਹੀ ਉਨ੍ਹਾਂ ਨੇ ਸਕੂਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਕੂਲਾਂ ਦੀਆਂ ਇਮਾਰਤਾਂ ਦੀ ਜਾਂਚ ਕਰ ਕੇ ਉਨ੍ਹਾਂ ਦੇ ਸੁਰੱਖਿਅਤ ਹੋਣ ਬਾਬਤ ਰਿਪੋਰਟ ਦਿੱਤੀ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਿਰਾਜ ਐਸ.ਤਿੜਕੇ, ਵਧੀਕ ਡਿਪਟੀ ਕਮਿਸ਼ਨਰ ਪੇਂਡੂ (ਵਿਕਾਸ) ਸੋਨਮ ਚੌਧਰੀ, ਵਧੀਕ ਡਿਪਟੀ ਕਸ਼ਿਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ, ਐਸ.ਡੀ.ਐਮ. (ਮੋਹਾਲੀ) ਸ਼੍ਰੀ ਦੀਪਾਂਕਰ ਗਰਗ, ਐਸ.ਡੀ.ਐਮ. (ਡੇਰਾਬਸੀ) ਹਿਮਾਂਸ਼ੂ ਗੁਪਤਾ, ਐਸ.ਡੀ.ਐਮ. (ਖਰੜ) ਗੁਰਮੰਦਰ ਸਿੰਘ, ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਬੂਥ ਲੈਵਲ ਅਫ਼ਸਰਾਂ ਨੂੰ ਰਕਮ ਤੁਰੰਤ ਜਾਰੀ ਕੀਤੀ ਜਾਵੇ : ਜੀ ਟੀ ਯੂ



**ਜਲੰਧਰ (ਰਾਜੇਸ਼ ਥਾਪਾ )**- ਪੰਜਾਬ ਚੋਣ ਕਮਿਸ਼ਨ ਵੱਲੋਂ ਪੰਜਾਬ ਦੀਆਂ 13 ਲੋਕ ਸਭਾ ਚੋਣਾਂ ਦੌਰਾਨ 30 ਮਈ ਨੂੰ ਪੱਤਰ ਚੋਣ- 2024/ਸਵੀਪ-6008 ਤਹਿਤ ਵੱਖ ਲੋਕ ਸਭਾ ਰਿਟਰਨਿੰਗ ਅਫ਼ਸਰ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਜਿਨ੍ਹਾਂ ਬੂਥਾਂ 'ਤੇ ਬੂਥ ਲੈਵਲ ਅਫ਼ਸਰ ਦੀ ਵਧੀਆ ਕਾਰਗੁਜ਼ਾਰੀ ਨਾਲ 75 ਪ੍ਰਤੀਸ਼ਤ ਤੋਂ ਵੱਧ ਵੋਟਾਂ ਪੈਣਗੀਆਂ, ਉਨ੍ਹਾਂ ਬੂਥ ਲੈਵਲ ਅਫ਼ਸਰਾਂ ਨੂੰ ਉਨ੍ਹਾਂ ਦੀ ਹੌਸਲਾ ਅਫ਼ਜਾਈ ਲਈ 5000 ਰੁਪਏ ਦਾ ਇਨਾਮ ਅਤੇ ਪ੍ਰਸੰਸਾ ਪੱਤਰ ਦੇ ਸਨਮਾਨਤ ਕੀਤਾ ਜਾਵੇਗਾ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਨੇ ਦੱਸਿਆ ਕਿ ਦੇਸ਼ ਭਰ ਵਿੱਚ 18 ਲੋਕ ਸਭਾ ਦੀਆਂ ਚੋਣਾਂ ਵੀ ਹੋ ਗਈਆਂ, ਦੇਸ਼ ਦੀ ਸਰਕਾਰ ਵੀ ਬਣ ਗਈ ਪਰ ਹਾਲੇ ਵੀ ਜਿਨ੍ਹਾਂ ਬੂਥ ਲੈਵਲ ਅਫ਼ਸਰ ਜਿਨ੍ਹਾਂ ਇਨ੍ਹਾਂ ਚੋਣਾਂ ਦੌਰਾਨ ਬੜੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਲੋਕ ਸਭਾ ਨੂੰ ਨੇਪਰੇ ਚਾੜ੍ਹਿਆ ਅਤੇ 75 ਪ੍ਰਤੀਸ਼ਤ ਤੋਂ ਵੱਧ ਵੋਟਾਂ ਜਿਨ੍ਹਾਂ ਬੂਥਾਂ 'ਤੇ ਪਈਆਂ ਉਨ੍ਹਾਂ ਬੂਥ ਲੈਵਲ ਅਫ਼ਸਰਾਂ ਨੂੰ ਚੋਣ ਕਮਿਸ਼ਨ ਪੰਜਾਬ ਵੱਲੋਂ ਐਲਾਨੀ ਹੌਸਲਾ ਅਫ਼ਜ਼ਾਈ ਦੀ 5000 ਹਜ਼ਾਰ ਦੀ ਰਕਮ ਨਹੀਂ ਦਿੱਤੀ ਅਤੇ ਨਾ ਉਨ੍ਹਾਂ ਨੂੰ ਸਨਮਾਨ ਪੱਤਰ ਦਿੱਤਾ ਗਿਆ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਅਤੇ ਜ਼ਿਲ੍ਹਾ ਜਲੰਧਰ ਵੱਲੋਂ ਚੋਣ ਕਮਿਸ਼ਨ ਪੰਜਾਬ ਤੋਂ ਮੰਗ ਕਰਦੀ ਹੈ ਕਿ 13 ਲੋਕ ਸਭਾ ਹਲਕਿਆਂ ਦੇ ਰਿਟਰਨਿੰਗ ਅਫ਼ਸਰਾਂ ਨੂੰ ਹਦਾਇਤ ਜਾਰੀ ਕਰਨ। ਉਨ੍ਹਾਂ ਬੂਥ ਲੈਵਲ ਅਫ਼ਸਰਾਂ ਨੂੰ ਐਲਾਨ ਕੀਤੀ ਹੌਸਲਾ ਅਫਜ਼ਾਈ ਦੀ ਰਕਮ ਤੁਰੰਤ ਦਿੱਤੀ ਜਾਵੇ।

# 'ਚੰਡੀਗੜ੍ਹ-ਅੰਬਾਲਾ ਕੌਮੀ ਮਾਰਗ ਦਾ ਕੰਮ 2025 ਤੱਕ ਹੋਵੇਗਾ ਮੁਕੰਮਲ'



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਲੋਕਾਂ ਨੂੰ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਦੇਣ ਲਈ ਜ਼ਿਲ੍ਹੇ ਵਿੱਚ ਕੌਮੀ ਮਾਰਗਾਂ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਇਸ ਤਹਿਤ ਚੰਡੀਗੜ੍ਹ-ਅੰਬਾਲਾ ਕੌਮੀ ਮਾਰਗ ਦਾ ਕੰਮ ਅਗਲੇ ਸਾਲ 2025 ਦੇ ਜੁਲਾਈ ਮਹੀਨੇ ਤੱਕ ਮੁਕੰਮਲ ਹੋ ਜਾਵੇਗਾ। ਇਸੇ ਤਰ੍ਹਾਂ ਕੌਮੀ ਮਾਰਗ ਆਈ.ਟੀ.ਸਿਟੀ ਤੋਂ ਕੁਰਾਲੀ ਦਾ ਕੰਮ ਇਸ ਸਾਲ ਦਸੰਬਰ ਅਤੇ ਮੋਹਾਲੀ-ਸਰਹਿੰਦ ਕੌਮੀ ਮਾਰਗ ਦਾ ਕੰਮ ਜੂਨ 2025 ਤੱਕ ਪੂਰਾ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨੈਸ਼ਨਲ ਹਾਈਵੇਅਜ਼ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਬਣ ਰਹੇ ਇਨ੍ਹਾਂ ਕੌਮੀ ਮਾਰਗਾਂ ਦੀ ਉਸਾਰੀ ਦੌਰਾਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਜ਼ਰੂਰ ਕਰਨਾ ਪੈਂਦਾ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਦਾ ਇਹ ਯਤਨ ਹੈ ਕਿ ਲੋਕਾਂ ਨੂੰ ਕੋਈ ਵੱਡੀ ਦਿੱਕਤ ਨਾ ਆਵੇ ਤੇ ਇਹ ਪ੍ਰੋਜੈਕਟ ਜਲਦ ਤੋਂ ਜਲਦ ਮੁਕੰਮਲ ਹੋ ਜਾਣ। ਡਿਪਟੀ ਕਮਿਸ਼ਨਰ ਨੇ ਹਾਈਵੇਅਜ਼ ਅਥਾਰਟੀ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਗਾਮੀ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਬਣੇ ਹੋਏ ਕੌਮੀ ਮਾਰਗਾਂ ਤੇ ਉਸਾਰੀ ਅਧੀਨ ਕੌਮੀ ਮਾਰਗਾਂ ਕਾਰਨ ਪਾਣੀ ਦੇ ਵਹਾਅ ਵਿੱਚ ਅੜਿੱਕਾ ਨਾ ਲੱਗੇ। ਇਸ ਦੇ ਨਾਲ-ਨਾਲ ਕੌਮੀ ਮਾਰਗਾਂ ਦੀਆਂ ਡਰੇਨਾਂ ਦੀ ਸਫਾਈ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਾਈਵੇਅਜ਼ ਅਥਾਰਟੀ ਵੱਲੋਂ ਜ਼ੀਰਕਪੁਰ-ਡੇਰਾਬਸੀ ਹਾਈਵੇਅ ਉਤੇ ਸਥਿਤ ਮੈਕਡਾਨਲਡ ਰੈਸਟੋਰੈਂਟ ਲਾਗੇ ਬਰਸਾਤਾਂ ਵਿੱਚ ਖੜ੍ਹਦੇ ਪਾਣੀ ਦੀ ਨਿਕਾਸੀ ਲਈ ਵਿਸ਼ੇਸ਼ ਪਾਈਪਲਾਈਨ ਵੀ ਪਾਈ ਜਾ ਰਹੀ ਹੈ, ਜਿਸ ਨਾਲ ਉਸ ਥਾਂ ਉਤੇ ਪਾਣੀ ਖੜ੍ਹਨ ਦੀ ਮੁਸ਼ਕਲ ਤੋਂ ਨਿਜਾਤ ਮਿਲੇਗੀ। ਉਨ੍ਹਾਂ ਹਾਈਵੇਅ ਅਥਾਰਟੀ ਦੇ ਅਧਿਕਾਰੀਆਂ ਨੂੰ ਕਿਹਾ ਪ੍ਰੋਜੈਕਟ ਮੁਕੰਮਲ ਹੋਣ ਸਬੰਧੀ ਦਰਪੇਸ਼ ਦਿੱਕਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਜਾਣ। ਅਧਿਕਾਰੀਆਂ ਵੱਲੋਂ ਦੱਸੀਆਂ ਮੁਸ਼ਕਲਾਂ ਦੇ ਹੱਲ ਲਈ ਡਿਪਟੀ ਕਮਿਸ਼ਨਰ ਨੇ ਫੌਰੀ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਨੈਸ਼ਨਲ ਹਾਈਵੇਅਜ਼ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੇਂਟ ਸੋਲਜਰ ਦੀ ਵਿਦਿਆਰਥਣ ਚਾਰਵੀ ਕਪੂਰ ਨੇ ਬਣਾਇਆ ਨਵਾਂ ਵਰਲਡ ਰਿਕਾਰਡ



**ਜਲੰਧਰ, (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀ ਵਿਦਿਆਰਥਣ 'ਚਾਰਵੀ ਕਪੂਰ' ਨੇ ਨਵਾਂ ਵਰਲਡ ਰਿਕਾਰਡ ਬਣਾਇਆ ਹੈ।ਚਾਰਵੀ ਕਪੂਰ ਯੂ ਕੇ ਜੀ ਕਲਾਸ ਦੀ ਵਿਦਿਆਰਥਣ ਹੈ ਤੇ ਉਸਨੇ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 14 ਸੈਕਿੰਡ ਅਤੇ 8 ਮਿਲੀ ਸੈਕਿੰਡ ਦੇ ਸਮੇਂ ਵਿੱਚ ਸਭ ਤੋਂ ਤੇਜ਼ ਪਾਠ ਕਰਨ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ।ਸਿਰਫ 5 ਸਾਲ ਦੀ ਉਮਰ ਵਿੱਚ ਇੱਕ ਨਵਾਂ ਵਿਸ਼ਵ ਰਿਕਾਰਡ ਬਣਾਉਣਾ ਗਰੁੱਪ ਤੇ ਉਸਦੇ ਮਾਂ ਬਾਪ ਲਈ ਬਹੁਤ ਵੱਡੀ ਗੱਲ ਹੈ। ਇਸ ਪ੍ਰਾਪਤੀ ਨੂੰ ਕਲਾਮ ਦੇ ਵਿਸ਼ਵ ਰਿਕਾਰਡ ਦੁਆਰਾ ਮਾਨਤਾ ਦਿੱਤੀ ਗਈ ਹੈ।ਚਾਰਵੀ ਦੇ ਸਮਰਪਣ, ਲਗਨ, ਦ੍ਰਿੜ ਇਰਾਦੇ ਅਤੇ ਪ੍ਰਤਿਭਾ ਨੇ ਨਾ ਸਿਰਫ ਆਪਣੇ ਲਈ ਬਲਕਿ ਸਾਡੇ ਸਮਾਜ ਅਤੇ ਗਰੁੱਪ ਲਈ ਵੀ ਨਾਮ ਅਤੇ ਸਨਮਾਨ ਲਿਆਇਆ ਹੈ।ਉਸ ਦੀ ਇਸ ਪ੍ਰਾਪਤੀ 'ਤੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਿਹਾ ਕਿ ਸਾਨੂੰ ਪੂਰਾ ਭਰੋਸਾ ਹੈ ਕਿ ਇਹ ਉਸ ਦੀਆਂ ਆਉਣ ਵਾਲੀਆਂ ਹੋਰ ਬਹੁਤ ਸਾਰੀਆਂ ਪ੍ਰਾਪਤੀਆਂ ਦੀ ਸਿਰਫ ਸ਼ੁਰੂਆਤ ਹੈ ਤੇ ਅਸੀਂ ਉਸ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ।

# ਬਾਲ ਮਜ਼ਦੂਰੀ ਖਾਤਮੇ ਲਈ ਕਿਰਤ ਵਿਭਾਗ ਪੰਜਾਬ ਵੱਲੋਂ ਸੂਬੇ ਭਰ 'ਚ ਛਾਪੇਮਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਵਿੱਚੋਂ ਬਾਲ ਮਜ਼ਦੂਰੀ ਦੀ ਅਲਾਮਤ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਸੂਬੇ ਭਰ ਵਿਚ ਕਿਰਤ ਵਿਭਾਗ ਦੀਆਂ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਗਈ ਜਿਸ ਦੌਰਾਨ ਕੁਲ 99 ਬਾਲ ਮਜ਼ਦੂਰਾਂ ਨੂੰ ਮੁਕਤ ਕਰਵਾਇਆ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਰਤ ਮੰਤਰੀ ਪੰਜਾਬ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇ ਭਰ ਵਿਚ 11 ਜੂਨ ਤੋਂ 21 ਜੂਨ ਤੱਕ ਬਾਲ ਮਜ਼ਦੂਰੀ ਖਾਤਮਾ ਸਪਤਾਹ ਦੀ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਅਧੀਨ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਡਿਪਟੀ ਡਾਇਰੈਕਟਰ ਆਫ ਫੈਕਟਰੀਜ ਅਤੇ ਸਹਾਇਕ ਕਿਰਤ ਕਮਿਸ਼ਨਰ ਅਧੀਨ ਜ਼ਿਲ੍ਹਾ ਪੱਧਰੀ ਟੀਮਾਂ ਬਣਾਈਆਂ ਗਈਆਂ, ਜਿਸ ਵਿਚ ਕਿਰਤ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ, ਇਸਤਰੀ ਅਤੇ ਬਾਲ ਸੁਰੱਖਿਆ ਵਿਭਾਗ ਅਤੇ ਪੰਜਾਬ ਪੁਲਸ ਦੇ ਅਧਿਕਾਰੀਆਂ ਨੂੰ ਮੈਂਬਰ ਬਣਾਇਆ ਗਿਆ।ਇਨ੍ਹਾਂ ਟੀਮਾਂ ਵੱਲੋਂ ਵੱਖ ਵੱਖ ਕੰਮਕਾਜੀ ਥਾਵਾਂ 'ਤੇ ਜਾ ਕੇ ਛਾਪੇਮਾਰੀ ਕੀਤੀ ਗਈ ਜਿਸ ਦੌਰਾਨ ਲੁਧਿਆਣਾ ਵਿਖੇ ਵੱਖ-ਵੱਖ ਉਦਯੋਗਿਕ ਇਕਾਈਆਂ ਵਿੱਚ ਰੇਡਾਂ ਦੌਰਾਨ ਮੈਸ: ਨੀਰਜ ਜੈਨ ਹੌਜ਼ਰੀ, ਗੇਲੇ ਵਾਲ ਇੰਡਸਟਰਲ ਏਰੀਆ, ਰਾਹੋਂ ਰੋਡ ਤੋਂ 21 ਬਾਲ/ ਕਿਸ਼ੋਰ ਮਜ਼ਦੂਰ, ਮੈਸ: ਫਰੰਟ ਲਾਈਨ, ਹੌਜ਼ਰੀ ਕੰਪਲੈਕਸ ਕਾਕੋਵਾਲ ਵਿੱਚੋਂ 25, ਮੈਸ: ਏ ਐਸ ਨਾਰੰਗ, ਹੌਜ਼ਰੀ ਕੰਪਲੈਕਸ ਕਾਕੋਵਾਲ ਵਿੱਚੋਂ 22, ਮੈਸ : ਲੀਲਾ ਗਾਰਮੈਂਟ, ਹੌਜ਼ਰੀ ਕੰਪਲੈਕਸ ਕਾਕੋਵਾਲ ਵਿੱਚੋਂ 13 ਅਤੇ ਮੈਸ: ਆਰ ਪੀ ਸਹਿਗਲ ਹੌਜ਼ਰੀ ਕੰਪਲੈਕਸ ਕਾਕੋਵਾਲ ਵਿੱਚੋਂ ਵੀ 14 ਬਾਲ/ ਕਿਸ਼ੋਰ ਮਜ਼ਦੂਰ ਛੁਡਵਾਏ ਗਏ। ਇਸ ਤਰ੍ਹਾਂ ਲੁਧਿਆਣਾ ਵਿੱਚ ਦੋ ਦਿਨਾਂ ਵਿੱਚ 95 ਬਾਲ/ ਕਿਸ਼ੋਰ ਮਜ਼ਦੂਰ ਛੁਡਵਾਏ ਜਾ ਚੁੱਕੇ ਹਨ ਕਿਰਤ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਠਿੰਡਾ ਵਿਖੇ ਵੀ 4 ਬਾਲ/ ਕਿਸ਼ੋਰ ਪਾਏ ਗਏ ਜੋ ਕਿ ਹੋਟਲ ਰੋਹਿਤ, ਰੇਲਵੇ ਰੋਡ, ਬਠਿੰਡਾ ਵਿਖੇ 1 ਕਿਸ਼ੋਰ, ਮੈਸ: ਪੱਪੂ ਢਾਬਾ 2 ਕਿਸ਼ੋਰ, ਮੈਸ: ਬਾਲਾ ਜੀ ਪਗੜੀ ਹਾਉਸ ਵਿਖੇ 1 ਕਿਸ਼ੋਰ ਕੰਮ ਕਰਦਾ ਛੁਡਵਾਇਆ ਗਿਆ।ਅਨਮੋਲ ਗਗਨ ਮਾਨ ਨੇ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਸੂਬੇ ਨੂੰ ਬਾਲ ਮਜ਼ਦੂਰੀ ਦੀ ਅਲਾਮਤ ਤੋਂ ਮੁਕਤ ਕਰਨ ਲਈ ਪੂਰੀ ਤਾਕਤ ਨਾਲ ਕੰਮ ਕੀਤਾ ਜਾਵੇ।

# ਦਰਬਾਰ ਪੀਰ ਲੱਖ ਦਾਤਾ ਖੇੜਾ ਵਿਖੇ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਪੀਰ ਬਾਬਾ ਲੱਖ ਦਾਤਾ ਪਿੰਡ ਖੇੜਾ ਵਿਖੇ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੁੱਖ ਸੇਵਾਦਾਰ ਸੰਤ ਅਸ਼ੋਕ ਕੁਮਾਰ ਚੱਕਰਵਰਤੀ ਦੀ ਰਹਿਨੁਮਾਈ ਅਤੇ ਜੀਤ ਰਿਕਾਰਡਜ਼ (ਐਸ ਪੀ ਸਿੰਘ ਖੇੜਾ) ਦੇ ਸਹਿਯੋਗ ਨਾਲ ਕਰਵਾਏ ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਚਿਰਾਗ ਰੋਸ਼ਨ ਅਤੇ ਛਿੰਝ ਪੁਆਈ ਗਈ।ਰਾਤ ਨੂੰ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।ਮੇਲੇ ਦੇ ਦੂਸਰੇ ਦਿਨ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ।ਕੁਲ ਲੋਕਾਈ ਦੇ ਭਲੇ ਲਈ ਦੁਆ ਕੀਤੀ ਗਈ। ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ, ਕਵਾਲ ਅਤੇ ਨਕਾਲ ਪਾਰਟੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਰਾਤ ਨੂੰ ਧਰਮਵੀਰ ਪ੍ਰਦੇਸੀ ਦੀ ਪਾਰਟੀ ਵਲੋਂ ਨਾਟਕ (ਡਰਾਮਾ) ਪੇਸ਼ ਕੀਤਾ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਪ੍ਰਬੰਧਕ ਕਮੇਟੀ ਗ੍ਰਾਮ ਪੰਚਾਇਤ, ਜੀਤ ਰਿਕਾਰਡਜ਼ (ਐਸ ਪੀ ਸਿੰਘ ਖੇੜਾ) ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ, ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨਿਸ਼ਾ ਰਾਣੀ ਖੇੜਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਨੰਦ ਲਾਲ ਖੇੜਾ, ਬੱਬੂ, ਬੰਟੀ ਨੰਬਰਦਾਰ, ਅਮਰਜੀਤ ਖੁੱਤਣ, ਬਿੱਟੂ ਮਨਿਆਰੀ ਵਾਲਾ, ਬਿੱਲੂ ਖੇੜਾ (ਜੀਤ ਰਿਕਾਰਡਜ਼) ਮੇਸ਼ਾ, ਜੀਵਨ ਆਦਿ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਉਰਦੂ ਸਿਖਲਾਈ ਲਈ ਦਾਖ਼ਲਾ ਸ਼ੁਰ

**ਨਵਾਂਸ਼ਹਿਰ, (ਮਨੋਜ ਲਾਡੀ)** ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਲ-ਨਾਲ ਉਰਦੂ ਭਾਸ਼ਾ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਨੇ ਦਿੰਦਿਆ ਦੱਸਿਆ ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਰਦੂ ਸਿੱਖਣ ਦੇ ਚਾਹਵਾਨ ਸਿਖਿਆਰਥੀਆਂ ਲਈ ਉਰਦੂ ਕੋਰਸ 01 ਜੁਲਾਈ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।ਇਸ ਕੋਰਸ ਦੀ ਮਿਆਦ 6 ਮਹੀਨੇ ਹੋਵੇਗੀ।ਕਿਸੇ ਵੀ ਉਮਰ ਦਾ ਸਿਖਿਆਰਥੀ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦਾ ਹੈ।ਇਸ ਕੋਰਸ ਦੀ ਕੁੱਲ ਫ਼ੀਸ ਸਿਰਫ਼ 500 ਰੁਪਏ ਹੈ। ਕਲਾਸ ਦਾ ਸਮਾਂ ਸ਼ਾਮ 5 ਤੋਂ 6 ਵਜੇ ਤੱਕ ਹੋਵੇਗਾ।ਉਰਦੂ ਸਿੱਖਣ ਦੇ ਚਾਹਵਾਨ ਇਸ ਕੋਰਸ ਲਈ ਦਾਖ਼ਲਾ ਫ਼ਾਰਮ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਕਮਰਾ ਨੰਬਰ 23, ਵਿਖੇ ਕਿਸੇ ਵੀ ਕੰਮ ਕਾਜ ਵਾਲੇ ਦਿਨ (ਦਫ਼ਤਰੀ ਸਮੇਂ ਦੌਰਾਨ) ਪ੍ਰਾਪਤ ਕਰ ਸਕਦੇ ਹਨ।

# 181 ਪੋਲਿੰਗ ਬੂਥਾਂ 'ਤੇ ਵੋਟਰਾਂ ਨੂੰ ਵੰਡੇ ਜਾਣਗੇ ਬੂਟੇ : ਡਾ. ਅਗਰਵਾਲ



**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**:-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਗੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼) ਨੂੰ ਜਲੰਧਰ ਜ਼ਿਲ੍ਹੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।ਪ੍ਰਮੁੱਖ ਗੈਰ ਸਰਕਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਡਾ. ਅਗਰਵਾਲ ਨੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਐਨ.ਜੀ.ਓਜ਼ ਵੱਲੋਂ ਵੋਟਰ ਜਾਗਰੂਕਤਾ ਅਤੇ ਵੋਟਰਾਂ ਦੀ ਸਹੂਲਤ ਲਈ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ।

ਡਾ. ਅਗਰਵਾਲ ਨੇ ਗੈਰ-ਸਰਕਾਰੀ ਸੰਗਠਨਾਂ ਨੂੰ ਜਲੰਧਰ ਨੂੰ ਸਾਫ਼-ਸੁਥਰੇ ਅਤੇ ਹਰੇ-ਭਰੇ ਜ਼ਿਲ੍ਹੇ ਵਿੱਚ ਤਬਦੀਲ ਕਰਨ ਲਈ ਬੂਟੇ ਲਗਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਉਨ੍ਹਾਂ ਮਾਨਸੂਨ ਸੀਜ਼ਨ ਦੌਰਾਨ 45 ਲੱਖ ਬੂਟੇ ਲਾਉਣ ਦੀ ਯੋਜਨਾ ਦਾ ਐਲਾਨ ਕਰਦਿਆਂ ਇਸ ਵਾਤਾਵਰਣ ਪੱਖੀ ਪਹਿਲਕਦਮੀ ਵਿੱਚ ਗੈਰ-ਸਰਕਾਰੀ ਸੰਗਠਨਾਂ ਦੀ ਮਹੱਤਵਪੂਰਣ ਭੂਮਿਕਾ 'ਤੇ ਜ਼ੋਰ ਦਿੱਤਾ।

ਇਸ ਉਪਰਾਲੇ ਤਹਿਤ ਪ੍ਰਸ਼ਾਸਨ ਵੱਲੋਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਹੋਣ ਵਾਲੀਆਂ ਜਿਮਨੀ ਚੋਣਾਂ ਦੌਰਾਨ ਸਾਰੇ 181 ਪੋਲਿੰਗ ਬੂਥਾਂ 'ਤੇ ਵੋਟਰਾਂ ਨੂੰ ਬੂਟੇ ਵੰਡੇ ਜਾਣਗੇ।

ਡਿਪਟੀ ਕਮਿਸ਼ਨਰ ਨੇ ਸਮਾਜਿਕ ਅਸਮਾਨਤਾ ਨੂੰ ਖ਼ਤਮ ਕਰਨ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਗੈਰ ਸਰਕਾਰੀ ਸੰਗਠਨਾਂ ਨੂੰ ਵੱਖ-ਵੱਖ ਸਮਾਜਿਕ ਪਹਿਲਕਦਮੀਆਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦਾ ਸੱਦਾ ਵੀ ਦਿੱਤਾ।

ਉਨ੍ਹਾਂ ਰਾਸ਼ਟਰੀ ਵਿਕਾਸ ਵਿੱਚ ਸਿਵਲ ਸੁਸਾਇਟੀ ਦੀ ਅਹਿਮ ਭੂਮਿਕਾ 'ਤੇ ਚਾਨਣਾ ਪਾਉਂਦਿਆਂ ਗੈਰ- ਸਰਕਾਰੀ ਸੰਗਠਨਾਂ ਨੂੰ ਸਮਾਜ ਦੇ ਲੋੜਵੰਦ ਵਰਗਾਂ ਦੀ ਸੇਵਾ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਐਨ.ਜੀ.ਓਜ਼ ਨੂੰ ਜਿਮਨੀ ਚੋਣਾਂ ਦੌਰਾਨ ਵੋਟਰ ਜਾਗਰੂਕਤਾ ਅਤੇ ਵੋਟਰਾਂ ਦੀ ਸੁਵਿਧਾ ਲਈ ਇੱਕ ਵਾਰ ਫਿਰ ਅਹਿਮ ਭੂਮਿਕਾ ਨਿਭਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਇੰਦਰਦੇਵ ਮਿਨਹਾਸ ਅਤੇ ਵੱਖ-ਵੱਖ ਗੈਰ ਸਰਕਾਰੀ ਸੰਗਠਨਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ 'ਤੇ ਲੱਡੂ ਵੰਡੇ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਭਾਜਪਾ ਵਰਕਰਾਂ ਨੇ ਐਨ ਡੀ ਏ ਗੱਠਜੋੜ ਦੀ ਅਗਵਾਈ ਹੇਠ ਨਰਿੰਦਰ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਜਸ਼ਨ ਸਥਾਨਕ ਸ਼ਹਿਰ ਵਿਚ ਭਾਜਪਾ ਆਗੂਆਂ ਰਕੇਸ਼ ਸਹਿਦੇਵ, ਵਿਜੇ ਮੋਹਣ ਵਰਮਾ ਅਤੇ ਚੰਦਰ ਸ਼ੇਖਰ ਜੋਸ਼ੀ ਦੀ ਅਗਵਾਈ ਹੇਠ ਬਾਜ਼ਾਰਾਂ ਵਿੱਚ ਲੱਡੂ ਵੰਡ ਕੇ ਮਨਾਇਆ। ਇਸੇ ਦੌਰਾਨ ਵਰਕਰਾਂ ਅਤੇ ਅਹੁਦੇਦਾਰਾਂ ਨੇ ਇੱਕ ਦੂਜੇ ਨੂੰ ਵਧਾਈ ਦਿੰਦਿਆਂ ਇਕਜੁੱਟ ਹੋ ਕੇ ਕੰਮ ਕਰਨ ਦਾ ਪ੍ਰਣ ਵੀ ਲਿਆ। ਵਿਸ਼ੇਸ਼ ਤੌਰ 'ਤੇ ਪੁੱਜੇ ਭਾਜਪਾ ਦੇ ਸੀਨੀਅਰ ਆਗੂ ਪ੍ਰਵੇਸ਼ ਗੋਇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿਚ ਤੀਜੀ ਵਾਰ ਸਰਕਾਰ ਬਣਾ ਕੇ ਮਿਸਾਲ ਕਾਇਮ ਕੀਤੀ ਹੈ ਤੇ ਦੇਸ਼ ਦੇ ਲੋਕਾਂ ਨੇ ਉਨ੍ਹਾਂ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਤੋਂ ਰਵਨੀਤ ਸਿੰਘ ਬਿੱਟੂ ਨੂੰ ਆਪਣੀ ਕੈਬਨਿਟ ਵਿਚ ਸ਼ਾਮਲ ਕਰਨਾ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਇਸ ਦੌਰਾਨ ਭਾਜਪਾ ਵਰਕਰਾਂ ਵਲੋਂ ਰਾਹਗੀਰਾਂ ਨੂੰ ਵੀ ਲੱਡੂ ਵੰਡੇ ਗਏ।ਇਸ ਮੌਕੇ ਜੁਗਲ ਕਿਸ਼ੋਰ, ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ, ਸੁਰਜੀਤ ਵਰਮਾ, ਪਵਿੱਤਰ ਸਿੰਘ, ਇੰਦਰ ਦੇਵ ਅਤੇ ਵਿਜੇ ਗੁਪਤਾ ਆਦਿ ਹਾਜ਼ਰ ਸਨ।

# ਸਿੱਖਾਂ ਖਿਲਾਫ਼ ਬਣਿਆ ਮਾਹੌਲ ਇੰਦਰਾ ਯੁੱਗ ਦੀ ਯਾਦ ਕਰ ਰਿਹਾ : ਗੜ੍ਹੀ



ਬੰਗਾ (ਅਵਤਾਰ ਕਲੇਰ) ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕੈਥਲ ਵਿੱਚ ਸਿੱਖ ਵਿਅਕਤੀ ਦੀ ਹੋਈ ਕੁੱਟਮਾਰ ਤੇ ਤਿੱਖਾ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਦੇਸ਼ ਵਿੱਚ ਬਣਿਆ ਸਿੱਖਾਂ ਪ੍ਰਤੀ ਸਿੱਖਾਂ ਵਿਰੋਧੀ ਮਾਹੌਲ ਕਾਂਗਰਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਯੁੱਗ ਦੀ ਯਾਦ ਕਰਵਾਉਂਦਾ ਹੈ, ਜਿਸ ਯੁੱਗ ਵਿੱਚ ਸਿੱਖਾਂ ਨੂੰ ਘਰੋਂ ਕੱਢ ਕੇ ਕੋਹ ਕੋਹ ਕੇ ਮਾਰਿਆ ਗਿਆ। ਸ੍ਰੀ ਗੜ੍ਹੀ ਨੇ ਕਿਹਾ ਕਿ ਦੇਸ਼ ਦੇ ਵਿੱਚ ਸਨਾਤਨਵਾਦ ਦੀ ਗੱਲ ਕਰਨ ਵਾਲੇ ਰਾਸ਼ਟਰੀ ਸਵੈਸੇਵਕ ਸੰਘ ਦੇ ਪੈਦਾ ਕੀਤੇ ਛੋਟੇ ਛੋਟੇ ਸੰਗਠਨ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਦੇਸ਼ ਦੇ ਮੀਡੀਆ ਤੇ ਬਹੁਗਿਣਤੀਵਾਦ ਤਹਿਤ ਘਟ ਗਿਣਤੀਆਂ ਖਿਲਾਫ ਬੋਲਣ ਵਾਲਿਆਂ ਨੂੰ ਬੇਲਗਾਮ ਛੱਡਣ ਦੇ ਨਾਲ ਦੇਸ਼ ਵਿੱਚ ਦਲਿਤਾਂ, ਸਿੱਖਾ, ਮੁਸਲਮਾਨਾ, ਇਸਾਈਆਂ ਅਤੇ ਪਛੜੀਆਂ ਸ਼੍ਰੇਣੀਆਂ ਖਿਲਾਫ ਵੱਡੇ ਪੱਧਰ 'ਤੇ ਕਿਰਦਾਰਕੁਸ਼ੀ ਜਾਰੀ ਹੈ।ਇਸ ਲੜੀ ਵਿੱਚ ਸਿੱਖ ਭਾਈਚਾਰੇ ਦੀ ਕਿਰਦਾਰਕੁਸ਼ੀ ਜਿਸ ਤਰੀਕੇ ਨਾਲ ਕੀਤੀ ਗਈ ਹੈ ਕਿ ਕਦੀ ਪੱਛਮੀ ਬੰਗਾਲ ਵਿੱਚ ਆਈ ਪੀ ਐਸ ਅਧਿਕਾਰੀ ਨੂੰ ਖਾਲਿਸਤਾਨੀ ਕਿਹਾ ਗਿਆ, ਕਦੀ ਅਭਿਨੇਤਰੀ ਅਤੇ ਸੰਸਦ ਮੈਂਬਰ ਕੰਗਣਾ ਰਨੌਤ ਕਿਸਾਨ ਅੰਦੋਲਨ ਦੇ ਬਹਾਨੇ ਪੰਜਾਬੀਆਂ ਤੇ ਸਿੱਖਾਂ ਬਾਰੇ ਖਿਲਾਫ ਮਾਹੌਲ ਖੜ੍ਹਾ ਕਰਦੀ ਹੈ।ਅਜਿਹੀਆਂ ਘਟਨਾਵਾਂ ਨੂੰ ਦੇਸ਼ ਦਾ ਮੀਡੀਆ ਸੌਗੀ ਮਾਨਸਿਕਤਾ ਦੇ ਤਹਿਤ ਘੱਟ ਗਿਣਤੀਆਂ ਖਿਲਾਫ ਅੰਦੋਲਨ ਮਈ ਤਰੀਕੇ ਨਾਲ ਦੁਸ਼ ਪ੍ਰਚਾਰ ਦੇ ਮਾਧਿਅਮ ਤੋਂ ਕਿਰਦਾਰ ਕੁਸ਼ੀ ਕਰਦਾ ਹੈ। ਅਜਿਹੇ ਮਾਹੌਲ ਵਿੱਚ ਅੱਜ ਹਰਿਆਣੇ ਦੇ ਕੈਥਲ ਦੇ ਵਿੱਚ ਸਿੱਖ ਭਾਈਚਾਰੇ ਦੇ ਸੁਖਵਿੰਦਰ ਸਿੰਘ ਨੂੰ ਖਾਲਿਸਤਾਨੀ ਕਹਿਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ।ਇਹ ਉਹੀ ਕੰਮ ਦੇਸ਼ ਵਿੱਚ ਹੋ ਰਿਹਾ ਜੋ ਕਾਂਗਰਸ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਵੇਲੇ ਸਿੱਖਾਂ ਨਾਲ ਹੋਇਆ ਸੀ।ਭਾਰਤੀ ਜਨਤਾ ਪਾਰਟੀ ਦੀ ਮਾਂ ਰਾਸ਼ਟਰੀ ਸਵੈ ਸੇਵਕ ਸੰਘ ਨੂੰ ਨੋਟਿਸ ਲੈਂਦੇ ਹੋਏ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਅਜਿਹੀਆ ਘਟਨਾਵਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

# 22ਵਾਂ ਵੈਦ ਨਿਰੰਜਨ ਦਾਸ ਫੁੱਟਬਾਲ ਟੂਰਨਾਮੈਂਟ ਸ਼ੁਰੂ

**ਮਾਹਿਲਪੁਰ (ਸ਼ਫ਼ਰੀ)** ਵੈਦ ਨਿਰੰਜਨ ਦਾਸ ਫੁੱਟਬਾਲ ਟੂਰਨਾਮੈਂਟ ਕਮੇਟੀ ਭੁੰਨੋ ਵਲੋਂ ਪ੍ਰਧਾਨ ਬਲਵੀਰ ਸਿੰਘ ਸਹੋਤਾ ਦੀ ਅਗਵਾਈ ਵਿੱਚ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 22ਵਾਂ ਸੇਵਨ ਏ ਸਾਈਡ ਫੁੱਟਬਾਲ ਟੂਰਨਾਮੈਂਟ ਸ਼ੁਰੂ ਕਰਵਾਇਆ ਗਿਆ। ਟੂਰਨਾਮੈਂਟ ਵਿਚ ਇਲਾਕੇ ਦੀਆਂ 16ਟੀਮਾਂ ਭਾਗ ਲੈ ਰਹੀਆਂ ਹਨ ਜਿਸਦਾ ਫਾਈਨਲ ਮੁਕਾਬਲਾ 17 ਜੂਨ ਨੂੰ ਹੋਵੇਗਾ।ਟੂਰਨਾਮੈਂਟ ਦਾ ਉਦਘਾਟਨ ਦੇ ਉਦਘਾਟਨ ਮੌਕੇ ਸਰਬੱਤ ਦੇ ਭਲੇ ਅਤੇ ਖਿਲਾੜੀਆਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ ਗਈ ਅਤੇ ਉਦਘਾਟਨੀ ਮੈਚ ਮਾਹਿਲਪੁਰ ਅਤੇ ਬੰਬੇਲੀ ਦੀ ਟੀਮਾਂ ਵਿਚਕਾਰ ਮੋਹਤਬਰ ਵਿਅਕਤੀਆਂ ਵਲੋਂ ਖਿਲਾੜੀਆਂ ਨਾਲ ਜਾਣ ਪਹਿਚਾਣ ਤੋ ਬਾਦ ਸ਼ੁਰੂ ਕਿੱਤਾ ਗਿਆ। ਜਿਸ ਵਿਚ ਮਾਹਿਲਪੁਰ ਦੀ ਟੀਮ ਨੇ ਬੰਬੇਲੀ ਦੀ ਟੀਮ ਨੂੰ 1-0 ਗੋਲ ਦੇ ਫਰਕ ਨਾਲ ਹਰਾ ਕੇ ਟੂਰਨਾਮੈਂਟ ਦੀ ਜੇਤੂ ਸ਼ੁਰੂਆਤ ਕੀਤੀ।ਦੂਸਰੇ ਮੁਕਾਬਲੇ ਵਿਚ ਨੰਗਲ ਖ਼ਿਡਾਰੀਆਂ ਨੇ ਮੁਖੋਮਜਾਰਾ ਨੂੰ 2-0 ਦੇ ਫਰਕ ਨਾਲ ਹਰਾ ਕੇ ਅਗਲੇ ਦੌਰ ਵਿਚ ਪ੍ਰਵੇਸ਼ ਕੀਤਾ। ਇਸ ਮੌਕੇ ਨੰਬਰਦਾਰ ਕਰਨੈਲ ਸਿੰਘ, ਸਾਬਕਾ ਸਰਪੰਚ ਦਰਸ਼ਨ ਸਿੰਘ,ਕੈਪਟਨ ਰੇਸ਼ਮ ਚੰਦ ਬਾਬਾ ਬਹਾਦੁਰ ਸਿੰਘ, ਕਾਕਾ ਸਹੋਤਾ ,ਪ੍ਰਮਿੰਦਰ ਸਿੰਘ ਸੋਨਾਲੀਕਾ,ਸੂਬੇਦਾਰ ਕਿਸ਼ਨ ਸਿੰਘ, ਦਵਿੰਦਰ ਸਿੰਘ, ਮੇਜਰ ਸਿੰਘ, ਗਿਆਨੀ ਉਂਕਾਰ ਸਿੰਘ, ਜੋਰਾਵਰ ਸਿੰਘ ਰਾਜਾ, ਪਰਗਟ ਸਿੰਘ, ਕਰਨ ਕੁਮਾਰ ਦਦਰਾਲ, ਸੋਨੂੰ ਫੌਜੀ, ਜੋਧਾ ਬਰਿਆਣਾ, ਚੰਨਾ ਸਹੋਤਾ, ਗਿਆਨੀ ਸਤਨਾਮ ਸਿੰਘ ਆਦਿ ਮੌਜੂਦ ਸਨ।



# ਕਲੀਨਿਕ ਅਸਿਸਟੈਂਟਾਂ ਨੂੰ ਇੰਪੈਨਲਮੈਂਟ ਲੈਟਰ



**ਸੁਭਾਨਪੁਰ (ਹਰਮੇਸ਼ ਦੱਤ)**- ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਸਿਹਤ ਸਹੂਲਤਾਂ ਦੇਣ ਦੇ ਉਦੇਸ਼ ਨਾਲ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿਚ ਮੁਫਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਬੁੱਧਵਾਰ ਆਮ ਆਦਮੀ ਕਲੀਨਿਕ ਅਠੋਲੀ, ਰਾਣੀਪੁਰ ਅਤੇ ਭੰਡਾਲ ਬੇਟ ਦੇ ਕਲੀਨੀਕਲ ਅਸਿਸਟੈਂਟਾਂ ਨੂੰ ਸਿਵਲ ਸਰਜਨ ਡਾ. ਸੁਰਿੰਦਰਪਾਲ ਕੌਰ ਵੱਲੋਂ ਇੰਪੈਨਲਮੈਂਟ ਲੈਟਰ ਇਸ਼ੂ ਕੀਤੇ ਗਏ। ਇਸ ਮੌਕੇ ਸਿਵਲ ਸਰਜਨ ਡਾ. ਸੁਰਿੰਦਰਪਾਲ ਕੌਰ ਨੇ ਦੱਸਿਆ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਨਾਲ ਵੱਡੇ ਸਰਕਾਰੀ ਹਸਪਤਾਲਾਂ 'ਤੇ ਬੋਝ ਤਾਂ ਘਟੇਗਾ ਹੀ, ਨਾਲ ਹੀ ਲੋਕਾਂ ਨੂੰ ਸਿਹਤ ਸਹੂਲਤਾਂ ਉਨ੍ਹਾਂ ਦੇ ਘਰਾਂ ਦੀਆਂ ਬਰੂਹਾਂ 'ਤੇ ਮਿਲ ਸਕਣਗੀਆਂ। ਇਸ ਮੌਕੇ ਏ ਸੀ ਐਸ ਡਾ. ਅੰਨੂ ਸ਼ਰਮਾ, ਡੀ ਐਫ ਪੀ ਓ ਡਾ. ਅਸ਼ੋਕ ਕੁਮਾਰ, ਡੀ ਐਚ ਓ ਡਾ. ਰਾਜੀਵ ਪਰਾਸ਼ਰ ਤੇ ਡੀ ਆਈ ਓ ਡਾ. ਰਣਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਵਿਨੇ ਮੱਲ੍ਹਣ, ਐਮ ਐਂਡ ਈ ਓ ਰਾਮ ਸਿੰਘ ਵੀ ਨਾਲ ਸਨ।

# ਬੁਧਿਸ਼ਟ ਕਮਿਊਨਿਟੀ ਯੂ ਕੇ ਵੱਲੋਂ ਡਾ. ਅੰਬੇਡਕਰ ਦਾ 133ਵਾਂ ਜਨਮ ਦਿਨ ਮਨਾਇਆ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ ) ਪ੍ਰਧਾਨ ਰੇਸ਼ਮ ਮਹੇ ਦੀ ਅਗਵਾਈ ਹੇਠ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਨ ਸੰਬੰਧੀ ਇਕ ਪ੍ਰੋਗਰਾਮ ਬੁੱਧ ਧਾਮ ਹੌਕਲੇ ਬਰਮਿੰਘਮ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਮਹਿੰਦਰਪਾਲ ਭਾਟੀਆ ਉਰਫ ਉਪਾਸ਼ਕ ਤੋਂ ਇਲਾਵਾ ਗਿਆਨ ਚੰਦ ਦੀਵਾਲੀ, ਚੰਦਰ ਸ਼ੇਖਰ ਗੁਰੂ, ਬਲਰਾਮ ਸਿੱਧੂ, ਸਤਪਾਲ ਮੰਮਣ, ਰੇਖਾ ਪੌਲ, ਅਮਰਜੀਤ ਲਾਖਾ, ਮਹਿੰਦਰਪਾਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਭਵਨ ਬਰਮਿੰਘਮ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਅਤੇ ਬਾਵਾ ਸਾਹਿਬ ਦੀ ਕੁਰਬਾਨੀ, ਸਮਾਜ ਅਤੇ ਦੇਸ ਨੂੰ ਦੇਣ ਨੂੰ ਯਾਦ ਕਰਦੇ ਹੋਏ ਉਨ੍ਹਾਂ ਵੱਲੋਂ ਵਿੱਢੇ ਗਏ ਸੰਘਰਸ਼ ਨੂੰ ਜਾਰੀ ਰੱਖਣ ਉਪਰ ਜੋਰ ਦਿੱਤਾ।ਬੁਲਾਰਿਆਂ ਵੱਲੋਂ ਕਿਹਾ ਗਿਆ ਕਿ ਜਿਸ ਵਿਵਸਥਾ ਅਤੇ ਵਿਚਾਰਧਾਰਾ ਖਿਲਾਫ ਬਾਵਾ ਸਾਹਿਬ ਨੇ ਆਪਣੀ ਸਾਰੀ ਜ਼ਿੰਦਗੀ ਲਗਾਈ ਉਹ ਵਿਚਾਰਧਾਰਾ ਅੱਜ ਫਿਰ ਸਿਰ ਚੁੱਕ ਰਹੀ ਹੈ।ਸਮਾਜ ਨੂੰ ਸੁਚੇਤ ਰਹਿਣ ਦੀ ਜਿਥੇ ਲੋੜ ਹੈ ਉਥੇ ਇਸ ਦਾ ਮੁਕਾਬਲਾ ਕਰਨ ਲਈ ਏਕੇ ਦੀ ਲੋੜ ਵੀ ਹੈ।ਸਾਨੂੰ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਪ੍ਰੋਗ੍ਰਾਮ ਦੀ ਸ਼ੁਰੂਆਤ ਭੰਤੇ ਡਬਲਿਊ ਕਸ਼ਪਾ ਵੱਲੋਂ ਪ੍ਰਾਰਥਨਾ ਨਾਲ ਹੋਈ।ਪ੍ਰਧਾਨਗੀ ਮੰਡਲ ਵਿੱਚ ਭੰਤੇ ਜੀ ਤੋਂ ਇਲਾਵਾ ਰੇਸ਼ਮ ਮਹੇ, ਮਹਿੰਦਰ ਸਿੰਘ ਭਾਟੀਆ ਉਰਫ ਉਪਾਸ਼ਕ, ਮਹਿੰਦਰਪਾਲ ਪ੍ਰਧਾਨ ਗੁਰੂ ਰਵਿਦਾਸ ਭਵਨ ਬਰਮਿੰਘਮ, ਸ੍ਰੀਮਤੀ ਰੇਖਾ ਪੌਲ ਸ਼ਾਮਲ ਸਨ।ਮਿਸ਼ਨਰੀ ਗਾਇਕ ਪ੍ਰੇਮ ਚਮਕੀਲਾ ਨੇ ਜਿਥੇ ਮਿਸ਼ਨਰੀ ਗਾਣੇ ਗਾ ਕੇ ਰੰਗ ਬੰਨਿਆ ਉਥੇ ਧਰਮ ਪਾਲ ਨੇ ਕਵਿਤਾਵਾਂ ਰਾਹੀਂ ਡਾਕਟਰ ਅੰਬੇਡਕਰ ਸਾਹਿਬ ਦੀ ਦੇਣ ਬਾਰੇ ਹਾਜਰ ਸੰਗਤਾਂ ਨੂੰ ਜਾਣੂੰ ਕਰਵਾਇਆ।ਸਟੇਜ ਸਕੱਤਰ ਦੀ ਸੇਵਾ ਰਾਮ ਚਾਹਲ ਨੇ ਬਾ-ਖੂਬੀ ਨਿਭਾਇਆ।ਅੰਤ ਵਿੱਚ ਪ੍ਰਧਾਨ ਜੀ ਨੇ ਹਾਜ਼ਰ ਸੰਗਤਾਂ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਭੰਤੇ ਜੀ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ।ਹਾਜ਼ਰ ਸੰਗਤਾਂ ਵਾਸਤੇ ਚਾਹ ਅਤੇ ਦੁਪਿਹਰ ਦੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

# ਪੰਜਾਬ ਸਰਕਾਰ ਦਿਵਿਆਂਗਜਨਾਂ ਦੇ ਬੈਕਲਾਗ ਨੂੰ ਭਰਨ ਲਈ ਸ਼ੁਰੂ ਕਰੇਗੀ ਵਿਸ਼ੇਸ਼ ਮੁਹਿੰਮ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੂਬੇ ਵਿੱਚ ਸਾਰਿਆਂ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਲਈ ਖਾਲੀ ਰਾਖ਼ਵੀਆਂ ਅਸਾਮੀਆਂ ਨੂੰ ਭਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ। ਆਰ.ਪੀ.ਡਬਲਿਊ.ਡੀ. ਐਕਟ 2016 ਦੀ ਧਾਰਾ 34 ਤਹਿਤ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਸਿੱਧੀ ਭਰਤੀ ਅਤੇ ਤਰੱਕੀ ਦੋਵਾਂ ਵਿੱਚ ਪੀ.ਡਬਲਯੂ.ਡੀ. ਲਈ 4 ਫੀਸਦੀ ਰਾਖਵਾਂਕਰਨ ਰੱਖਿਆ ਹੈ। ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਰੋਸਟਰ ਰਜਿਸਟਰ ਦੀ ਤਸਦੀਕ ਕਰਨ ਉਪਰੰਤ ਦਿਵਿਆਂਗ ਵਿਅਕਤੀਆਂ ਲਈ ਰਾਖਵੀਆਂ ਅਸਾਮੀਆਂ ਦੇ ਬੈਕਲਾਗ ਦਾ ਪਤਾ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ, ਨਿਗਮਾਂ ਅਤੇ ਬੋਰਡਾਂ ਦੀਆਂ ਰਿਪੋਰਟਾਂ ਅਨੁਸਾਰ ਸਿੱਧੀ ਭਰਤੀ ਲਈ 1721 ਅਸਾਮੀਆਂ ਅਤੇ ਤਰੱਕੀ ਲਈ 536 ਅਸਾਮੀਆਂ ਉਪਲੱਬਧ ਹਨ। ਮੰਤਰੀ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਨੇ ਇਸ ਬੈਕਲਾਗ ਜਾਣਕਾਰੀ ਦੀ ਪੁਸ਼ਟੀ ਅਤੇ ਤਸਦੀਕ ਕਰਨ ਲਈ ਸੂਬੇ ਦੇ ਸਾਰੇ ਵਿਭਾਗਾਂ ਤੱਕ ਪਹੁੰਚ ਕੀਤੀ ਹੈ। ਇਸ ਉਪਰੰਤ ਇਹ ਡਾਟਾ ਇਨ੍ਹਾਂ ਅਸਾਮੀਆਂ ਲਈ ਯੋਗ ਵਿਅਕਤੀਆਂ ਦੀ ਭਰਤੀ ਲਈ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਭੇਜ ਦਿੱਤਾ ਜਾਵੇਗਾ। ਮੰਤਰੀ ਨੇ ਅੱਗੇ ਦੱਸਿਆ ਕਿ 87 ਵਿਭਾਗਾਂ, ਕਾਰਪੋਰੇਸ਼ਨਾਂ ਅਤੇ ਬੋਰਡਾਂ ਨੇ ਆਪਣੀ ਬੈਕਲਾਗ ਅਸਾਮੀਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਕੀ ਵਿਭਾਗਾਂ ਤੋਂ ਡਾਟਾ ਇਕੱਤਰ ਕਰਨ ਅਤੇ ਤਸਦੀਕ ਕਰਨ ਲਈ ਯਤਨ ਜਾਰੀ ਹਨ। ਸਭ ਤੋਂ ਵੱਧ ਬੈਕਲਾਗ ਅਸਾਮੀਆਂ ਵਾਲੇ ਵਿਭਾਗਾਂ ਵਿੱਚ ਸਿਹਤ ਅਤੇ ਪਰਵਾਰ ਭਲਾਈ ਵਿਭਾਗ, ਡਾਇਰੈਕਟਰ ਪਬਲਿਕ ਹਦਾਇਤਾਂ (ਐਲੀਮੈਂਟਰੀ) ਅਤੇ ਡਾਇਰੈਕਟਰ ਪਬਲਿਕ ਹਦਾਇਤਾਂ (ਸੈਕੰਡਰੀ) ਸ਼ਾਮਲ ਹਨ। ਕੈਬਨਿਟ ਮੰਤਰੀ ਨੇ ਸਮੇਂ ਸਿਰ ਤਸਦੀਕ ਪ੍ਰਕਿਰਿਆ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪਾਹਜਤਾ ਸੈੱਲ) ਨੂੰ ਵਿਸ਼ੇਸ਼ ਤੌਰ 'ਤੇ ਹਦਾਇਤ ਕੀਤੀ ਹੈ ਕਿ ਤਸਦੀਕੀ ਪ੍ਰਕਿਰਿਆ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ। ਇਸ ਪਹਿਲਕਦਮੀ ਨਾਲ ਇਹਨਾਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ ਅਤੇ ਪੰਜਾਬ ਵਿੱਚ ਦਿਵਿਆਂਗ ਵਿਅਕਤੀਆਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ।

# ਸਾਲਾਨਾ ਜੋੜ ਮੇਲਾ ਅੱਜ ਤੋਂ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦਰਬਾਰ ਦਾਤਾ ਸੱਯਦ ਅਲੀ ਪਿੰਡ ਮਹਾਲੋਂ ਵਿਖੇ ਸਾਲਾਨਾ ਜੋੜ ਮੇਲਾ 14, 15 ਜੂਨ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾਪੂਰਵਕ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਲਖਵੀਰ ਚੰਦ ਨੇ ਦੱਸਿਆ ਹੈ ਕਿ 14 ਜੂਨ ਨੂੰ ਚਿਰਾਗ ਰੋਸ਼ਨ ਕੀਤੇ ਜਾਣਗੇ।ਸਵੇਰੇ ਝੰਡੇ ਦੀ ਰਸਮ ਕੀਤੀ ਜਾਵੇਗੀ ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਕਵਾਲ, ਮਨਵਰ ਅਲੀ, ਕੁਲਦੀਪ ਕਾਦਰ, ਓਵੇਸ਼ ਖਾਨ, ਕਵਾਲੀਆ ਪ੍ਰੋਗਰਾਮ ਪੇਸ਼ ਕਰਨਗੇ।

15 ਜੂਨ ਦਿਨ ਸ਼ਨੀਵਾਰ ਨੂੰ ਬਾਬਾ ਗੱਦੀ ਨਸ਼ੀਨ ਲਖਵੀਰ ਚੰਦ, ਸਾਈ ਮਹਿੰਦਰ ਸ਼ਾਹ (ਕਰੀਹੇ ਵਾਲੇ) ਨੇ ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ। ਮਸ਼ਹੂਰ ਗਾਇਕ ਪੰਜਾਬੀ ਸਿੰਗਰ ਕੰਠ ਕਲੇਰ , ਹਰਮਨ ਜਰਮਨ, ਰਾਜ ਦਦਰਾਲ ਆਪਣੇ ਗੀਤਾਂ ਨਾਲ ਸੰਗਤਾ ਨੂੰ ਨਿਹਾਲ ਕਰਨਗੇ।

# ਭਾਜਪਾ ਨੂੰ ਕਾਂਗਰਸ ਤੇ ਆਪ ਦੇ ਮਨੂੰਵਾਦੀ ਲੀਡਰਾਂ ਨੇ ਮਜ਼ਬੂਤ ਕੀਤਾ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਕਾਂਗਰਸ ਦੇ ਸੰਵਿਧਾਨ ਲੋਕਤੰਤਰ ਅਤੇ ਰਾਖਵਾਂਕਰਨ ਬਚਾਉਣ ਦੇ ਭੰਡੀ ਪ੍ਰਚਾਰ ਹੇਠ ਜੋ ਤਥਾਕਥਿਤ ਦਲਿਤ ਬੁੱਧੀਜੀਵੀ ਕਾਂਗਰਸ ਨੂੰ ਵੋਟ ਪਾ ਬੈਠੇ ਨੇ ਉਹਨਾਂ ਨੂੰ ਸਮਝਣਾ ਚਾਹੀਦਾ ਹੈ ਜੋ ਅੱਜ ਦੇਸ਼ ਦੇ ਹਾਲਤ ਨੇ ਉਸ ਦੀ ਜਿੰਮੇਵਾਰ ਵੀ ਕਾਂਗਰਸ ਹੈ।ਸੰਵਿਧਾਨ ਸਮਾਨਤਾ, ਸਮਾਜਿਕ ਨਿਆ ਅਤੇ ਲੋਕਤੰਤਰੀ ਸਮਾਜਵਾਦ ਦੀ ਗੱਲ ਕਰਦਾ ਹੈ, ਪਰ ਕਾਂਗਰਸ ਨੇ ਸੰਵਿਧਾਨ ਨੂੰ ਅਤੇ ਉਸ ਦੇ ਉਦੇਸ਼ ਅਤੇ ਆਦਰਸ਼ਾਂ ਨੂੰ ਛਿੱਕੇ ਟੰਗ ਸਾਲ 1992 ਤੋਂ ਜੋ ਆਰਥਿਕ ਉਦਾਰੀਕਰਣ ਦੀਆਂ ਨੀਤੀਆਂ ਸ਼ੁਰੂ ਅਤੇ ਲਾਗੂ ਕੀਤੀਆਂ।ਉਸ ਦੇ ਤਹਿਤ ਕਾਂਗਰਸ ਸਰਕਾਰਾਂ ਨੇ ਲਾਇਸੈਂਸ ਮੁਕਤ ਖੁੱਲ੍ਹੇ ਬਾਜ਼ਾਰ ਦੇ ਨਾਅਰੇ ਹੇਠ ਵਪਾਰੀਆਂ ਉਦਯੋਗਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਸਾਧਨ, ਸੰਸਾਧਨ, ਪਬਲਿਕ ਅਦਾਰੇ ਅਤੇ ਸਰਕਾਰੀ ਉਧਮਾਂ ਨੂੰ ਲੁੱਟਣ, ਖੁਰਦ ਬੁਰਦ ਕਰਨ ਦੀ ਆਜ਼ਾਦੀ ਦੇ ਦਿੱਤੀ।ਨਤੀਜਤਨ ਰੇਲਵੇ, ਰੋਡਵੇਜ਼, ਏਅਰਪੋਰਟ, ਏਅਰਲਾਈਨ, ਸੀ ਪੋਰਟ, ਫੌਜੀ ਸਮਾਨ ਅਤੇ ਹਥਿਆਰ ਬਣਾਉਣ ਵਾਲੀਆਂ ਫੈਕਟਰੀਆਂ, ਐਮ ਟੀ ਐਨ ਐਲ, ਬੀ ਐਸ ਐਨ ਐਲ,ਓ ਐਨ ਜੀ ਸੀ, ਭਾਰਤ ਪੈਟਰੋਲੀਅਮ, ਹਿੰਦੋਸਤਾਨ ਪੈਟਰੋਲੀਅਮ, ਇੰਡੀਅਨ ਆਇਲ, ਐਲ ਆਈ ਸੀ ਵਰਗੇ ਵੱਡੇ ਉਦਯੋਗ ਅਤੇ ਅਦਾਰੇ ਕੌਡੀਆਂ ਦੇ ਭਾਅ ਵੇਚ ਦਿੱਤੇ ਗਏ।ਇਹ ਅਦਾਰੇ ਅਤੇ ਉਦਯੋਗ ਹਾਸ਼ੀਆਗਤ ਗਰੀਬ ਅਤੇ ਬਹੁਜਨ ਸਮਾਜ ਵਾਸਤੇ ਲੋਕਤੰਤਰੀ ਸਮਾਜਵਾਦ ਅਤੇ ਰਾਖਵਾਂਕਰਣ ਦੇ ਰਾਹੀਂ ਉਹਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਦੇ ਮੁੱਖ ਅਤੇ ਵੱਡੇ ਸੋਮੇ ਸਨ ਜੋ ਖ਼ਤਮ ਹੋ ਗਏ।ਆਰ ਐਸ ਐਸ/ਭਾਜਪਾ ਵੀ ਇਸੇ ਲੀਹ 'ਤੇ ਹੈ ਜੋ ਕੁਝ ਬੱਚਦਾ ਹੈ ਤਾਂ ਮੋਦੀ ਸਰਕਾਰ ਉਸਨੂੰ ਖ਼ਤਮ ਕਰਨ ਨੂੰ ਬਜਿੱਦ ਹੈ।ਆਮ ਆਦਮੀ ਪਾਰਟੀ ਨੇ ਕਦੇ ਇਹਨਾਂ ਆਰਥਿਕ ਨੀਤੀਆਂ ਦਾ ਵਿਰੋਧ ਨਹੀਂ ਕੀਤਾ ਨਾ ਆਪਣਾ ਮਤ, ਮਨੋਰਥ ਜ਼ਾਹਿਰ ਕੀਤਾ ਮਤਲਬ ਇਸ ਨੇ ਵੀ ਕਾਂਗਰਸ ਦੀ ਬਣਾਈ ਲੀਹ 'ਤੇ ਅਗਾਂਹ ਤੁਰਨਾ ਹੈ।ਵੋਟ ਚਾਹੇ ਕਾਂਗਰਸ ਨੂੰ ਪਾਈ ਚਾਹੇ ਭਾਜਪਾ ਨੂੰ ਜਾਂ ਆਪ ਨੂੰ, ਵੱਡ ਖਰਬੂਜੇ ਨੇ ਹੋਣਾ ਹੈ।ਅੱਜ ਦੇਸ਼ ਵਿੱਚ ਆਰਥਿਕ ਗ਼ੈਰ ਬਰਾਬਰੀ ਉਲਾਰ ਤੇ ਹੈ ਦੇਸ਼ ਦੀ 40 ਫੀਸਦੀ ਧਨ ਸੰਪਦਾ 1 ਫੀਸਦ ਉੱਚ ਜਾਤੀ ਦੇ ਕਾਰਪੋਰੇਟ ਘਰਾਣਿਆਂ ਅਤੇ ਵਪਾਰੀਆਂ ਪਾਸ ਹੈ ਤੇ 80 ਫੀਸਦੀ ਸਮਾਜ ਰੋਜ਼ੀ ਰੋਟੀ ਤੋਂ ਬੇਜਾਰ ਹੈ।ਖੜਗੇ ਤਾਂ ਬਾਣੀਏ ਦੀ ਹੱਟੀ ਦੇ ਬਾਹਰ ਲੱਗਾ ਬੁੱਤ ਸੀ ਜੋ ਅਵੇਸਲੇ ਗਾਹਕਾਂ ਨੂੰ ਆਕਰਸ਼ਿਤ ਕਰਨ ਦਾ ਢਕਵੰਜ ਸੀ ਤੇ ਸੰਵਿਧਾਨ ਬਚਾਉਣ ਦਾ ਨਾਅਰਾ ਇਕ ਇਸ਼ਤਿਹਾਰਿਆ ਹੌਕਾ, ਜੋ ਗਾਹਕ ਨੂੰ ਲੁੱਟਣ ਲਈ ਲਗਾਇਆ ਗਿਆ। ਤੀਜੀ ਗੱਲ ਆਰ ਐਸ ਐਸ/ਭਾਜਪਾ ਨੂੰ ਕਾਂਗਰਸ ਦੇ ਮਨੂੰਵਾਦੀ ਲੀਡਰਾਂ ਨੇ ਹੀ ਮਜ਼ਬੂਤ ਕੀਤਾ ਕਿਉਂਕਿ ਉਹ ਸਾਂਝੇ ਧਰਮ, ਫਲਸਫੇ, ਸੱਭਿਆਚਾਰ ਅਤੇ ਸਮਾਜਿਕ ਵਿਵਹਾਰ ਮਤਲਬ ਮਨੂੰਵਾਦ ਦੇ ਹਾਮੀ ਹਨ ਤੇ ਆਮ ਆਦਮੀ ਪਾਰਟੀ ਵੀ ਮਨੂੰਵਾਦੀ ਅਤੇ ਜਾਗੀਰੂ ਸੋਚ ਦੇ ਹਾਮੀ ਲੋਕਾਂ ਦੀ ਤੀਜੀ ਹੱਟੀ ਹੈ।ਇਹਨਾਂ ਮਨੂੰਵਾਦੀ ਸਰਕਾਰਾਂ ਦੌਰਾਨ ਜਗਜੀਵਨ ਰਾਮ, ਨਾਰਾਇਨਨ, ਕੋਵਿੰਦ, ਮੁਰਮੂ, ਚੰਨੀ ਦਾ ਅਪਮਾਨ ਹੁੰਦਾ ਆ ਰਿਹਾ ਹੈ ਤੇ ਹੁੰਦਾ ਰਹੇਗਾ। ਸ਼ੰਕਰ ਭੀਘਾਂ, ਬਾਥਨਟੋਲਾ, ਖੈਰਲਾਂਜੀ, ਗੋਹਾਣਾ, ਮਿਰਚਪੁਰ, ਹਿਸਾਰ, ਸੰਗਰੂਰ ਅਤੇ ਉਨਾ ਦਲਿਤ ਘਾਣ ਕਾਂਡ ਇਹਨਾਂ ਦੀਆਂ ਸਰਕਾਰਾਂ ਦੌਰਾਨ ਵਾਪਰੇ ਤੇ ਅਗਾਂਹ ਵੀ ਵਾਪਰਨਗੇ ਕਿਉਂਕਿ ਮੀਡੀਆ ਦੇ ਭੰਬਲਭੂਸੇ ਵਿੱਚ ਭੌਂਤਰੇ ਸਮਾਜ ਨੇ ਇਕ ਵਾਰ ਫੇਰ ਆਪਣੇ ਦੁਸ਼ਮਣ ਨੂੰ ਹੀ ਮਜ਼ਬੂਤ ਕਰ ਦਿੱਤਾ ਹੈ।

14-JUNE-PAGE-10.qxd 6/13/2024 10:45 PM Page 1



# ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਵੱਲੋਂ ਪੰਜਾਬ ਭਰ 'ਚ ਹੜਤਾਲ ਦੀ ਚਿਤਾਵਨੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਮਿਉਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਵੱਲੋਂ ਪੰਜਾਬ ਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਵੱਖ-ਵੱਖ ਸ਼ਾਖਾਵਾਂ 'ਚ ਕੰਮ ਕਰਦੇ ਆਊਟਸੋਰਸ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਅਣਮਿਥੇ ਸਮੇਂ ਦੀ ਹੜਤਾਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਆਊਟ ਸੋਰਸ ਮੁਲਾਜ਼ਮਾਂ ਦੀ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਹੋਈ ਮੀਟਿੰਗ ਦੌਰਾਨ ਕੁਲਵੰਤ ਸਿੰਘ ਸੈਣੀ ਪ੍ਰਧਾਨ ਮਿਉਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਨੇ ਦੱਸਿਆ ਕਿ ਪੰਜਾਬ ਦੀਆਂ ਵੱਖ-ਵੱਖ ਨਗਰ ਨਿਗਮਾਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਪੰਜਾਬ ਪੱਧਰ ਦੇ ਆਗੂਆਂ ਉਨ੍ਹਾਂ ਸਮੇਤ ਜੀ ਐਮ ਸਿੰਘ ਖਰੜ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਵੱਲੋਂ ਦੌਰੇ ਕੀਤੇ ਜਾ ਰਹੇ ਹਨ। ਜਿਸ ਦੌਰਾਨ ਆਊਟਸੋਰਸ ਵਜੋਂ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਦੇ ਨਾਲ ਉਨ੍ਹਾਂ ਦੀਆਂ ਸਮੱਸਿਆ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।ਕੁਲਵੰਤ ਸਿੰਘ ਸੈਣੀ ਨੇ ਦੱਸਿਆ ਕਿ ਪਹਿਲਾਂ ਵੀ ਵੱਖ-ਵੱਖ ਸਮਿਆਂ ਤੇ ਸੰਘਰਸ਼ ਕਰਦੇ ਮੁਲਾਜ਼ਮਾਂ ਵੱਲੋਂ ਹੜਤਾਲ ਕੀਤੀ ਗਈ ਹੈ। ਪਰ ਸਰਕਾਰ ਵੱਲੋਂ ਕੋਈ ਵੀ ਨੋਟਿਸ ਨਹੀਂ ਲਿਆ ਅਤੇ ਨਾ ਹੀ ਮੀਟਿੰਗ ਦਾ ਸਮਾਂ ਦੱਸਿਆ ਗਿਆ ਤੇ ਨਾ ਹੀ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਕੋਈ ਫੈਸਲਾ ਹੀ ਕੀਤਾ ਗਿਆ ਹੈ। ਇਸ ਲਈ ਪੰਜਾਬ ਸਰਕਾਰ ਦੇ ਮੁਲਾਜ਼ਮ ਮਾਰੂ ਅਤੇ ਬੇਰੁਖੀ ਵਾਲੇ ਵਤੀਰੇ ਦੇ ਖਿਲਾਫ ਹੁਣ ਦੁਬਾਰਾ ਫਿਰ ਮੁਲਾਜ਼ਮਾਂ ਵੱਲੋਂ ਪੰਜਾਬ ਪੱਧਰ 'ਤੇ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਦੀ ਤਾਰੀਖ ਜਲਦੀ ਹੀ ਦੱਸ ਦਿੱਤੀ ਜਾਵੇਗੀ। ਇਸ ਮੀਟਿੰਗ ਵਿੱਚ ਉਨ੍ਹਾਂ ਤੋਂ ਇਲਾਵਾ ਕਰਨਜੋਤ ਆਦੀਆ, ਵਿਕਰਮਜੀਤ, ਜੈ ਗੋਪਾਲ ਅਤੇ ਹੋਰ ਮੁਲਾਜ਼ਮ ਵੀ ਸ਼ਾਮਲ ਹੋਏ

# ਮਾਲਵਿੰਦਰ ਸਿੰਘ ਕੰਗ ਦੀ ਜਿੱਤ ਦੀ ਖ਼ੁਸ਼ੀ 'ਚ ਵਰਕਰਾਂ ਲੱਡੂ ਵੰਡੇ



**ਮਾਹਿਲਪੁਰ (ਸ.ਫਰੀ)**-ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੀ ਹੋਈ ਵੱਡੀ ਜਿੱਤ ਨੂੰ ਲੈ ਕੇ ਖ਼ੁਸ਼ੀ ਵਿੱਚ ਮਾਹਿਲਪੁਰ ਇਲਾਕੇ ਦੇ ਵਰਕਰਾਂ ਵੱਲੋਂ ਅਮਰਦੀਪ ਕੌਰ ਕੁਆਰਡੀਨੇਟਰ ਵੋਮੈਨ ਵਿੰਗ ਗੜ੍ਹਸ਼ੰਕਰ ਦੀ ਅਗਵਾਈ ਹੇਠ ਸਬ ਤਹਿਸੀਲ ਮਾਹਿਲਪੁਰ ਦੇ ਸਾਹਮਣੇ ਲੱਡੂ ਵੰਡ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਅਮਰਦੀਪ ਕੌਰ ਨੇ ਕਿਹਾ ਕਿ ਮਾਲਵਿੰਦਰ ਸਿੰਘ ਕੰਗ ਦੀ ਹੋਈ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿੱਚੋਂ ਹੋਈ ਵੱਡੀ ਜਿੱਤ ਦਾ ਸਿਹਰਾ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕਿਸ਼ਨ ਸਿੰਘ ਰੌੜੀ ਨੂੰ ਜਾਦਾ ਹੈ । ਉਨ੍ਹਾਂ ਕਿਹਾ ਕਿ ਰੌੜੀ ਸਾਹਿਬ ਦੇ ਵਰਕਰਾਂ ਨਾਲ ਮੇਲਜੋਲ ਅਤੇ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਕੇ ਚੱਲਣਾ ਅਤੇ ਵਰਕਰਾਂ ਵੱਲੋਂ ਮਿਲੇ ਸਹਿਯੋਗ ਅਸਲ ਜਿੱਤ ਦੀ ਨਿਸ਼ਾਨੀ ਹੈ। ਇਸ ਮੌਕੇ ਮਾਲਵਿੰਦਰ ਸਿੰਘ ਕੰਗ ਦੀ ਹਲਕਾ ਗੜ੍ਹਸ਼ੰਕਰ ਤੋਂ ਲੋਕ ਸਭਾ ਚੋਣਾਂ ਵਿੱਚ ਹੋਈ ਵੱਡੀ ਜਿੱਤ ਦੀ ਖ਼ੁਸ਼ੀ ਨੂੰ ਲੈ ਕੇ ਲੱਡੂ ਵੰਡੇ ਅਤੇ ਵਰਕਰਾਂ ਵੱਲੋਂ ਜੈ ਕਿਸ਼ਨ ਸਿੰਘ ਰੌੜੀ ਜ਼ਿੰਦਾਬਾਦ ਦੇ ਨਾਅਰੇ ਲਾਏ।ਇਸ ਮੌਕੇ ਸੁਨੀਤਾ ਮੇਘੋਵਾਲ ਜ਼ਿਲ੍ਹਾ ਜੁਆਇੰਟ ਸੈਕਟਰੀ, ਮਨਜੀਤ ਕੌਰ ਕਮੇਟੀ ਮੈਂਬਰ, ਅਜੀਤ ਸਿੰਘ ਪਥਰਾਲਾ, ਸੰਤੋਖ ਸਿੰਘ ਨੰਬਰਦਾਰ, ਜੋਗਿੰਦਰ ਸਿੰਘ, ਰਾਕੇਸ਼ ਕੁਮਾਰ, ਕੇ ਕੇ ਟੇਲਰ, ਨਿਰਮਲ ਕੌਰ ਮੈਂਬਰ, ਗੁਰਪ੍ਰੀਤ ਸਿੰਘ, ਗੁਰਮੁੱਖ ਦੀਪੂ, ਰਣਜੀਤ ਕੌਰ , ਪਿੰਕੀ, ਜਸਵੀਰ ਕੌਰ, ਨਰਿੰਦਰ ਸਿੰਘ,ਗੱਜੂ ,ਸਤਨਾਮ ਸਿੰਘ, ਕੁਲਵੰਤ ਰਾਏ, ਗੁਰਮੀਤ ਸਿੰਘ ਫੌਜੀ, ਬਲਿਹਾਰ ਸਿੰਘ, ਯੋਬਨਪ੍ਰੀਤ ਕੌਰ, ਬਲਵਿੰਦਰ ਮਰਵਾਹਾ ਆਦਿ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਕੁਲਦੀਪ ਜਲੂਰ ਦੀ ਗਾਇਕੀ ਦਾ ਦੀਪ ਅੰਬਰਾਂ 'ਤੇ ਜਗਦਾ ਰਹੇਗਾ



ਲੋਕ ਪੱਖੀ ਸੰਗੀਤ ਦੇ ਅੰਬਰ 'ਤੇ ਚਮਕਦਾ ਜੋਬਨ ਰੁੱਤ ਦਾ ਸਿਤਾਰਾ ਕੁਲਦੀਪ ਜਲੂਰ ਡੀ.ਐੱਮ.ਸੀ. ਲੁਧਿਆਣਾ ਵਿਖੇ ਜ਼ਿੰਦਗੀ-ਮੌਤ ਦੀ ਜੱਦੋ-ਜਹਿਦ ਉਪਰੰਤ ਭਾਈ ਲਾਲੋਆਂ ਦੇ ਗੀਤ ਗਾਉਂਦਾ ਸਦੀਵੀ ਵਿਛੋੜਾ ਦੇ ਗਿਆ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲਦੀ ਅਨੇਕਾਂ ਘਰਾਂ ਅੰਦਰ ਸੋਗ ਦੀ ਚਾਦਰ ਵਿਛਾ ਗਈ ।

ਨਾੜੀ ਫ਼ਟਣ ਉਪਰੰਤ ਪੇਟ ਅੰਦਰ ਜ਼ਹਿਰ ਫੈਲਣ 'ਤੇ ਕੁਲਦੀਪ ਜਲੂਰ ਦਾ 9 ਘੰਟੇ ਲੰਮਾ ਉਪਰੇਸ਼ਨ ਹੋਇਆ। ਬਹੁਤ ਨਾਜ਼ੁਕ ਹਾਲਤ ਦੇ ਬਾਵਜੂਦ ਮੈਡੀਕਲ ਟੀਮਾਂ ਅਤੇ ਲੋਕਾਂ ਦੇ ਸਰੋਕਾਰਾਂ ਨਾਲ ਜੁੜੇ ਸਟਾਫ਼ ਨੇ ਅਥਾਹ ਮਿਹਨਤ ਕੀਤੀ, ਪਰ ਲੋਕਾਂ ਦੀ ਅੱਖ ਦਾ ਤਾਰਾ ਕੁਲਦੀਪ ਜਲੂਰ ਮਿਹਨਤਕਸ਼ ਲੋਕਾਂ ਦੇ ਵਡੇਰੇ ਪਰਵਾਰ ਨੂੰ ਧਾਹਾਂ ਮਾਰਦਿਆਂ ਛੱਡ ਕੇ ਤੁਰ ਗਿਆ। ਚੇਤੇ ਰਹੇ ਕਿ ਪਹਿਲਾਂ ਵੀ ਕੁਲਦੀਪ ਦਾ ਉਪਰੇਸ਼ਨ ਹੋਇਆ। ਦੋ ਸਾਲ ਪਹਿਲਾਂ ਦੁਬਾਰਾ ਮੁਸ਼ਕਿਲ ਆਉਣ 'ਤੇ ਇਲਾਜ ਹੋਇਆ।

ਮਜ਼ਦੂਰ ਪਰਵਾਰ ਦਾ ਜਾਇਆ ਚਾਰ ਭੈਣਾਂ ਦਾ ਭਰਾ ਕੁਲਦੀਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਸੰਗੀਤ ਦੀ ਐੱਮ ਫਿੱਲ ਉਪਰੰਤ ਪੀ ਐੱਚ ਡੀ ਕਰਨ ਲੱਗ ਰਿਹਾ ਸੀ।

ਕੁਲਦੀਪ ਦੀ ਅੰਮੜੀ ਕਦੇ-ਕਦਾਈਂ ਮਨਰੇਗਾ 'ਚ ਅਤੇ ਬਾਪ ਪਿੰਡ ਜਲੂਰ ਹੀ ਖੇਤੀ ਕਾਮਾ ਹੈ। ਤਿੰਨ ਭੈਣਾਂ ਸ਼ਾਦੀਸ਼ੁਦਾ ਅਤੇ ਇੱਕ ਭੈਣ ਵਿਆਹੁਣ ਵਾਲ਼ੀ ਹੈ।

ਕੁਲਦੀਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਐੱਮ ਫਿਲ ਕਰਦਾ ਹੋਇਆ ਵੀ ਹੋਟਲ 'ਤੇ ਸ਼ਾਮ ਨੂੰ ਕੰਮ ਕਰਨ ਜਾਇਆ ਕਰਦਾ ਸੀ।

ਉਸ ਦੀ ਲੋਕ ਪੱਖੀ ਗਾਇਕੀ ਕਾਰਨ ਯੂਨੀਵਰਸਿਟੀ ਸਟਾਫ਼ ਵੀ ਉਸ ਦਾ ਧਿਆਨ ਰੱਖਦਾ।

ਜਲੂਰ ਕਾਂਡ ਮੌਕੇ ਕੁਲਦੀਪ ਦੀ ਸ਼ਾਨਾਮੱਤੀ ਭੂਮਿਕਾ 'ਤੇ ਨਗਰ ਅਤੇ ਸਮੂਹ ਮਿਹਨਤਕਸ਼ ਭਾਈਚਾਰੇ ਨੂੰ ਮਾਣ ਹੈ। ਅਨੇਕਾਂ ਖ਼ਤਰੇ ਮੁੱਲ ਲੈ ਕੇ ਉਹ ਹੱਕ, ਸੱਚ ਅਤੇ ਇਨਸਾਫ ਦੇ ਹੱਕ ਵਿੱਚ ਸਿਦਕਦਿਲੀ ਨਾਲ਼ ਖੜ੍ਹਿਆ।

ਸ਼ਹੀਦ ਮਾਂ ਗੁਰਦੇਵ ਕੌਰ ਜਲੂਰ ਦੀ ਸ਼ਹਾਦਤ, ਸਾਲਾਨਾ ਬਰਸੀ, ਪਹਿਲੀ ਮਈ ਪੰਜਾਬੀ ਭਵਨ ਲੁਧਿਆਣਾ, ਸੂਬਾਈ ਸਾਲਾਨਾ ਮੇਲਾ ਗ਼ਦਰੀ ਬਾਬਿਆਂ ਦਾ, 22 ਮਾਰਚ ਖਟਕੜ ਕਲਾਂ ਸਾਲਾਨਾ ਸਮਾਗਮ, 23 ਮਾਰਚ ਤਲਵੰਡੀ ਸਲੇਮ ਪਾਸ਼ ਦੇ ਪਿੰਡ ਪਾਸ਼ ਹੰਸ ਰਾਜ ਯਾਦਗਾਰੀ ਸਾਲਾਨਾ ਸਮਾਗਮ, 27 ਸਤੰਬਰ ਗੁਰਸ਼ਰਨ ਭਾਅ ਜੀ ਦੀ ਯਾਦ 'ਚ ਇਨਕਲਾਬੀ ਰੰਗ ਮੰਚ ਦਿਹਾੜਾ ਸਮਾਗਮ, ਕਿਸਾਨ ਮੋਰਚਾ ਅਤੇ ਇਸ 26 ਮਈ 2024 ਨੂੰ ਬਰਨਾਲਾ ਵਿਖੇ ਲੋਕ ਸੰਗਰਾਮ ਰੈਲੀ ਮੌਕੇ ਉਸ ਦੇ ਮੰਚ ਤੋਂ ਗਾਏ ਗੀਤ ਲੋਕਾਂ ਦੇ ਮਨ ਦੀ ਸਲੇਟ 'ਤੇ ਉੱਕਰੇ ਹੋਏ ਹਨ।

ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਝੰਡੇ ਦੇ ਗੀਤ ਵਿਚ 'ਨੀ ਅੰਮੀਏ ਸਾਡੇ ਹਿੱਸੇ ਆਏ ਨਾ ਖੇਤ', 'ਗੀਤ ਹਾਂ ਮੈਂ ਗੀਤ ਹਾਂ' ਅਤੇ 'ਕੰਮ ਆਉਣਾ ਲੋਕ ਮੋਰਚਾ' ਵਰਗੇ ਗੀਤਾਂ ਨੇ ਸਰੋਤਿਆਂ, ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ।

ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਦੀ ਟੀਮ ਲਗਾਤਾਰ ਕੁਲਦੀਪ ਜਲੂਰ ਦੀ ਆਵਾਜ਼ ਵਿਚ ਗਾਏ ਗੀਤ 'ਅੰਮੀਏਂ ਸਾਡੇ ਹਿੱਸੇ ਆਏ ਨਾ ਖੇਤ' ਅਤੇ 'ਉੱਠੋ ਜਾਗੋ' ਵਰਗੇ ਉਸ ਦੇ ਗਾਏ ਗੀਤਾਂ 'ਤੇ ਕੋਰੀਓਗਰਾਫੀਆਂ ਕਰਦੇ ਆ ਰਹੇ ਹਨ।

ਦਾ ਮਿਊਜ਼ਿਕ ਫੈਕਟਰੀ ਫਗਵਾੜਾ (ਸੰਗੀਤ ਨਿਰਦੇਸ਼ਕ ਕਰਨੈਲ ਸਿੰਘ) ਅਤੇ ਸੰਗੀਤ ਸਟੂਡੀਓ ਪਿੰਡ ਚੱਕ ਦੇਸ ਰਾਜ (ਨਿਰਦੇਸ਼ਕ ਜੈਜਵੀਰ) ਕੋਲ ਉਹਨਾਂ ਦੀ ਸੁਰੀਲੀ ਆਵਾਜ਼ ਵਿਚ ਸਦਾਬਹਾਰ ਗੀਤ ਰਿਕਾਰਡ ਹੋਏ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਦੇਸ਼-ਵਿਦੇਸ਼ ਕਿੰਨੀਆਂ ਹੀ ਸੰਸਥਾਵਾਂ ਨੇ ਲੋਕਾਂ ਦੇ ਹਰਮਨ ਪਿਆਰੇ ਗਾਇਕ ਅਤੇ ਸੰਘਰਸ਼ਸ਼ੀਲ ਸਾਥੀ ਕੁਲਦੀਪ ਜਲੂਰ ਦੀ ਹਿਰਦੇਵੇਦਕ ਮੌਤ 'ਤੇ ਪਰਵਾਰ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ਼ ਦੁੱਖ ਸਾਂਝਾ ਕੀਤਾ ਅਤੇ ਉਸ ਦਾ ਕਾਜ਼ ਪੂਰਾ ਕਰਨ ਦਾ ਅਹਿਦ ਲਿਆ। ਇਹ ਚਿੱਟੇ ਦਿਨ ਵਰਗਾ ਸੱਚ ਹੈ ਕਿ ਆਰਥਿਕ ਤੰਗੀਆਂ, ਜਾਨ ਹੂਲਵੀਂ ਮਿਹਨਤ ਅਤੇ ਨਾਕਸ ਸਿਹਤ ਪ੍ਰਬੰਧ ਸਾਡੇ ਪਿਆਰੇ ਕੁਲਦੀਪ ਨੂੰ ਨਿਗਲ਼ ਗਿਆ।

ਉਸ ਨੇ 9 ਜੂਨ ਬਰਨਾਲਾ ਵਿਖੇ ਪਾਤਰ ਯਾਦਗਾਰੀ ਸ਼ਰਧਾਂਜਲੀ ਅਤੇ ਸਨਮਾਨ ਸਮਾਗਮ ਮੌਕੇ ਵੀ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਰੰਗ ਉਹਨਾਂ ਨੂੰ ਅਕੀਦਤ ਵਜੋਂ ਪੇਸ਼ ਕਰਨਾ ਸੀ, ਪਰ ਉਹ ਬਰਨਾਲਾ ਸਮਾਗਮ ਤੋਂ ਪਹਿਲਾਂ ਹੀ ਸੰਗੀਤ ਅਤੇ ਲੋਕ ਕਾਫ਼ਲੇ 'ਚੋਂ ਵਿੱਛੜ ਗਏ।ਉਸ ਦੀ ਮਖ਼ਮਲੀ ਆਵਾਜ਼ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੀ ਰਹੇਗੀ।

ਅੱਜ 14 ਜੂਨ ਦਿਨ ਸ਼ੁੱਕਰਵਾਰ 12 ਵਜੇ ਪਿੰਡ ਜਲੂਰ (ਸੁਨਾਮ-ਲਹਿਰਾਗਾਗਾ) ਵਿਖੇ ਕੁਲਦੀਪ ਜਲੂਰ ਨੂੰ ਵਿਸ਼ਾਲ ਲੋਕਾਈ ਅਕੀਦਤ ਪੇਸ਼ ਕਰੇਗੀ।

**—ਅਮੋਲਕ ਸਿੰਘ**

*(ਸੰਪਰਕ : 98778-68710)*

# ਚੋਰਾਂ ਵੱਲੋਂ ਮੋਟਰਸਾਈਕਲ ਰੇੜ੍ਹੀ ਤੇ ਸੰਗਲ ਚੋਰੀ



**ਭੁਲੱਥ (ਮਨਪ੍ਰੀਤ ਸਿੰਘ)** -ਕਸਬਾ ਭੁਲੱਥ ਅੰਦਰ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਚੋਰਾਂ ਨੇ ਫਿਰ ਕਸਬਾ ਭੁਲੱਥ ਅੰਦਰ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ । ਸਬ ਡਵੀਜ਼ਨ ਕਸਬਾ ਭੁਲੱਥ 'ਚ ਬੀਤੀ ਰਾਤ ਮੁਲਤਾਨੀ ਸੀਮਿੰਟ ਸਟੋਰ ਤੋਂ ਚੋਰਾਂ ਵਲੋਂ ਇਕ ਮੋਟਰਸਾਈਕਲ ਰੇੜ੍ਹੀ ਤੇ 4 ਕਿਲੋ ਦਾ ਸੰਗਲ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਟੋਰ ਦੇ ਮਾਲਕ ਲਖਵਿੰਦਰ ਸਿੰਘ ਪੁੱਤਰ ਸੂਬੇਦਾਰ ਸੰਗਤ ਸਿੰਘ ਨੇ ਦੱਸਿਆ ਕਿ ਉਹ ਰੋਜ਼ ਵਾਂਗ ਆਪਣੀ ਮੋਟਰਸਾਈਕਲ ਰੇੜ੍ਹੀ ਨੂੰ ਆਪਣੀ ਦੁਕਾਨ ਦੇ ਅੱਗੇ ਸੰਗਲ ਪਾ ਕੇ ਖੜ੍ਹੀ ਕਰਕੇ ਰਾਤ ਨੂੰ ਘਰ ਚਲੇ ਜਾਂਦੇ ਸੀ ਪਰ ਬੀਤੀ ਰਾਤ ਜਦ ਉਹ ਆਪਣੀ ਮੋਟਰਸਾਈਕਲ ਰੇੜ੍ਹੀ ਦੁਕਾਨ ਦੇ ਬਾਹਰ ਖੜ੍ਹੀ ਕਰਕੇ ਸੰਗਲ ਨਾਲ ਲਾਕ ਲਗਾ ਕੇ ਘਰ ਗਏ ਤਾਂ ਸਵੇਰੇ ਆ ਕੇ ਦੇਖਿਆ ਤਾਂ ਮੋਟਰਸਾਈਕਲ ਰੇੜ੍ਹੀ ਉਥੇ ਨਹੀਂ ਸੀ, ਜੋ ਚੋਰ ਚੋਰੀ ਕਰਕੇ ਲੈ ਗਏ ਸੀ । ਇਸ ਤੋਂ ਇਲਾਵਾ ਉਨ੍ਹਾਂ ਦਸਿਆ ਕਿ ਜਿਸ ਸੰਗਲ ਨਾਲ ਉਹ ਰੇੜ੍ਹੀ ਨੂੰ ਲਾਕ ਕਰਦੇ ਸੀ, ਉਸ ਸੰਗਲ ਦਾ ਭਾਰ 4 ਕਿਲੋ ਸੀ, ਉਹ ਸੰਗਲ ਵੀ ਚੋਰ ਲੈ ਗਏ । ਇਸ ਸਬੰਧੀ ਥਾਣਾ ਭੁਲੱਥ ਵਿਖੇ ਇਤਲਾਹ ਦੇ ਦਿੱਤੀ ਗਈ ਹੈ ।

# ਚਾਰ ਲੇਬਰ ਕੋਡ ਲਾਗੂ ਨਹੀਂ ਹੋਣ ਦੇਵਾਂਗੇ : ਸ਼ੇਖਰ

**ਖਰੜ (ਹਰਨਾਮ ਸਿੰਘ ਡੱਲਾ)**-ਭਾਰਤ ਦੀ ਮਜ਼ਦੂਰ ਜਥੇਬੰਦੀ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਨੇ ਪ੍ਰੈੱਸ ਦੇ ਨਾਂ ਬਿਆਨ ਦਿੰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ 2019 ਵਿੱਚ ਮਜ਼ਦੂਰਾਂ ਖਿਲਾਫ ਲਿਆਂਦੇ ਗਏ ਚਾਰ ਕੋਡ ਬਿੱਲਾਂ ਨੂੰ ਦੇਸ਼ ਵਿੱਚ ਲਾਗੂ ਨਹੀਂ ਕਰਨ ਦਿੱਤਾ ਜਾਵੇਗਾ। ਇਸ ਦੇ ਉਲਟ ਸਰਕਾਰ ਦਾ ਇਰਾਦਾ ਹੈ ਕਿ ਠੰਢੇ ਬਸਤੇ ਵਿੱਚ ਪਏ ਚਾਰ ਕੋਡ ਬਿੱਲ ਤੁਰੰਤ ਲਾਗੂ ਕਰਕੇ ਹੀ ਨਵੀਂ ਬਣੀ ਸਰਕਾਰ ਆਪਣਾ ਕੰਮ ਸ਼ੁਰੂ ਕਰੇਗੀ ਤਾਂ ਕਿ ਦੇਸ਼ ਦੇ ਪੂੰਜੀਪਤੀਆਂ ਪ੍ਰਤੀ ਵਫ਼ਾਦਾਰੀ ਦਿਖਾਈ ਜਾ ਸਕੇ। ਚੇਤੇ ਰਹੇ ਕਿ 2019 ਵਿੱਚ ਲਿਆਂਦੇ ਗਏ ਚਾਰ ਕੋਡ ਬਿੱਲ ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਉਣ, ਮਜ਼ਦੂਰਾਂ ਦੇ ਟਰੇਡ ਯੂਨੀਅਨ ਹੱਕ ਖੋਹ ਲੈਣ, ਈ ਐੱਸ ਆਈ ਸਹੂਲਤਾਂ ਨੂੰ ਕਮਜ਼ੋਰ ਕਰਨ, ਮਜ਼ਦੂਰ ਦੀ ਕੰਮ ਸਮੇਂ ਮੌਤ ਹੋ ਜਾਣ ਉੱਤੇ ਮੁਆਵਜ਼ੇ ਵਰਗੀਆਂ ਸਹੂਲਤਾਂ ਨੂੰ ਖਤਮ ਕਰਨ ਵੱਲ ਵਧਾਏ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤਰ੍ਹਾਂ ਸਾਬਤ ਹੋ ਰਿਹਾ ਹੈ ਕਿ ਬੀ ਜੇ ਪੀ ਸਰਕਾਰ ਕਿਰਤੀ ਲੋਕਾਂ ਦੀ ਸੇਵਾ ਦੀ ਬਜਾਏ ਕਾਰਪੋਰੇਟ ਘਰਾਣਿਆਂ ਲਈ ਕੰਮ ਕਰ ਰਹੀ ਹੈ।ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਕੇਂਦਰ ਦੀਆਂ ਕਿਰਤੀਆਂ ਵਿਰੁੱਧ ਨੀਤੀਆਂ ਨੂੰ ਅੰਸ਼ਕ ਰੂਪ ਵਿੱਚ ਲਾਗੂ ਕਰਨਾ ਸ਼ੁਰੂ ਕੀਤਾ ਹੋਇਆ ਹੈ। ਸੀਟੂ ਦੀ ਸੂਬਾ ਕਮੇਟੀ ਪੰਜਾਬ ਨੇ ਕੇਂਦਰ ਸਰਕਾਰ ਅਤੇ ਆਪ ਸਰਕਾਰ ਦੀਆਂ ਨੀਤੀਆਂ ਖਿਲਾਫ ਸਾਰੀਆਂ ਟਰੇਡ ਯੂਨੀਅਨਾਂ ਨੂੰ ਇੱਕ ਮੰਚ ਉੱਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।

# ਮਨਰੇਗਾ ਵਿਭਾਗ 'ਚ ਕੰਪਿਊਟਰ ਸਹਾਇਕ ਦੀ ਅਸਾਮੀ ਖਾਲੀ ਹੋਣ ਨਾਲ ਹੋ ਰਹੀ ਖੱਜਲ-ਖੁਆਰੀ : ਸਰਪੰਚ ਗੁਲਜ਼ਾਰ ਸਿੰਘ

**ਫਗਵਾੜਾ (ਡਾ. ਰਮਨ, ਢੱਡਾ)**- ਬਲਾਕ ਫਗਵਾੜਾ ਦੇ ਬੀ.ਡੀ.ਪੀ.ਓ. ਦਫਤਰ ਵਿਖੇ ਮਨਰੇਗਾ ਵਿਭਾਗ 'ਚ ਕੰਪਿਊਟਰ ਸਹਾਇਕ ਨਾ ਹੋਣ ਕਰਕੇ ਪਿੰਡਾਂ ਦੇ ਮਨਰੇਗਾ ਲੇਬਰ ਨਾਲ ਸਬੰਧਤ ਕੰਮਾਂ ਵਿੱਚ ਭਾਰੀ ਦਿੱਕਤ ਪੇਸ਼ ਆ ਰਹੀ ਹੈ। ਇਸ ਬਾਰੇ ਗੱਲਬਾਤ ਕਰਦਿਆਂ ਪਿੰਡ ਅਕਾਲਗੜ੍ਹ ਦੇ ਸਰਪੰਚ ਗੁਲਜ਼ਾਰ ਸਿੰਘ ਨੇ ਦੱਸਿਆ ਕਿ ਕਰੀਬ 8-10 ਮਹੀਨੇ ਪਹਿਲਾਂ ਕੰਪਿਊਟਰ ਸਹਾਇਕ ਦੀ ਬਦਲੀ ਹੋ ਚੁੱਕੀ ਹੈ ਪਰ ਉਸ ਦੀ ਜਗ੍ਹਾ ਕੋਈ ਵੀ ਦੂਸਰਾ ਕੰਪਿਊਟਰ ਸਹਾਇਕ ਨਹੀਂ ਲਗਾਇਆ ਗਿਆ। ਵਿਭਾਗ ਦਾ ਕੰਪਿਊਟਰ ਏ.ਪੀ.ਓ ਫਗਵਾੜਾ ਜਾਂ ਗ੍ਰਾਮ ਸੇਵਕਾਂ ਵਲੋਂ ਓਪਰੇਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਧਿਕਾਰੀਆਂ ਦੇ ਪਹਿਲਾਂ ਹੀ ਹੋਰ ਬਹੁਤ ਰੁਝੇਵੇਂ ਹਨ ਅਤੇ ਉਨ੍ਹਾਂ ਕੋਲ ਕੰਪਿਊਟਰ 'ਤੇ ਕੰਮ ਕਰਨ ਦਾ ਸਮਾਂ ਹੀ ਨਹੀਂ। ਫਗਵਾੜਾ ਬਲਾਕ ਨੂੰ ਕਰੀਬ 90 ਪੰਚਾਇਤਾਂ ਲਗਦੀਆਂ ਹਨ ਅਤੇ ਕੰਪਿਊਟਰ ਸਹਾਇਕ ਨਾ ਹੋਣ ਕਰਕੇ ਉਨ੍ਹਾਂ ਨੂੰ ਭਾਰੀ ਖੱਜਲ ਖੁਆਰੀ ਪੇਸ਼ ਆ ਰਹੀ ਹੈ। ਉਨ੍ਹਾਂ ਬੀ.ਡੀ.ਪੀ.ਓ. ਫਗਵਾੜਾ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਪੰਚਾਇਤ ਨੂੰ ਪੇਸ਼ ਆ ਰਹੀ ਇਸ ਦਿੱਕਤ ਅਤੇ ਗਰਮੀ ਦੇ ਮੌਸਮ 'ਚ ਵਿਭਾਗ ਦੇ ਦਫਤਰ 'ਚ ਹੋ ਰਹੀ ਰੋਜ਼ਾਨਾ ਦੀ ਖੱਜਲ ਖੁਆਰੀ ਨੂੰ ਦੇਖਦੇ ਹੋਏ ਪਹਿਲ ਦੇ ਅਧਾਰ 'ਤੇ ਬੀ.ਡੀ.ਪੀ.ਓ. ਦਫਤਰ ਫਗਵਾੜਾ ਦੇ ਮਨਰੇਗਾ ਵਿਭਾਗ ਵਿਚ ਕੰਪਿਊਟਰ ਸਹਾਇਕ ਦੀ ਖਾਲੀ ਅਸਾਮੀ ਨੂੰ ਭਰਿਆ ਜਾਵੇ, ਤਾਂ ਕਿ ਮਨਰੇਗਾ ਵਿਭਾਗ ਦਾ ਕੰਮ ਸਮੇਂ ਸਿਰ ਹੋ ਸਕੇ। ਉਨ੍ਹਾਂ ਦੱਸਿਆ ਕਿ ਪੰਚਾਇਤਾਂ ਦਾ ਕਾਰਜਕਾਲ ਪੂਰਾ ਹੋਏ ਕਰੀਬ ਛੇ ਮਹੀਨੇ ਹੋ ਰਹੇ ਹਨ ਜਿਸ ਕਰਕੇ ਸਰਪੰਚ ਕਿਸੇ ਵੀ ਜ਼ਰੂਰੀ ਦਸਤਾਵੇਜ਼ 'ਤੇ ਸਰਪੰਚ ਦੀ ਮੋਹਰ ਨਹੀਂ ਲਗਾ ਸਕਦੇ ਅਤੇ ਜੇਕਰ ਉਹ ਸਾਬਕਾ ਸਰਪੰਚ ਦੀ ਮੋਹਰ ਲਗਾਉਂਦੇ ਹਨ ਤਾਂ ਉਸ ਮੋਹਰ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੱਸਿਆ ਕਿ ਪਿੰਡ ਅਕਾਲਗੜ੍ਹ ਚ ਨੰਬਰਦਾਰ ਵੀ ਨਹੀਂ ਹੈ। ਜਿਸ ਕਰਕੇ ਉਨ੍ਹਾਂ ਦੇ ਪਿੰਡ ਵਾਸੀਆਂ ਨੂੰ ਖਾਸ ਤੌਰ 'ਤੇ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਸਕੂਲੀ ਬੱਚੇ ਆਪਣੇ ਜ਼ਰੂਰੀ ਦਸਤਾਵੇਜ਼ ਤਸਦੀਕ ਕਰਵਾਉਣ ਲਈ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਪੰਚਾਇਤੀ ਚੋਣਾਂ ਵੀ ਕਰਵਾਈਆਂ ਜਾਣ। ਜਦੋਂ ਤੱਕ ਪੰਚਾਇਤੀ ਚੋਣਾਂ ਨਹੀਂ ਹੁੰਦੀਆਂ ਉਦੋਂ ਤੱਕ ਸਰਪੰਚਾਂ ਨੂੰ ਕਾਰਜਕਾਰੀ ਸਰਪੰਚ ਵਜੋਂ ਜ਼ਰੂਰੀ ਦਸਤਾਵੇਜ਼ ਤਸਦੀਕ ਕਰਨ ਦਾ ਅਧਿਕਾਰ ਦਿੱਤਾ ਜਾਵੇ।

# ਪੰਜਾਬ ਦੇ ਮੁੱਖ ਮੰਤਰੀ ਲਈ ਐਕਸੀਅਨ ਗੁਰਾਇਆ ਨੂੰ ਦਿੱਤਾ ਮੰਗ ਪੱਤਰ



**ਗੁਰਾਇਆ (ਬਿੰਦਰ ਸੁਮਨ)**-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੱਦੇ ਤਹਿਤ ਅੱਜ ਪਾਵਰਕੌਮ ਦੀ ਸਥਾਨਕ ਡਵੀਜ਼ਨ ਦੇ ਐਕਸੀਅਨ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਤੋਂ ਪਹਿਲਾ ਕਿਸਾਨ ਆਗੂਆਂ ਨੇ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਢਿੱਲੀਆਂ ਤਾਰਾਂ, ਟਰਾਂਸਫਾਰਮਾਰਾਂ ਦਾ ਰੱਖ ਰਖਾਵ, ਖੇਤਾਂ 'ਚ ਰਿਹਾਇਸ਼ੀ ਲੋੜ ਲਈ 24 ਘੰਟੇ ਬਿਜਲੀ ਸਪਲਾਈ ਵਰਗੇ ਮੁੱਦੇ ਵਿਚਾਰੇ ਗਏ। ਇਸ ਦੌਰਾਨ ਝੋਨੇ ਦੇ ਸੀਜ਼ਨ ਲਈ ਕਿਸਾਨਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਲਈ ਵੀ ਚਰਚਾ ਕੀਤੀ ਗਈ।ਅੱਜ ਦੇ ਜਨਤਕ ਵਫ਼ਦ ਦੀ ਅਗਵਾਈ ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਢੇਸੀ, ਸੁਰਿੰਦਰ ਸਿੰਘ ਰੁੜਕੀ, ਜਸਬੀਰ ਸਿੰਘ ਆਦਿ ਨੇ ਕੀਤੀ। ਗੱਲਬਾਤ ਸੁਣਨ ਉਪਰੰਤ ਐਕਸੀਅਨ ਸੁਖਬੀਰ ਸਿੰਘ ਧੀਮਾਨ ਨੇ ਯਕੀਨ ਦਿਵਾਇਆ ਕਿ ਝੋਨੇ ਦੌਰਾਨ ਕਿਸੇ ਵੀ ਕਿਸਾਨ ਨੂੰ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਹਰ ਸਬ ਡਵੀਜ਼ਨ 'ਤੇ ਦੋ-ਦੋ ਵਾਧੂ ਟਰਾਂਸਫਾਰਮਰ ਰੱਖੇ ਜਾਣਗੇ ਤਾਂ ਜੋ ਲੋੜ ਪੈਣ 'ਤੇ ਤੁਰੰਤ ਬਦਲੇ ਜਾ ਸਕਣ। ਮਗਰੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਵਰਕੌਮ ਦੇ ਚੇਅਰਮੈਨ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ, ਜਿਸ 'ਚ ਮੁਲਾਜ਼ਮਾਂ ਦੀ ਨਵੀਂ ਭਰਤੀ ਕਰਨ, ਚਿੱਪ ਵਾਲੇ ਮੀਟਰ ਲਾਉਣੇ ਬੰਦ ਕਰਨ, ਬਿਨਾਂ ਫੀਸ ਤੋਂ ਲੋਡ ਵਧਾਉਣ ਸਮੇਤ ਹੋਰ ਮੰਗਾਂ ਸ਼ਾਮਲ ਸਨ। ਇਸ ਮੌਕੇ ਮਨਜਿੰਦਰ ਸਿੰਘ ਢੇਸੀ, ਮੱਖਣ ਸੰਗਰਾਮੀ, ਮਨਜੀਤ ਸੂਰਜਾ, ਗਿਆਨ ਸਿੰਘ ਰੁੜਕਾ, ਬਲਜੀਤ ਸਿੰਘ ਪੀਤੂ, ਮੱਖਣ ਸਿੰਘ ਰੁੜਕਾ, ਸੰਤੋਖ ਸਿੰਘ ਰੁੜਕੀ, ਤਰਸੇਮ ਸਿੰਘ ਰੁੜਕੀ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ 'ਚ ਲਗਾਇਆ ਪਲੇਸਮੈਂਟ ਕੈਂਪ




**ਨਵਾਂਸ਼ਹਿਰ, (ਮਨੋਜ ਲਾਡੀ)**-ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਨਵਜੋਤਪਾਲ ਸਿੰਘ ਰੰਧਾਵਾ ਦੀ ਅਗਵਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਬਿਊਰੋ ਵਿੱਚ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ।ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਜੀਵ ਕੁਮਾਰ ਵੱਲੋਂ ਦੱਸਿਆ ਗਿਆ ਕਿ ਪਲੇਸਮੈਂਟ ਕੈਂਪ ਵਿੱਚ ਚੈਕਮੇਟ ਸਰਵਿਸਜ਼ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਨੁਮਾਇੰਦਿਆਂ ਵਲੋਂ ਸਕਿਊਰਟੀ ਗਾਰਡਜ਼ ਦੀ ਅਸਾਮੀ ਲਈ ਉਮੀਦਵਾਰਾਂ ਦੀ ਇੰਟਰਵਿਊ ਕੀਤੀ ਗਈ। ਪਲੇਸਮੈਂਟ ਕੈਂਪ ਦੌਰਾਨ 16 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ। ਨਿਯੋਜਕ ਵੱਲੋਂ 11 ਉਮੀਦਵਾਰਾਂ ਨੂੰ ਸਕਿਊਰਟੀ ਗਾਰਡ ਦੀ ਅਸਾਮੀ ਲਈ ਸ਼ਾਰਟਲਿਸਟ ਕੀਤਾ ਗਿਆ। ਅਧਿਕਾਰੀ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਹਫ਼ਤੇ ਵਿੱਚ ਦੋ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ।ਇਸ ਸਬੰਧ ਵਿੱਚ ਪਲੇਸਮੈਂਟ ਅਫ਼ਸਰ ਅਮਿਤ ਕੁਮਾਰ ਨਾਲ ਦਫ਼ਤਰੀ ਸਮੇਂ ਦੌਰਾਨ 85917—27775 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੇਂਦਰੀ ਅਖੰਡ ਕੀਰਤਨ ਸਮਾਗਮ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸ਼ਹੀਦਾਂ ਦੇ ਸਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਵੱਲੋਂ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਰੈਣ ਸਬਾਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ । ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜਥੇਦਾਰ ਪਰਮਜੀਤ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਰੈਣ ਸਬਾਈ ਕੀਰਤਨ ਸਮਾਗਮ ਵਿੱਚ ਪੰਜਾਬ, ਹਰਿਆਣਾ, ਦਿੱਲੀ ਅਤੇ ਦੇਸ਼ ਭਰ ਤੋਂ ਆਏ ਭਾਈ ਮਲਕੀਤ ਸਿੰਘ ਫਗਵਾੜਾ, ਭਾਈ ਸਤਨਾਮ ਸਿੰਘ ਗੁਰਦਾਸਪੁਰ, ਭਾਈ ਮਨਮੋਹਨ ਸਿੰਘ ਜਲੰਧਰ, ਭਾਈ ਕੁਲਵੰਤ ਸਿੰਘ ਕਾਕੀ ਪਿੰਡ, ਭਾਈ ਮਨਜੀਤ ਸਿੰਘ ਫਗਵਾੜਾ, ਬੀਬੀ ਸਤਵਿੰਦਰ ਕੌਰ ਜ਼ੀਰਕਪੁਰ, ਬੀਬੀ ਹਰਸ਼ਰਨ ਕੌਰ ਆਸਟਰੇਲੀਆ, ਭਾਈ ਸੂਰਵੀਰ ਸਿੰਘ ਹੇਮਕੁੰਟ ਵਾਲੇ, ਬੀਬੀ ਗੁਰਜੀਤ ਕੌਰ, ਬੀਬੀ ਜਸਪਾਲ ਕੌਰ, ਭਾਈ ਪਰਮਜੀਤ ਸਿੰਘ ਜਥੇਦਾਰ, ਬੀਬੀ ਜਪਨੀਤ ਕੌਰ ਅਤੇ ਹੋਰ ਵੱਖ ਵੱਖ ਕੀਰਤਨੀ ਜਥਿਆਂ ਨੇ ਧੁਰਕੀ ਬਾਣੀ ਦੇ ਰਸਭਿੰਨੇ ਕੀਰਤਨ ਅਤੇ ਵਾਹਿਗੁਰੂ ਸਿਮਰਨ ਦੇ ਨਾਲ ਸੰਗਤਾਂ ਨੇ ਗੁਰੂ ਚਰਨਾਂ ਦੇ ਨਾਲ ਜੋੜਿਆ । ਅੰਮ੍ਰਿਤ ਵੇਲੇ ਤੱਕ ਚੱਲੇ ਇਸ ਰੈਣ ਸਬਾਈ ਕੀਰਤਨ ਸਮਾਗਮ ਦੌਰਾਨ ਸੰਗਤਾਂ ਨੂੰ ਡਰਾਈ ਫਰੂਟ ਅਤੇ ਫਲ ਫਰੂਟਾਂ ਦੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਖੰਡ ਕੀਰਤਨੀ ਜਥੇ ਦੇ ਭਾਈ ਝਰਮਲ ਸਿੰਘ ਰਿਟਾ. ਜ਼ਿਲ੍ਹਾ ਖੇਡ ਅਫ਼ਸਰ, ਡਾਕਟਰ ਭਾਈ ਪਰਮਜੀਤ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਸੂਰਵੀਰ ਸਿੰਘ, ਡਾਕਟਰ ਸੁਖਮਿੰਦਰ ਸਿੰਘ, ਪ੍ਰੀਤਮ ਸਿੰਘ ਪਿੱਪਲਾਂਵਾਲਾ, ਬੀਬੀ ਰਣਜੀਤ ਕੌਰ, ਬੀਬੀ ਜਸਪਾਲ ਕੌਰ ਅਤੇ ਹੋਰ ਸੰਗਤਾਂ ਸ਼ਾਮਿਲ ਹੋਈਆਂ।

# ਵਾਲਮੀਕਿ ਐਕਸ਼ਨ ਫੋਰਸ ਪੰਜਾਬ ਵੱਲੋਂ ਧਰਤੀ ਹੇਠਲਾ ਪਾਣੀ ਬਚਾਉਣ ਲਈ ਜਾਗ੍ਰਿਤ ਮੁਹਿੰਮ ਚਲਾਈ ਜਾਏਗੀ : ਧਰਮਿੰਦਰ ਨੰਗਲ



**ਕਾਲਾ ਸੰਘਿਆਂ (ਮਨਜੀਤ ਮਾਨ)** ਵਾਲਮੀਕਿ ਐਕਸ਼ਨ ਫੋਰਸ ਪੰਜਾਬ ਦੇ ਸੂਬਾ ਪ੍ਰਧਾਨ ਧਰਮਿੰਦਰ ਨੰਗਲ ਵੱਲੋਂ ਮੁੱਖ ਦਫਤਰ ਪਿੰਡ ਨੰਗਲ ਜੀਵਨ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਜਥੇਬੰਦੀ ਦੇ ਆਗੂਆਂ ਦੇ ਨਾਲ ਮੀਟਿੰਗ ਕੀਤੀ ਅਤੇ ਵਾਤਾਵਰਨ ਸਬੰਧੀ ਅਤੇ ਧਰਤੀ ਹੇਠਲੇ ਪਾਣੀ ਸਬੰਧੀ ਆ ਰਹੀਆਂ ਦਿੱਕਤਾਂ ਪ੍ਰੇਸ਼ਾਨੀਆਂ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਅਤੇ ਪੰਜਾਬ ਅੰਦਰ ਆ ਰਹੀ ਸਮੱਸਿਆ ਆਉਣ ਬਾਰੇ ਵਿਚਾਰ ਪ੍ਰਗਟ ਕਰਦਿਆਂ ਜਥੇਬੰਦੀ ਵੱਲੋਂ ਪਾਣੀ ਬਚਾਓ ਜੀਵਨ ਬਚਾਓ ਤਹਿਤ ਮੁਹਿੰਮ ਚਲਾਉਣ ਅਤੇ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਫੈਸਲਾ ਲਿਆ । ਫੋਰਸ ਦੇ ਸੂਬਾ ਪ੍ਰਧਾਨ ਧਰਮਿੰਦਰ ਨੰਗਲ ਨੇ ਕਿਹਾ ਕਿ ਜਲਦ ਹੀ ਸਾਡੀ ਅਣਗਹਿਲੀ ਕਾਰਨ ਧਰਤੀ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਫਿਰ ਬੂੰਦ ਬੂੰਦ ਪਾਣੀ ਨੂੰ ਤਰਸਣਾ ਪਵੇਗਾ। ਇਹ ਸਭ ਜਾਣਦੇ ਹੋਏ ਵੀ ਸਾਡੇ ਲੋਕ ਪਾਣੀ ਜੋ ਜੀਵਨ ਦਾ ਅਹਿਮ ਹਿੱਸਾ ਹੈ ਉਸ ਨੂੰ ਨਹੀਂ ਸੰਭਾਲ ਰਹੇ ਅਤੇ ਪਾਣੀ ਨੂੰ ਜਾਇਆ ਕਰ ਰਹੇ ਹਾਂ ਅਤੇ ਕੁਝ ਫੈਕਟਰੀਆਂ ਅਤੇ ਕੁਝ ਹੋਰ ਲੋਕਾਂ ਵੱਲੋਂ ਪਾਣੀ ਨੂੰ ਗੰਧਲਾ ਅਤੇ ਦੂਸ਼ਿਤ ਕਰਨ ਵਿੱਚ ਵੀ ਕੋਈ ਕਮੀ ਪੇਸ਼ੀ ਨਹੀਂ ਛੱਡੀ ਜਾ ਰਹੀ।ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਪਾਣੀ ਦੀ ਇੱਕ ਇੱਕ ਬੂੰਦ ਲਈ ਤਰਸਣਾ ਪਵੇਗਾ। ਜੇਕਰ ਸਮਾਂ ਰਹਿੰਦਿਆਂ ਸਰਕਾਰ ਵੱਲੋਂ ਜਾਂ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਵੱਲੋਂ ਪਾਣੀ ਬਚਾਓ ਜੀਵਨ ਬਚਾਓ ਤਹਿਤ ਮੁਹਿੰਮ ਨਾਲ ਲੋਕਾਂ ਨੂੰ ਜਾਗਰਤ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਸਰਬ ਸਮਾਜ ਨੂੰ ਮਾਰੂਥਲ ਰੇਗਿਸਤਾਨ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ, ਪਰ ਉਸ ਸਮਾਂ ਲੰਘ ਚੁੱਕਾ ਹੋਵੇਗਾ ਅਤੇ ਫਿਰ ਪਛਤਾਇਆ ਵੀ ਕੁਝ ਨਹੀਂ ਹੋ ਸਕਦਾ । ਉਨ੍ਹਾਂ ਸਰਕਾਰ ਨੂੰ ਪਾਣੀ ਬਚਾਓ ਜੀਵਨ ਬਚਾਓ ਤਹਤ ਮੁਹਿੰਮ ਚਲਾ ਕੇ ਲੋਕਾਂ ਨੂੰ ਜਾਗਰਤ ਕਰਨ ਲਈ ਅਪੀਲ ਕੀਤੀ ਉੱਥੇ ਲੋਕਾਂ ਨੂੰ ਵੀ ਪਾਣੀ ਨੂੰ ਬਿਨਾਂ ਵਜਹਾ ਜਾਇਆ ਕਰਨ ਤੋਂ ਗੁਰੇਜ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਾਲਮੀਕਿ ਐਕਸ਼ਨ ਫੋਰਸ ਪੰਜਾਬ ਵੱਲੋਂ ਪਾਣੀ ਬਚਾਓ ਜੀਵਨ ਬਚਾਓ ਤਹਿਤ ਪਿੰਡਾਂ ਇਸ ਮੌਕੇ ਉੱਪ ਪੰਜਾਬ ਪ੍ਰਧਾਨ ਅਵਿਨਾਸ਼ ਹੇਅਰ ਯੂਥ ਪ੍ਰਧਾਨ ਬਲਕਾਰ ਸਹੋਤਾ ਸਕੱਤਰ ਪੰਜਾਬ ਧਰਮਪਾਲ ਗਿੱਲ ਸਪੋਰਟਸ ਵਿੰਗ ਪ੍ਰਧਾਨ ਮੇਜਰ ਸਿੰਘ ਸੀਨੀਅਰ ਉਪ ਪ੍ਰਧਾਨ ਪੰਜਾਬ ਲਵਪ੍ਰੀਤ ਲਿਤਰਾ ਸੀਨੀਅਰ ਉਪ ਪ੍ਰਧਾਨ ਪ੍ਰਭਦੀਪ ਦੀਪੂ ਯੂਥ ਪ੍ਰਧਾਨ ਪੰਜਾਬ ਪਵਨ ਕੁਮਾਰ ਸਿਟੀ ਪ੍ਰਧਾਨ ਲਖਵਿੰਦਰ ਤਹਿਸੀਲ ਪ੍ਰਧਾਨ ਦੀਪ ਸਹੋਤਾ ਜਿਲਾ ਪ੍ਰਧਾਨ ਤੀਰਥ ਵਜੂਹਾ ਪ੍ਰਧਾਨ ਗੁਰਪ੍ਰੀਤ ਸਿੰਘ ਅਮਰਜੀਤ ਸਿੰਘ ਗੁਰਜੀਤ ਸਿੰਘ ਨਿਰਮਲ ਸਿੰਘ ਅਤੇ ਜਥੇਬੰਦੀ ਦੇ ਹੋਰ ਆਗੂ ਸ਼ਾਮਲ ਸਨ।

# ਸ਼ਹੀਦੀ ਪੁਰਬ ਨੂੰ ਸਮਰਪਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਅੱਡਾ ਸਰਾਂ (ਜਸਵੀਰ ਕਾਜਲ)**-ਪੰਜਵੇਂ ਗੁਰੂ ਸ਼ਹੀਦਾ ਦੇ ਸਿਰਤਾਜ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਧੰਨ ਧੰਨ ਸੰਤ ਬਾਬਾ ਦ੍ਰਿਸਟਾ ਜੀ ਗੁਰਦੁਆਰਾ ਅਨੁਭਵ ਪ੍ਰਕਾਸ਼ ਅੱਡਾ ਸਰਾਂ ਰਾਮਪੁਰ ਦੀਆਂ ਸਮੂਹ ਸੰਗਤਾਂ ਵਲੋਂ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦਾ ਲੰਗਰ ਲਗਾਇਆ ਗਿਆ । ਇਸ ਮੌਕੇ ਪ੍ਰਧਾਨ ਜਤਿੰਦਰ ਸਿੰਘ, ਸਰਪੰਚ ਸੰਤ ਪ੍ਰਕਾਸ਼ ਸਿੰਘ,ਸਰਵਣ ਸਿੰਘ,ਜੋਗਾ ਸਿੰਘ ਹੈਂਡ ਗ੍ਰੰਥੀ, ਹਰਪ੍ਰੀਤ ਸਿੰਘ , ਬਲਵਿੰਦਰ ਸਿੰਘ, ਹਰਮਨਦੀਪ ਸਿੰਘ, ਬਿਕਰਮ ਜੀਤ ਸਿੰਘ,ਜਸਕਰਨ ਸਿੰਘ, ਮਹਿੰਦਰ ਸਿੰਘ, ਬਲਜੋਤ ਸਿੰਘ, ਪਰਮਾਨੰਦ, ਗੁਰਬਖਸ਼ ਸਿੰਘ, ਅਜੀਤ ਸਿੰਘ, ਅਸ਼ਵਨੀ ਕੁਮਾਰ, ਮਨੋਜ਼ ਕੁਮਾਰ, ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ!

# ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਅੱਡਾ ਸਰਾਂ ( ਜਸਵੀਰ ਕਾਜਲ)**-ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀਸ ਪੁਰਬ ਨੂੰ ਸਮਰਪਿਤ ਪਿੰਡ ਕੰਧਾਲਾ ਜੱਟਾਂ ਵਿੱਚ ਨੌਜਵਾਨ ਸਭਾ ਵੱਲੋਂ ਮਿਲਾਪ ਚੌਂਕ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।ਪੰਜਵੇਂ ਗੁਰੂ, ਸ਼ਹੀਦਾਂ ਦੇ ਸਰਤਾਜ, ਬਾਣੀ ਕੇ ਬੋਹਿਥ, ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਕੋਟਾਨ-ਕੋਟਿ ਪ੍ਰਣਾਮ ਕਰਦਿਆਂ ਅਤੇ ਗੁਰੂ ਸਾਹਿਬ ਜੀ ਦੀ ਅਰਦਾਸ ਕਰਨ ਉਪਰੰਤ ਠੰਡੇ ਮਿੱਠੇ ਜਲ ਦੀ ਛਬੀਲ ਦੀ ਆਰੰਭਤਾ ਕੀਤੀ ਗਈ।ਇਸ ਮੌਕੇ ਡਾ. ਅਮਰਜੀਤ ,ਬਲਵੀਰ ਸਿੰਘ ਬਹਿਰੀਨ, ਮੰਗਾ ,ਪ੍ਰਿੰਸ ,ਦੀਪ ਸੁੱਖਾ, ਤੇਜਪਾਲ ਸਿੰਘ ,ਅਮਨ, ਪਰਮਿੰਦਰ, ਰਾਜਵੀਰ, ਗੋਪੀ, ਪਿੰਦਾ ਜਸ਼ਨ, ਅੰਸ਼ੂ, ਅਮਨਦੀਪ ,ਕਿੰਦਾ, ਮਨਕੀਰਤ , ਕੇਤਨ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

# ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ (ਰਜਿ:) ਸੂਬਾ ਕਮੇਟੀ ਦੀ ਹੋਈ ਮੀਟਿੰਗ

ਹੁਸ਼ਿਆਰਪੁਰ, 13 ਜੂਨ (ਬਲਵੀਰ ਸੈਣੀ)-ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ (ਰਜਿ:) ਦੀ ਸੂਬਾ ਕਮੇਟੀ ਦੀ ਤਿਮਾਹੀ ਮੀਟਿੰਗ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਲੁਧਿਆਣਾ ਵਿਖੇ ਹੋਈ। ਪ੍ਰਧਾਨਗੀ ਮੰਡਲ ਵਿੱਚ ਮੱਖ ਸਲਾਹਕਾਰ ਬਖਸ਼ੀਸ਼ ਸਿੰਘ ਬਰਨਾਲਾ, ਸਰਪ੍ਰਸਤ ਮਦਨ ਗੋਪਾਲ ਸ਼ਰਮਾ, ਸੀ. ਮੀਤ ਪ੍ਰਧਾਨ ਪਿਆਰਾ ਸਿੰਘ, ਸੀ. ਮੀਤ ਪ੍ਰਧਾਨ ਤੇ ਸਪੋਕਸਮੈਨ ਰਾਜ ਕੁਮਾਰ ਅਰੋੜਾ, ਮੀਤ ਪ੍ਰਧਾਨ ਜਵੰਦ ਸਿੰਘ ਅਤੇ ਸੂਬਾ ਸਕੱਤਰ ਬਲਵੀਰ ਸਿੰਘ ਸੈਣੀ ਹਾਜ਼ਰ ਸਨ। ਮੀਟਿੰਗ ਦੇ ਸ਼ੁਰੂ ਵਿੱਚ ਉੱਘੇ ਸਾਹਿਤਕਾਰ ਮਰਹੂਮ ਸੁਰਜੀਤ ਪਤਾਰ ਅਤੇ ਪਿਛਲੀ ਤਿਮਾਹੀ ਦੌਰਾਨ ਵਿਛੜੇ ਪੈਨਸ਼ਨਰ ਸਾਥੀਆਂ ਪ੍ਰਤੀ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਵਲੋਂ ਪਿਛਲੀ ਤਿਮਾਹੀ ਦੌਰਾਨ ਕੀਤੀਆਂ ਗਈਆਂ ਜਥੇਬੰਦਕ ਕਾਰਵਾਈਆਂ ਸਬੰਧੀ ਵਿਸਥਾਰ ਸਹਿਤ ਰਿਪੋਰਟ ਜਾਣਕਾਰੀ ਦੇਣ ਉਪਰੰਤ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਵਲੋਂ ਪਿਛਲੀ ਤਿਮਾਹੀ ਦੌਰਾਨ ਕੀਤੀਆਂ ਜਥੇਬੰਦਕ ਕਾਰਵਾਈਆਂ ਅਤੇ ਪੰਜਾਬ ਗੌਰਮਿੰਟ ਪੈਨਸ਼ਨਰ ਸਾਂਝਾ ਫਰੰਟ ਦੀ ਮੁੜ ਸੁਰਜੀਤੀ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਮੋਦੀ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਉਮੀਦਵਾਰਾਂ ਨੂੰ ਹਰਾ ਕੇ ਦੋਵਾਂ ਸਰਕਾਰਾਂ ਨੂੰ ਸਬਕ ਸਿਖਾਉਣ ਲਈ ਪੰਜਾਬ ਦੇ ਸਮੁੱਚੇ ਪੈਨਸ਼ਨਰ ਸਾਥੀਆਂ ਵਲੋਂ ਏਕਤਾ ਦਾ ਸਬੂਤ ਦੇਣ ਲਈ ਧੰਨਵਾਦ ਕੀਤਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਜਗਤਾਰ ਸਿੰਘ ਆਂਸਲ ਤਰਨ ਤਾਰਨ, ਪ੍ਰਿੰ: ਪਿਆਰਾ ਸਿੰਘ ਮਾਹਿਲਪੁਰ, ਗੁਰਦੀਪ ਸਿੰਘ ਵਾਲੀਆ ਪਟਿਆਲਾ, ਹੁਸਲ ਲਾਲ ਰੋਪੜ, ਕਰਮਜੀਤ ਸ਼ਰਮਾ ਮੁਕਤਸਰ ਸਾਹਿਬ, ਆਰ.ਐਲ.ਪਾਂਧੀ, ਮਾ: ਬਨਵਾਰੀ ਲਾਲ, ਡਾ. ਸੁਖਦੇਵ ਸਿੰਘ ਢਿੱਲੋਂ, ਰਾਕ ਕੁਮਾਰ ਅਰੋੜਾ, ਅਜੀਤ ਸਿੰਘ ਫਤਿਹ ਚੱਕ ਤਰਨ ਤਾਰਨ, ਗੁਰਚਰਨ ਸਿੰਘ ਮਾਨਸਾ, ਸੁਰਿੰਦਰ ਸ਼ਰਮਾ ਮਹਿਲ ਕਲਾਂ, ਮਦਨ ਗੋਪਾਲ ਸ਼ਰਮਾ ਅੰਮ੍ਰਿਤਸਰ, ਜਵੰਦ ਸਿੰਘ ਗੁਰਦਾਸਪੁਰ, ਪਿਆਰਾ ਸਿੰਘ ਜਲੰਧਰ, ਬਖ਼ਸ਼ੀਸ਼ ਸਿੰਘ ਬਰਨਾਲਾ ਨੇ ਸੰਬੋਧਨ ਦੌਰਾਨ ਪਿਛਲੇ ਢਾਈ ਸਾਲਾਂ ਤੋਂ ਆਪਣੀਆਂ ਮੰਗਾਂ ਸਬੰਧੀ ਪੈਨਸ਼ਨਰ ਅਤੇ ਮੁਲਾਜ਼ਮ ਜਥੇਬੰਦੀਆਂ ਵਲੋਂ ਅਨੇਕਾਂ ਸੰਘਰਸ਼ ਕਰਨ ਉਪਰੰਤ ਮਾਨ ਸਰਕਾਰ ਵਲੋਂ ਮੀਟਿੰਗ ਲਈ ਸਮਾਂ ਦੇਣ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਮੀਟਿੰਗ ਵਿੱਚ ਹਾਜਰ ਨਾ ਹੋ ਕੇ ਕਿਸੇ ਵੀ ਮੰਗ ਦਾ ਨਿਪਟਾਰਾ ਕਰਨ ਤੋਂ ਮੂੰਹ ਮੋੜਨ ਨੂੰ ਪੈਨਸ਼ਨਰਾਂ ਤੇ ਮੁਲਾਜ਼ਮਾਂ ਨਾਲ ਕੋਝਾ ਮਜ਼ਾਕ ਦੱਸਿਆ।ਜਿਸ ਦੇ ਰੋਸ ਵਜੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਲਏ ਫੈਸਲੇ ਅਨੁਸਾਰ ਕੇਂਦਰ ਅਤੇ ਸੂਬਾ ਸਰਕਾਰ ਦੇ ਉਮੀਦਵਾਰਾਂ ਨੂੰ ਹਰਾਉਣ ਦੀ ਨੀਤੀ ਅਧੀਨ ਉਕਤ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਨਾ ਪਾਉਂਦੇ ਹੋਏ ਦੋਵਾਂ ਸਰਕਾਰਾਂ ਦੇ ਉਮੀਦਵਾਰਾਂ ਨੂੰ ਹਰਾ ਕੇ ਆਪਣੀ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਪੰਜਾਬ ਗੌਰਮਿੰਟ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨੂੰ ਵੀ ਜਥੇਬੰਦਕ ਗਤੀਵਿਧੀਆਂ ਤੇਜ਼ ਕਰਨ 'ਤੇ ਜ਼ੋਰ ਦਿੱਤਾ। ਆਗੂਆਂ ਨੇ ਪੈਨਸ਼ਨਰਾਂ ਤੇ 6ਵਾਂ ਤਨਖਾਹ ਕਮਿਸ਼ਨ ਲਾਗੂ ਨਾ ਕਰਕੇ ਪੂਰਾ ਲਾਭ ਨਾ ਦੇਣ, 2.59 ਦਾ ਗੁਣਾਂਕ ਲਾਗੂ ਨਾਲ ਕਰਨ, ਡੀ.ਏ. ਦੀਆਂ ਕਿਸ਼ਤਾਂ ਲਾਗੂ ਨਾ ਕਰਨ, ਏਰੀਅਰ ਨਾ ਦੇਣ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਨਾ ਕਰਨ, ਕੈਸ਼ਲੈਸ ਮੈਡੀਕਲ ਹੈਲਥ ਸਕੀਮ ਲਾਗੂ ਨਾ ਕਰਨ, ਕੇਂਦਰ ਤੇ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਅਤੇ ਮਾਨਯੋਗ ਵੱਖ ਵੱਖ ਅਦਾਲਤਾਂ ਵਲੋਂ ਪੈਨਸ਼ਨਰਾਂ ਦੇ ਹੱਕ ਵਿੱਚ ਦਿੱਤੇ ਫੈਸਲਿਆਂ ਨੂੰ ਵੀ ਲਾਗੂ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਉਨ੍ਹਾਂ ਇਹ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਅਜੇ ਵੀ ਨੀਂਦ ਤੋਂ ਨਾ ਉੱਠੀ ਤਾਂ ਆਉਣ ਵਾਲੀਆਂ ਜ਼ਿਮਨੀ, ਪੰਚਾਇਤੀ ਅਤੇ ਕੌਂਸਲਰਾਂ ਦੀਆਂ ਚੋਣਾਂ ਦੌਰਾਨ ਵੀ ਪੈਨਸ਼ਨਰ ਅਤੇ ਮੁਲਾਜ਼ਮ ਦੋਵਾਂ ਸਰਕਾਰਾਂ ਵਿਰੁੱਧ ਭੁਗਤਣ ਲਈ ਮਜਬੂਰ ਹੋਣਗੇ। ਮੀਟਿੰਗ ਦੌਰਾਨ ਇੱਕ ਮਤੇ ਰਾਹੀਂ ਸਰਬਸੰਮਤੀ ਨਾਲ ਪਟਵਾਰੀਆਂ ਵਲੋਂ ਕੀਤੀ ਹੜਤਾਲ ਨੂੰ ਲੈ ਕੇ ਸਰਕਾਰ ਵਲੋਂ ਤਨਖਾਹ ਕੱਟਣ ਅਤੇ ਪਟਵਾਰੀਆਂ ਦੇ ਪ੍ਰਧਾਨ ਨੂੰ ਸਸਪੈਂਡ ਕਰਨ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਹੜਤਾਲ ਦੇ ਸਮੇਂ ਦੀ ਕੱਟੀ ਤਨਖਾਹ ਜਾਰੀ ਕੀਤੀ ਜਾਵੇ ਅਤੇ ਸਸਪੈਂਡ ਕੀਤੇ ਪ੍ਰਧਾਨ ਨੂੰ ਤੁਰੰਤ ਬਹਾਲ ਕੀਤਾ ਜਾਵੇ।

# ਦੁਕਾਨ ਦਾ ਸ਼ਟਰ ਤੋੜ ਕੇ 1 ਲੱਖ 75 ਹਜ਼ਾਰ ਰੁਪਏ ਚੋਰੀ

**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਰੋਡ 'ਤੇ ਸਥਿਤ ਮਨੋਹਰ ਲਾਲ ਦੀਪਕ ਆੜ੍ਹਤ ਦੀ ਦੁਕਾਨ 'ਚੋਂ ਚੋਰਾਂ ਵੱਲੋਂ 1 ਲੱਖ 75 ਹਜ਼ਾਰ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ।ਦੁਕਾਨ ਮਾਲਕ ਦੀਪਕ ਅਰੋੜਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਰਾਤ ਸਮੇਂ ਦੁਕਾਨ ਬੰਦ ਕਰਕੇ ਘਰ ਨੂੰ ਚਲੇ ਗਏ ਸੀ। ਜਦੋਂ ਸਵੇਰੇ 9 ਵਜੇ ਤੋਂ ਬਾਅਦ ਦੁਕਾਨ 'ਤੇ ਆਏ ਤਾਂ ਦੁਕਾਨ ਦਾ ਸ਼ਟਰ ਟੁੱਟਾ ਪਿਆ ਸੀ । ਜਦੋਂ ਅੰਦਰ ਆ ਕੇ ਦੇਖਿਆ ਤਾਂ ਦਰਾਜ ਵਿੱਚ ਪਏ 50,000 ਰੁਪਏ, ਟਰੰਕ 'ਚੋਂ 1 ਲੱਖ 20 ਹਜ਼ਾਰ ਤੇ 5000 ਰੁਪਏ ਅਲਮਾਰੀ ਵਿੱਚੋਂ ਚੋਰੀ ਹੋ ਚੁੱਕੇ ਸਨ । ਚੋਰੀ ਦੀ ਵਾਰਦਾਤ ਸਬੰਧੀ ਥਾਣਾ ਭੁਲੱਥ ਨੂੰ ਇਤਲਾਹ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਕੈਮਰਿਆਂ ਦਾ ਡੀ.ਵੀ.ਆਰ ਚੋਰ ਚੋਰੀ ਕਰਕੇ ਲੈ ਗਏ ।


ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ | ਪੰਜਾਬ ਐਂਡ ਸਿੰਧ ਬੈਂਕ (ਭਾਰਤ ਸਰਕਾਰ ਦਾ ਉਪਕ੍ਰਮ) | ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ | PUNJAB & SIND BANK (A GOVT. OF INDIA UNDERTAKING)

ZO : MODEL TOWN JALANDHAR | Where Service is a way of life | ZO : MODEL TOWN JALANDHAR

**ਡਿਮਾਂਡ ਨੋਟਿਸ**

ਸਕਿਊਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਊਰਟੀ ਇੰਟਰੈਸਟ ਐਕਟ, 2002 (ਇਸ ਤੋਂ ਬਾਅਦ 'ਐਕਟ' ਵੱਲੋਂ ਹਵਾਲਾ) ਦੇ ਸੈਕਸ਼ਨ 13 (2) ਤਹਿਤ ਨੋਟਿਸ ਹੇਠਾਂ ਦਰਸਾਏ ਸਾਰੇ ਕਰਜ਼ਦਾਰਾਂ/ਗਰੰਟਰਾਂ/ਸਹਿ-ਜ਼ਿੰਮੇਵਾਰਾਂ ਨੂੰ ਨੋਟੀਫਾਈ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਲਏ ਗਏ ਕਰਜ਼ੇ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ ਸੰਬੰਧਤ ਮਿਤੀਆਂ 'ਤੇ ਐੱਨ ਪੀ ਏ ਹੋ ਗਏ ਹਨ। ਨਿਮਨ ਹਸਤਾਖਰੀ ਨੇ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ਼ ਸਕਿਊਰਟੀ ਇੰਟਰੈਸਟ ਐਕਟ, (2002 ਦਾ 54) ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਸੰਬੰਧਤ ਡਿਮਾਂਡ ਨੋਟਿਸਾਂ 'ਚ ਦਰਸਾਈ ਰਕਮ ਨੋਟਿਸ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਇਹ ਡਿਮਾਂਡ ਨੋਟਿਸ ਬਦਲਵੇਂ ਢੰਗ ਨਾਲ ਵੀ ਤਾਮੀਲ ਲਈ ਭੇਜੇ ਗਏ ਸਨ। ਇਸ ਲਈ ਤੁਹਾਨੂੰ ਹਰੇਕ ਨੂੰ ਇਸ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਹੇਠਾਂ ਦਰਸਾਈ ਬਕਾਇਆ ਰਕਮ ਇਕੱਠਿਆਂ ਜਾਂ ਵੱਖ-ਵੱਖ ਤੌਰ 'ਤੇ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫ਼ਲ ਰਹਿਣ 'ਤੇ ਬੈਂਕ ਸੈਕਸ਼ਨ 13 ਏ ਸਬ-ਸੈਕਸ਼ਨ (4) ਅਤੇ ਐਕਟ ਦੀਆਂ ਲਾਗੂ ਹੋਰ ਵਿਵਸਥਾਵਾਂ ਤਹਿਤ ਸਾਰੇ ਜਾਂ ਕਿਸੇ ਇੱਕ ਅਧਿਕਾਰ ਦੀ ਵਰਤੋਂ ਕਰੇਗਾ। ਇਹ ਦੱਸਣ ਦੀ ਲੋੜ ਨਹੀਂ ਕਿ ਇਹ ਨੋਟਿਸ ਬੈਂਕ ਨੂੰ ਪ੍ਰਾਪਤ ਕਿਸੇ ਹੋਰ ਉਪਾਅ ਤੋਂ ਬਿਨਾਂ ਪੱਖਪਾਤ ਤੁਹਾਨੂੰ ਸੰਬਧਤ ਕੀਤਾ ਗਿਆ ਹੈ।

| ਬ੍ਰਾਂਚ/ਕਰਜ਼ਦਾਰਾਂ/ ਗਰੰਟਰਾਂ ਦਾ ਨਾਂਮ | ਚੱਲ/ਅਚੱਲ ਜਾਇਦਾਦ ਦਾ ਵੇਰਵਾ | ਸੈਕਸ਼ਨ 13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਰਕਮ |
|---|---|---|---|
| ਪੀ ਐੱਸ ਬੀ ਕੰਪਲੈਕਸ | | | |
| (1) ਸ੍ਰੀ ਬਿੱਟੂ ਪੁੱਤਰ ਸ੍ਰੀ ਸ਼ੀਤਲ ਰਾਹੀਂ ਕਾਨੂੰਨੀ ਵਾਰਸਾਂ : (ਏ) ਸੁਨੀਤਾ ਪਤਨੀ ਸ੍ਰੀ ਬਿੱਟੂ (ਬੀ) ਅਮਿਤ ਮਹਿਤੋ ਪੁੱਤਰ ਬਿੱਟੂ (ਸੀ) ਅਰਜੁਨ ਮਹਿਤੋ ਪੁੱਤਰ ਬਿੱਟੂ, ਸਾਰੇ ਵਾਸੀ ਡਬਲਯੂ ਜੀ 411, ਨੌਵਾਂ ਸੁਰਾਜਗੰਜ, ਤਹਿਸੀਲ ਤੇ ਜ਼ਿਲ੍ਹਾ ਜਲੰਧਰ (2) ਸੁਨੀਤਾ ਪਤਨੀ ਸ੍ਰੀ ਬਿੱਟੂ, ਡਬਲਯੂ ਜੀ 411, ਨੌਵਾਂ ਸੁਰਾਜਗੰਜ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ। | ਜਾਇਦਾਦ : 1. ਬੈਨਾਮਾ ਨੰ. 13642 ਮਿਤੀ 15.03.2013 ਅਨੁਸਾਰ ਸੁਨੀਤਾ ਪਤਨੀ ਬਿੱਟੂ ਦੇ ਨਾਂਅ 'ਤੇ ਜਾਇਦਾਦ ਰਕਬਾ 3 ਮਰਲੇ 221 ਵਰਗ ਫੁੱਟ, ਰਾਜਨ ਨਗਰ, ਬਸਤੀ ਪੀਰਦਾਦ ਖਾਨ ਜਲੰਧਰ। ਜਾਇਦਾਦ ਨੰ. 2 : ਬੈਨਾਮਾ ਨੰ. 7723 ਮਿਤੀ 30.01.2017 ਅਨੁਸਾਰ ਬਿੱਟੂ ਪੁੱਤਰ ਸ਼ੀਤਲ ਦੇ ਨਾਂਅ 'ਤੇ ਵਪਾਰਕ ਦੁਕਾਨ, ਰਕਬਾ 110.50 ਵਰਗ ਫੁੱਟ, ਬਸਤੀ ਮਿੱਠੂ, ਜਲੰਧਰ। ਹੱਦਾਂ : ਪੂਰਬ : ਬੈਨਾਮੇ ਅਨੁਸਾਰ, ਪੱਛਮ : ਬੈਨਾਮੇ ਅਨੁਸਾਰ, ਉਤਰ : ਬੈਨਾਮੇ ਅਨੁਸਾਰ | 04.06.2024 | ਰੁਪਏ 5,28,037.51/- (ਪੰਜ ਲੱਖ ਅਠਾਈ ਹਜ਼ਾਰ ਸੈਂਤੀ ਰੁਪਏ ਅਤੇ ਇਕਵੰਜਾ ਪੈਸੇ ਕੇਵਲ) 31.05.2024 ਤੱਕ ਵਿਆਜ ਸ਼ਾਮਲ |

ਮਿਤੀ : 14.06.2024 | ਸਥਾਨ : ਜਲੰਧਰ | ਅਧਿਕਾਰਤਾ ਅਫਸਰ, ਪੰਜਾਬ ਐਂਡ ਸਿੰਧ ਬੈਂਕ